
ਕਲਮ



ਅਪ੍ਰੈਲ
1998

ਨਾਂ ਤੁਝ ਸੇ ਗ਼ਰਜ਼ ਹੈ ਨਾਂ ਸੂਰਤ ਸੇ ਤੇਰੀ
ਮੁਸੱਵਰ ਕੀ ਹਮ ਤੋ 'ਕਲਮ' ਦੇਖਤੇ ਹੈਂ ।

ਮਾਸਿਕ

ਕਲਮ

ਸਾਲ ਪਹਿਲਾ, ਅੰਕ ਪਹਿਲਾ, ਅਪ੍ਰੈਲ 1998

ਮੁਲ	:	15 ਰੁਪਏ
ਸਾਲਾਨਾ ਚੰਦਾ	:	150 ਰੁਪਏ
ਅਮਰੀਕਾ	:	30 ਡਾਲਰ
ਇੰਗਲੈਂਡ ਅਤੇ ਯੂਰੋਪ	:	20 ਪੌਂਡ
ਕੈਨੇਡਾ	:	35 ਡਾਲਰ

ਸਾਲਾਨਾ ਚੰਦਾ ਮਨੀਆਰਡਰ ਜਾਂ ਬੈਂਕ ਡਰਾਫ਼ਟ ਰਾਹੀਂ ਕੇਵਲ 'ਕਲਮ' ਜਾਂ 'ਐਡੀਟਰ ਕਲਮ' ਦੇ ਨਾਂ ਹੇਠ ਲਿਖੇ ਪਤੇ ਤੇ ਭੇਜਿਆ ਜਾਵੇ।

KALAM (Monthly)
Kartar Niwas,
P-64, Kartarpura
Yamuna Nagar (Haryana) 135 001
Phone : 01732-28064

ਡਾ. ਕਰਤਾਰ ਸਿੰਘ ਸੂਰੀ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਲਿਬ੍ਰਟੀ ਪ੍ਰਿੰਟਰਜ਼, ਮੀਨਾ ਬਾਜ਼ਾਰ, ਯਮੁਨਾ ਨਗਰ ਤੋਂ ਛਪਵਾ ਕੇ ਦਫ਼ਤਰ 'ਕਲਮ' ਪੀ-64, ਕਰਤਾਰਪੁਰਾ, ਯਮੁਨਾਨਗਰ ਤੋਂ 25 ਮਾਰਚ 1998 ਨੂੰ ਪ੍ਰਕਾਸ਼ਿਤ ਕੀਤਾ।

'ਕਲਮ' ਹਾਜ਼ਰ ਹੈ.........

ਬੜੇ ਚਿਰ ਤੋਂ ਮੇਰੀ ਰੀਝ ਸੀ ਪੰਜਾਬੀ ਦਾ ਇਕ ਨਿਰੋਲ ਸਾਹਿੱਤਕ ਮੱਯਾਰੀ ਮਾਸਿਕ-ਪੱਤਰ ਕੱਢਣ ਦੀ। ਪਰ ਇਹ ਪੂਰੀ ਨਾਂ ਹੋ ਸਕੀ, ਕਿਉਂਕਿ ਯੂਨੀਵਰਸਟੀਆਂ ਦੇ ਅਕਾਦਮਿਕ ਮਾਹੌਲ ਵਿਚ ਅਨੇਕਾਂ ਪ੍ਰਕਾਰ ਦੇ ਅਧਿਆਪਨ, ਖੋਜ ਤੇ ਪ੍ਰਬੰਧਕੀ ਕਾਰਜਾਂ ਵਿਚ ਰੁੱਝੇ ਰਹਿਣ ਕਾਰਣ ਅਜੇਹਾ ਕਰ ਸਕਣਾ ਸੰਭਵ ਨਹੀ ਸੀ। ਇਥੋਂ ਤਕ ਕਿ ਸਾਹਿੱਤ-ਸਿਰਜਨਾਂ ਵੱਲੋਂ ਵੀ ਬਹੁਤ ਹੱਦ ਤਕ ਬੇਮੁਖ ਹੋਣਾ ਪਿਆ। ਪਰ ਹੁਣ ਜਦ ਕਿ ਯੂਨੀਵਰਸਟੀ ਦੀ ਪ੍ਰੋਫ਼ੈਸਰੀ ਤੇ ਹੈਡਸ਼ਿਪ ਦੀ ਸੇਵਾ ਤੋਂ ਮੁਕਤ ਹੋ ਚੁੱਕਾ ਹਾਂ, ਮੈਨੂੰ ਰਸਾਲਾ ਕਢਣ ਲਈ ਇਹ ਅਨਕੂਲ ਤੇ ਢੁਕਵਾਂ ਸਮਾਂ ਲੱਗਾ ਹੈ। ਉਂਜ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਸਮੇਂ ਪੰਜਾਬੀ ਵਿਚ ਇਕ ਉੱਚ-ਪੱਧਰ ਦੇ ਸਾਹਿੱਤਕ ਮਾਸਿਕ-ਪੱਤਰ ਦੀ ਬੇਹੱਦ ਲੋੜ ਹੈ ਜਦ ਕਿ ਕੋਈ ਟਾਂਵਾਂ ਟਾਂਵਾਂ ਮਾਸਿਕ-ਪੱਤਰ ਹੀ ਪੰਜਾਬੀ ਵਿਚ ਰਹਿ ਗਿਆ ਹੈ। 'ਆਰਸੀ' ਤੋਂ ਬਾਦ 'ਅਜੋਕੇ ਸ਼ਿਲਾਲੇਖ' ਦੀ ਆਮਦ ਸਵਾਗਤਯੋਗ ਹੈ ਜੋ ਇਸ ਸਾਹਿੱਤਕ ਘਾਟ ਨੂੰ ਪੂਰਾ ਕਰਨ ਵਿਚ ਆਪਣਾ ਨਿੱਗਰ ਤੇ ਉਸਾਰੂ ਯੋਗਦਾਨ ਪਾ ਰਿਹਾ ਹੈ।

ਕੋਈ ਸਮਾਂ ਸੀ ਜਦੋਂ ਪੰਜਾਬੀ ਵਿਚ 'ਪ੍ਰੀਤਲੜੀ', 'ਪੰਜ-ਦਰਿਆ', 'ਫੁਲਵਾੜੀ' 'ਲੋਕ-ਸਾਹਿਤ', 'ਪੰਜਾਬੀ-ਸਾਹਿੱਤ', 'ਨਵੀਆਂ ਕੀਮਤਾਂ', 'ਪ੍ਰੀਤਮ' ਤੇ 'ਕੰਵਲ' ਜਿਹੇ ਲੋਕ-ਪ੍ਰਿਅ ਰਸਾਲੇ ਬੜੀ ਕਾਮਯਾਬੀ ਨਾਲ ਨਿਕਲਦੇ ਸਨ। ਭਾਸ਼ਾ ਵਿਭਾਗ, ਪਟਿਆਲਾ ਵਲੋਂ ਛਪਦੇ 'ਜਨ-ਸਾਹਿੱਤ' ਤੇ 'ਪੰਜਾਬੀ ਦੁਨੀਆਂ' ਵੀ ਬੜੇ ਸ਼ੌਕ ਨਾਲ ਪੜ੍ਹੇ ਜਾਂਦੇ ਸਨ। ਪਰ ਅੱਜ ਅਜੇਹਾ ਕਿਉਂ ਨਹੀਂ? ਪੰਜਾਬੀ ਨਾਲ ਹਿੱਤ ਰੱਖਣ ਵਾਲਾ ਹਰ ਵਿਅਕਤੀ ਸ਼ਾਇਦ ਇਹ ਸਵਾਲ ਪੁੱਛਣਾ ਚਾਹੁੰਦਾ ਹੈ। ਇੱਥੇ ਮੈਂ ਇਸਦੇ ਕਾਰਣਾਂ ਦੀ ਵਿਸਤ੍ਰਿਤ ਬਹਿਸ ਵਿਚ ਨਹੀ ਪੈਣਾ ਚਾਹੁੰਦਾ, ਸਿਵਾਇ ਇਹ ਕਹਿਣ ਤੋਂ ਕਿ ਇਸਦਾ ਪ੍ਰਮੁਖ ਕਾਰਣ ਕਿਸੇ ਵੀ ਮਾਸਿਕ-ਪੱਤਰ ਉੱਤੇ ਹੁੰਦਾ ਹਰ ਮਹੀਨੇ ਭਾਰੀ ਖ਼ਰਚ ਤੇ ਇਸਦੇ ਮੁਕਾਬਲੇ ਸਾਲਾਨਾ ਗਾਹਕਾਂ ਦੀ ਗਿਣਤੀ ਦਾ ਨਾਮ-ਮਾਤਰ ਹੋਣਾ ਹੈ। ਪੰਜਾਬੀ ਰਸਾਲਿਆਂ ਨੂੰ ਇਸ਼ਤਿਹਾਰ ਵੀ ਘੱਟ ਹੀ ਮਿਲਦੇ ਹਨ, ਜਿਸ ਲਈ ਹਰ ਮਹੀਨੇ ਲਗਾਤਾਰ ਘਾਟਾ ਸਹਿਣਾ ਮੁਸ਼ਕਲ ਹੋ ਜਾਂਦਾ ਹੈ। ਇਹ ਸਭ ਕੁਝ ਜਾਣਦਿਆਂ ਬੁਝਦਿਆਂ ਹੋਇਆਂ ਵੀ ਮੈਂ 'ਕਲਮ' ਲੈਕੇ ਤਹਾਡੇ ਸਾਹਵੇਂ ਉਪਸਥਿਤ ਹੋ ਰਿਹਾ ਹਾਂ।

"ਅੱਜ ਦਾ ਮਹਿੰਗਾ ਤੇ ਗਲਘੋਟੂ ਸਮਾਂ ਆਗਿੱਆ ਨਹੀਂ ਦੇਂਦਾ ਕਿ ਕੋਈ ਅਕਲ ਹੋਸ਼ ਵਾਲਾ ਆਦਮੀ ਪੰਜਾਬੀ ਵਿਚ ਰਸਾਲਾ ਕੱਢਣ ਦੀ ਮੂਰਖਤਾ ਕਰੇ, ਜਦ ਕਿ ਮਾਇਆ ਦੀ ਵੀ ਕਰੋਪੀ ਹੋਵੇ, ਪਰ ਇਹਨ੍ਹਾਂ ਹਾਲਤਾਂ ਦੇ ਹੁੰਦਿਆਂ ਹੋਇਆਂ ਵੀ ਮੈਂ ਇਹ ਗੋਡੇ ਤੋੜਵੀਂ ਛਾਲ ਜੋ ਮਾਰ ਰਿਹਾ ਹਾਂ ਤਾਂ ਕੇਵਲ ਇਸ ਭਰੋਸੇ ਤੇ ਕਿ ਮੇਰੇ ਪਾਠਕ ਮੈਨੂੰ ਬੋਚ ਲੈਣਗੇ, ਉਹ ਮੈਨੂੰ ਸੱਟ ਨਹੀ ਲਗਣ ਦੇਣਗੇ।" ਇਹ ਸ਼ਬਦ ਸ੍ਰ. ਨਾਨਕ ਸਿੰਘ ਨਾਵਲਿਸਟ ਦੇ ਹਨ ਜੋ ਉਹਨਾਂ ਨੇ ਅੱਜ ਤੋਂ ਲਗਭਗ 48 ਸਾਲ ਪਹਿਲਾਂ (ਜਨਵਰੀ 1950 ਵਿਚ) ਆਪਣਾ ਮਾਸਿਕ-ਪੱਤਰ 'ਲੋਕ-ਸਾਹਿੱਤ' ਸ਼ੁਰੂ ਕਰਨ ਸਮੇਂ ਪਹਿਲੇ ਅੰਕ ਵਿਚ ਲਿਖੇ ਸਨ। ਅੱਜ ਹੂਬਹੂ ਮੇਰੇ ਭਾਵਾਂ ਦੀ ਤਰਜਮਾਨੀ ਕਰਦੇ ਜਾਪਦੇ ਹਨ ਇਹ ਸ਼ਬਦ। ਮੈਂ ਵੀ ਠੀਕ ਉਸੇ ਤਰ੍ਹਾਂ ਦੀ ਸਥਿਤੀ ਵਿੱਚ ਆਪਣੇ ਆਪ ਨੂੰ ਮਹਿਸੂਸ ਕਰ ਰਿਹਾ ਹਾਂ 'ਕਲਮ' ਨੂੰ ਤੁਹਾਡੇ ਹੱਥਾਂ ਵਿਚ ਪੁਚਾਣ ਸਮੇਂ। ਸਮ੍ਰਿੱਧ ਕਲਮਕਾਰਾਂ ਦੀਆਂ ਕਲਮਾਂ ਦਾ ਸਹਿਯੋਗ ਅਤੇ ਆਪਣੇ ਸਹਿਰਦ ਪਾਠਕਾਂ ਤੇ ਸਨੇਹੀਆਂ ਦੇ ਯੋਗਦਾਨ ਉੱਤੇ ਮੈਨੂੰ ਮਾਣ ਹੈ, ਉਹ ਜ਼ਰੂਰ ਮੈਨੂੰ ਬੋਚੀ ਰਖਣਗੇ, ਮੇਰਾ ਵਿਸ਼ਵਾਸ ਹੈ।

'ਕਲਮ' ਦਾ ਵਾਇਦਾ ਹੈ ਕਿ ਉਹ ਆਪਣੇ ਪਾਠਕਾਂ ਨੂੰ ਨਰੋਆ ਤੇ ਸਿਹਤਮੰਦ ਸਾਹਿੱਤ ਪ੍ਰਦਾਨ ਕਰਦੀ ਰਹੇਗੀ, ਜੋ ਕਲਾ, ਸੁਹਜ-ਸਵਾਦ ਤੇ ਉਚੇਰੇ ਜੀਵਨ-ਮੁਲਾਂ ਨਾਲ ਭਰਪੂਰ ਹੋਵੇਗਾ। ਪੰਜਾਬੀ ਵਿਚ ਲਿਖਣ ਵਾਲੇ ਪ੍ਰਵਾਸੀ ਕਲਮਕਾਰਾਂ ਦੀਆਂ ਰਚਨਾਵਾਂ ਵੀ ਛਾਪਣ ਲਈ 'ਕਲਮ' ਵਚਨਬੱਧ ਹੈ ਤਾਂ ਜੋ ਇਹ ਦੇਸ਼ ਅਤੇ ਪਰਦੇਸ ਦੇ ਪੰਜਾਬੀ ਸਾਹਿਤਕਾਰਾਂ/ਪਾਠਕਾਂ ਦਰਮਿਆਨ ਇਕ ਪੁੱਲ ਬਣ ਸਕੇ।

'ਕਲਮ' ਦਾ ਪਲੇਠੀ ਦਾ ਅੰਕ ਹਾਜ਼ਰ ਹੈ। ਪਹਿਲਾ ਅੰਕ ਹੋਣ ਕਰਕੇ ਇਸ ਵਿਚ ਸ਼ਾਇਦ ਕਈ ਊਣਤਾਈਆਂ ਵੀ ਰਹਿ ਗਈਆਂ ਹੋਣ। ਪਰ ਉਮੀਦ ਹੈ ਫਿਰ ਵੀ ਤੁਹਾਨੂੰ ਪਸੰਦ ਆਏਗਾ। ਤੁਹਾਡੀਆਂ ਰਾਵਾਂ ਤੇ ਸੁਝਾਵਾਂ ਦਾ ਸਾਨੂੰ ਇੰਤਜ਼ਾਰ ਰਹੇਗਾ। ਇਹ ਪਹਿਲਾ ਅੰਕ ਤੁਹਾਨੂੰ ਬੜੇ ਸਨੇਹ ਤੇ ਮਾਣ ਨਾਲ ਭੇਜਿਆ ਜਾ ਰਿਹਾ ਹੈ, ਤੇ ਮੈਨੂੰ ਇਹ ਕਹਿਣ ਦੀ ਲੋੜ ਨਹੀ ਕਿ ਪਹਿਲਾ ਪਰਚਾ ਮਿਲਣ ਤੇ ਤੁਸੀਂ 'ਕਲਮ' ਲਈ ਨਾਂ ਕੇਵਲ ਆਪਣਾ, ਸਗੋਂ ਆਪਣੇ ਮਿਤਰਾਂ ਦਾ ਚੰਦਾ ਭੇਜਕੇ/ਭਿਜਵਾ ਕੇ ਇਸਦਾ ਘੇਰਾ ਵਿਸ਼ਾਲ ਕਰਨ ਵਿਚ ਸਹਾਈ ਹੋਵੋਗੇ।

ਮੈਨੂੰ ਇਸ ਗੱਲ ਦਾ ਵੀ ਫ਼ਖ਼ਰ ਹੈ ਕਿ ਹਰਿਆਣਾ ਵਿਚ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਸੱਚੇ ਹਿਤੈਸ਼ੀ ਅਤੇ ਭਾਰਤ ਦੇ ਮੰਨੇ ਪ੍ਰਮੰਨੇ ਉਦਯੋਗਪਤੀ ਸਰਦਾਰ ਭੁਪਿੰਦਰ ਸਿੰਘ ਜੌਹਰ ਦੀ ਸਰਪ੍ਰਸਤੀ 'ਕਲਮ' ਨੂੰ ਹਾਸਲ ਹੋਈ ਹੈ। 'ਕਲਮ' ਦੇ ਸਲਾਹਕਾਰ ਬੋਰਡ ਵਿਚ ਸ਼ਾਮਲ ਹੋਏ ਪ੍ਰਸਿੱਧ ਵਿਦਵਾਨ ਕਲਮਕਾਰਾਂ-ਡਾ. ਮਹੀਪ ਸਿੰਘ, ਪ੍ਰੋ. ਨਰਿੰਜਨ ਸਿੰਘ ਤਸਨੀਮ ਅਤੇ ਡਾ. ਦੀਪਕ ਮਨਮੋਹਨ ਸਿੰਘ ਨੇ ਵੀ 'ਕਲਮ' ਦਾ ਮਾਣ ਵਧਾਇਆ ਹੈ। ਇਸਤੋਂ ਛੁੱਟ ਮੇਰੇ ਇੱਕੋ ਇੱਕ ਖ਼ਤ ਲਿਖਣ ਤੇ ਜਿਨ੍ਹਾਂ ਸਾਹਿਤਕਾਰਾਂ ਨੇ ਆਪਣੀਆਂ ਤਾਜ਼ਾ ਰਚਨਾਵਾਂ ਭੇਜੀਆਂ ਹਨ, ਮੈਂ ਉਨ੍ਹਾਂ ਸਭਨਾਂ ਦਾ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ, ਖ਼ਾਸ ਕਰਕੇ ਆਪਣੇ ਗੁਰਦੇਵ, ਉਸਤਾਦ ਗ਼ਜ਼ਲਗੋ ਪ੍ਰੋ. ਦੀਵਾਨ ਸਿੰਘ ਦਾ ਤੇ ਰਾਸ਼ਟਰੀ ਖਿਆਤੀ ਦੇ ਚਿੰਤਕ ਤੇ ਲੇਖਕ ਅਮਰ ਭਾਰਤੀ ਜੀ ਦਾ, ਜਿੰਨ੍ਹਾਂ ਨੇ ਆਪਣੀ ਮਸਰੂਫ਼ੀਅਤ ਤੇ ਕਮਜ਼ੋਰ ਸਿਹਤ ਦੇ ਬਾਵਜੂਦ ਉਚੇਚੇ ਤੌਰ ਤੇ ਸਿਰਫ਼ 'ਕਲਮ' ਲਈ ਆਪਣੀਆਂ ਰਚਨਾਵਾਂ ਦੀ ਸਿਰਜਣਾ ਕੀਤੀ ਹੈ।

—ਕਰਤਾਰ ਸਿੰਘ ਸੂਰੀ

ਕਿਟਾਸ ਰਾਜ ਦੀ ਵਿਸਾਖੀ

—ਨਾਨਕ ਸਿੰਘ ਨਾਵਲਿਸਟ

ਬਥੇਰੀ ਵਾਰੀ ਜ਼ਿੰਦਗੀ ਵਿਚ ਚੰਗੇ ਤੋਂ ਚੰਗੇ ਖਾਣੇ ਖਾਧੇ ਨੇ. ਹੋਟਲਾਂ ਤੇ ਦਾਹਵਤਾਂ ਦੇ ਸੁਆਦ ਵੀ ਅਨਗਿਣਤ ਵੇਰ ਮਾਣੇ ਹੋਣਗੇ. ਪਰ ਖਾਣ ਦਾ ਓਹ ਸੁਆਦ ਜਿਹੜਾ ਇਕ ਵਾਰੀ ਆਇਆ ਸੀ. ਨਾ ਕਦੀ ਉਸ ਤੋਂ ਪਹਿਲਾਂ ਤੇ ਨਾਂ ਮੁੜ ਅਜ ਤਕ ਨਸੀਬ ਹੋਇਆ ਹੈ।

ਸਾਡੇ ਪਿੰਡ (ਚੱਕ ਹਮੀਦ) ਤੋਂ ਕੋਈ ਚੋਦਾਂ ਕੋਹਾਂ ਦੀ ਵਾਟ ਤੇ 'ਕਿਟਾਸ ਰਾਜ' ਇਕ ਬੜਾ ਭਾਰੀ ਤੀਰਥ ਸੀ. ਜਿਥੇ ਵਿਸਾਖੀ ਦਾ ਮੇਲਾ ਲਗਿਆ ਕਰਦਾ ਸੀ। ਬੜੇ ਚਿਰਾਂ ਤੋਂ ਮੇਰੀ ਖਾਹਿਸ਼ ਵੀ ਮੇਲਾ ਵੇਖਣ ਦੀ ਸੀ. ਪਰ ਬਚਪਨ ਤੋਂ ਬਾਹਰ ਰਹਿਣ ਕਰ ਕੇ ਇਹ ਸੱਧਰ ਪੂਰੀ ਨਾ ਹੋ ਸਕੀ।

ਇਤਫ਼ਾਕ ਨਾਲ ਇਕ ਵਾਰੀ ਵਿਸਾਖੀ ਦੇ ਮੌਕੇ ਮੈਨੂੰ ਪਿੰਡ ਜਾਣਾ ਪੈ ਗਿਆ। ਓਦੋਂ ਮੇਰੀ ਉਮਰ ਅਠਾਰਾਂ ਉੱਨੀਆਂ ਵਰਿਆਂ ਦੀ ਸੀ।

ਆਪਣੇ ਕੁਝ ਹਮਜੋਲੀਆਂ ਨਾਲ ਮੈਂ ਵੀ ਕਿਟਾਸ ਰਾਜ ਦੀ ਯਾਤਰਾ ਕੀਤੀ। ਅਸੀਂ ਛੇ ਸਤ ਗੰਭਰੀਟ ਰੋਟੀਆਂ ਖਾ ਪੀ ਕੇ ਤਾਰਿਆਂ ਦੀ ਛਾਂਵੇ ਘਰੋਂ ਨਿਕਲ ਤੁਰੇ। ਵਿਚਾਰ ਇਹ ਸੀ ਕਿ ਦੁਪਹਿਰ ਦੀ ਰੋਟੀ ਪੜਾ ਤੇ ਖਾਵਾਂਗੇ. ਸ਼ਾਮੀ ਕਿਟਾਸ ਰਾਜ ਪੁਜਾਂਗੇ. ਦੂਜੇ ਦਿਨ ਵਿਸਾਖੀ ਵੇਖ ਕੇ ਰਾਤੀ ਟੁਰਾਂਗੇ ਤੇ ਤੀਜੇ ਦਿਨ ਦਾ ਸੂਰਜ ਪਿੰਡ ਆ ਚਾੜ੍ਹਾਂਗੇ।

ਅਜ ਦਾ ਪੋਚ ਜ਼ਰੂਰ ਸਾਡੀ ਅਕਲ ਤੇ ਹੱਸੇਗਾ ਕਿ ਕੇਵਲ ਕੁਝ ਘੰਟਿਆਂ ਦੇ ਮੌਜ ਮੇਲੇ ਖ਼ਾਤਰ ਅਠਾਈ ਕੋਹ ਦੀ ਵਾਟ ਮਾਰਨੀ ਕਿਧਰ ਦੀ ਸਿਆਣਪ ਸੀ। ਪਰ ਉਹ ਅਠਾਈ ਕੋਹ ਇੰਜ ਜਾਪਦੇ ਸਨ. ਜਿਵੇਂ ਕੋਈ ਸੁਆਦਲੀ ਪਿਕਨਿਕ।

ਰਾਹ ਵਿਚ ਹਸਦੇ ਗਾਉਂਦੇ; ਇਕ ਦੂਜੇ ਨੂੰ ਗਾਲ੍ਹਾਂ ਕਢਦੇ ਕਢਾਂਦੇ ਤੇ ਪਿੰਡ ਦੀਆਂ ਮੁਟਿਆਰਾਂ ਉਤੇ ਵੰਨ ਸੁਵੰਨੀ ਪੜਚੋਲ ਕਰਦੇ ਅਸੀਂ ਤੁਰੇ ਜਾ ਰਹੇ ਸਾਂ। ਸਚੀ ਮੁੱਚੀ ਜਿਕਣ ਰੱਥ ਦੀ ਜੰਜੇ ਜਾ ਰਹੇ ਹੋਵੀਏ। ਛਿਆਂ ਕੁ ਮੀਲਾਂ ਤੋਂ ਬਾਅਦ 'ਕੁਸਕ' ਪਹਾੜ ਦੀ ਬੜੀ ਸਖ਼ਤ ਚੜ੍ਹਾਈ ਸ਼ੁਰੂ ਹੋ ਗਈ. ਪਰ ਅਸੀਂ ਸਾਰੇ ਆਪਣੇ ਰੰਗ ਵਿਚ ਮਸਤ ਸਾਂ. ਕੁਸਕ ਦੀ ਚੜ੍ਹਾਈ, ਜਿਸ ਬਾਰੇ ਇਹ ਅਖਾਣ ਪ੍ਰਚੱਲਤ ਸੀ "ਫਿਟ ਕੁਸਕਾਂ ਦੀ ਢੱਕੀ. ਜਿਸ ਰਾਹੀਆਂ ਦੀ ਰੱਤ ਫੱਕੀ" ਸਾਡੇ ਭਾਣੇ 'ਨੰਦਨ ਬਨ' ਦੇ ਰੂਪ ਵਿਚ ਪਲਟ ਗਈ ਸੀ।

ਢੱਕੀ ਦੀ ਅੱਧੀ ਕੁ ਚੜ੍ਹਾਈ ਹੀ ਮਸੇ ਖ਼ਤਮ ਹੋਈ ਸੀ ਕਿ ਮੀਂਹ ਵਰਨਾਂ ਸ਼ੁਰੂ ਹੋ ਗਿਆ ਤੇ ਇਸ ਉਤੇ ਵਾਧਾ ਇਹ ਕਿ ਅਸੀਂ ਸਾਰੇ ਹੀ ਇਕੋ ਜਿਹੇ ਅਖੜਖਾਂਦ ਰਲੇ ਹੋਏ ਸਾਂ। ਪਿਛਲੇ ਇਕ ਦੋਰਾਹੇ ਤੋਂ ਅਸੀਂ ਇਕ ਵਖਰੀ ਪਗਡੰਡੀ ਪੈ ਗਏ ਸਾਂ। ਖ਼ਿਆਲ ਤਾਂ ਇਹ ਸੀ ਕਿ ਏਸ ਰਸਤੇ ਪੈਂਡਾ ਕੁਝ ਘਟ ਕਰਨਾ ਪਵੇਗਾ. ਭਾਵੇਂ ਕਿ ਚੜ੍ਹਾਈ ਏਧਰੋਂ ਸਚਮੁਚ ਹੀ ਰਤ ਪੀਣ ਵਾਲੀ ਸੀ।

ਮੀਂਹ ਵੀ ਐਹੋ ਜਿਹਾ ਸ਼ੁਰੂ ਹੋਇਆ ਕਿ ਜਿਵੇਂ ਮੁੜ ਕਦੀ ਵਰਨਾ ਹੀ ਨਹੀਂ ਸੀ। ਜੇ ਆਮ ਰਸਤੇ ਪਏ ਹੁੰਦੇ ਤਾਂ ਲਾਗੇ ਚਾਗੇ ਕੋਈ ਸਿਰ ਲੁਕਾਣ ਨੂੰ ਠਾਹਰ ਹੀ ਲਭ ਪੌਂਦੀ ਜਾਂ ਕੋਈ ਜਾਂਦੇ ਯਾਤਰੂ ਹੀ ਮਿਲ ਪੌਂਦੇ। ਇਸ ਤੋਂ ਛੁਟ ਪੜਾਉ ਵੀ ਉਥੋਂ ਕਿਤੇ ਨੇੜੇ ਹੀ ਸੀ. ਪਰ ਜਿਸ ਥਾਂ ਅਸੀਂ ਆ ਪਹੁੰਚੇ ਸਾਂ. ਉਥੇ ਤਾਂ ਛੁਟ ਨੰਗੀਆਂ ਚਟਾਨਾਂ ਤੋਂ ਕੁਝ ਵੀ ਨਹੀਂ ਸੀ। ਨਾਂ ਅਸੀਂ ਪਿਛਾਂ ਮੁੜਨ ਜੋਗੇ ਨਾ ਅਗਾਂਹ ਜਾਂਣ ਜੋਗੇ। ਹੋਰ ਤਾਂ ਹੋਰ ਨੇੜੇ ਤੇੜੇ ਕੋਈ ਦ੍ਰਖਤ ਵੀ ਸਾਨੂੰ ਨਜ਼ਰੀ ਨਹੀਂ ਸੀ ਆ ਰਿਹਾ। ਕਿਥੇ ਤੇ ਖੁਸ਼ੀਆਂ ਦੇ ਕਹਿਕੇ ਤੇ ਗੀਤਾਂ ਦੀਆਂ ਹੇਕਾਂ. ਤੇ ਕਿਥੇ ਇਹ ਹਾਲ ਕਿ ਸਭ ਨੂੰ ਜਾਨ ਦੇ ਲਾਲੇ ਪੈ ਗਏ ਤੇ ਇਸ ਉਤੇ ਮੁਸੀਬਤ ਇਹ ਕਿ ਢਿੱਡਾਂ ਵਿਚ ਕਤੂਰੇ ਭੌਂਕਣ ਲਗ ਪਏ ਸਨ। ਖਿਆਲ ਤਾਂ ਇਹ ਸੀ ਕਿ ਢੱਕੀ ਦੇ ਉਪਰੋਂ ਦੀ ਸ਼ਾਟ ਕੱਟ ਕਰਕੇ ਅਸੀਂ ਅਗੇਤਰੇ ਹੀ ਪੜਾਉ ਤੇ ਪੁਜ ਜਾਵਾਂਗੇ. ਜਿਥੇ ਖਾਣ ਪੀਣ ਲਈ ਸਭ ਕੁਝ ਮਿਲ ਜਾਣ ਦੀ ਆਸ ਸੀ. ਪਰ ਹੁਣ ਤਾਂ ਉਹ ਸਹੂਲਤ ਵੀ ਸਾਨੂੰ ਪ੍ਰਾਪਤ ਹੋਣੀ ਮੁਸ਼ਕਲ ਸੀ।

ਮੀਂਹ ਦਾ ਜ਼ੋਰ ਜਿਉਂ ਜਿਉਂ ਵਧਦਾ ਗਿਆ. ਸਾਡੀ ਘਬਰਾਹਟ ਵੀ ਦੂਣੀ ਚੋਣੀ ਹੁੰਦੀ ਗਈ। ਤੇ ਵੱਡੀ ਮੁਸੀਬਤ ਇਹ ਕਿ ਏਸ ਹੜਬੜਾ ਦਵੜੀ ਵਿਚ ਸਾਥੋਂ ਪਗਡੰਡੀ ਵੀ ਖੁੰਝ ਗਈ. ਤੇ ਅਸੀਂ ਭੁਲੀ ਪੈ ਕੇ ਕਿਤੇ ਦੇ

ਕਿਤੇ ਜਾ ਨਿਕਲੇ। ਮੀਂਹ ਨੇ ਸਾਡੀ ਸਾਰਿਆਂ ਦੀ ਐਸੀ ਮੱਤ ਮਾਰ ਦਿਤੀ ਸੀ ਕਿ ਸਾਨੂੰ ਇਹ ਵੀ ਪਤਾ ਨਾ ਲਗੇ ਕਿ ਅਸੀਂ ਅਗਾਂਹ ਜਾ ਰਹੇ ਹਾਂ ਜਾਂ ਪਿਛਾਂਹ। ਕੋਈ ਕਹਿੰਦਾ ਐਧਰ ਤੁਰੋ ਕੋਈ ਕਹਿੰਦਾ ਔਧਰ। ਅਸੀਂ ਛਿੱਥੇ ਹੋ ਕੇ ਇਕ ਦੂਜੇ ਨਾਲ ਝਈਆਂ ਲੈਣ ਲਗ ਪਏ। ਖ਼ਾਸ ਕਰਕੇ ਜਿਹੜੇ ਦੂੰਹ ਮੁੰਡਿਆਂ ਨੇ ਇਹ ਸ਼ਾਟ ਕੱਟ ਦੀ ਵਿਉਂਤ ਸੁਝਾਈ ਸੀ, ਸਾਰਿਆਂ ਤੋਂ ਬਹੁਤਾ ਨਜ਼ਲਾ ਓਹਨਾਂ ਵਿਚਾਰਿਆਂ ਉਤੇ ਝੜਨ ਲਗਾ।

ਏਦਾਂ ਹੀ ਮੀਂਹ ਵਿਚ ਭਿਜਦਿਆਂ ਭਟਕਦਿਆਂ ਰੱਬ ਸਬੱਬੀ ਸਾਨੂੰ ਇਕ ਛੋਟੀ ਜਿਹੀ ਗ਼ਾਰ ਨਜ਼ਰੀ ਪੈ ਗਈ, ਜਿਸ ਨੂੰ ਵੇਖ ਕੇ ਅਸੀਂ ਕਿੰਨੇ ਖੁਸ਼ ਹੋਏ ? ਜਿਵੇਂ ਕਿਸੇ ਨੇ ਸ਼ੀਸ਼ ਮਹੱਲ ਵਿਚ ਸਾਡਾ ਉਤਾਰਾ ਕਰਵਾ ਦਿਤਾ ਹੋਵੇ।

ਗ਼ਾਰ ਕੋਈ ਬਹੁਤ ਵੱਡੀ ਨਹੀਂ ਸੀ, ਪਰ ਸਾਡੇ ਸਿਰ ਲੁਕਾਣ ਲਈ ਕਾਫ਼ੀ ਸੀ। ਅਸੀਂ ਸਾਰੇ ਉਸ ਵਿਚ ਵੜ ਬੈਠੇ। ਕਪੜੇ ਲਾਹ ਕੇ ਸਾਰਿਆਂ ਨਚੋੜੇ ਤੇ ਇਕ ਵਾਰੀ ਫੇਰ ਸਭਨਾਂ ਚਿਹਰਿਆਂ ਉਤੇ ਰੌਣਕ ਦਿਸਣ ਲਗੀ। ਖੁਸ਼ੀ ਕੇਵਲ ਇਸੇ ਗੱਲ ਦੀ ਸੀ ਕਿ ਅਸੀਂ ਹੁਣ ਮਰਦੇ ਨਹੀਂ। ਪਰ ਇਹ ਖੁਸ਼ੀ ਵੀ ਬਹੁਤਾ ਚਿਰ ਕਾਇਮ ਨਾ ਰਹਿ ਸਕੀ ਜਦ ਭੁੱਖ ਦੇ ਹੱਥੋਂ ਸਾਡੀਆਂ ਆਂਦਰਾਂ ਨੂੰ ਕੁੜੱਲ ਪੈਣੇ ਸ਼ੁਰੂ ਹੋਏ। ਕਿਸਮਤ ਨੇ ਜੇ ਸਾਡੀ ਰਤੀ ਮਾਸਾ ਮਦਦ ਕੀਤੀ ਤਾਂ ਇਹ ਕਿ ਗ਼ਾਰ ਵਿਚ ਕੁਝ ਸੁੱਕਾ ਬਾਲਣ ਮੌਜੂਦ ਸੀ, ਤੇ ਇਕ ਨੁਕਰੇ ਉਘੜੇ ਦੁਘੜੇ ਪੱਥਰਾਂ ਦਾ ਚੁਲ੍ਹਾ ਵੀ ਬਣਿਆ ਹੋਇਆ ਸੀ। ਸਾਡੇ ਵਿਚ ਜੇਹੜੇ ਇਕ ਦੋ ਸਿਗਰਟ ਨੋਸ਼ ਸਨ, ਉਨ੍ਹਾਂ ਪਾਸੋਂ ਮਾਚਸ ਵੀ ਨਿਕਲ ਆਈ, ਤੇ ਇਸ ਤਰ੍ਹਾਂ ਅਗ ਬਾਲ ਕੇ ਸਾਨੂੰ ਨਿੱਘਿਆਂ ਹੋਣ ਤੇ ਕਪੜੇ ਸੁਕਾਣ ਦੀ ਸਹੂਲਤ ਮਿਲ ਗਈ।

ਬੜਾ ਉਡੀਕਿਆ ਕਿ ਦੋ ਘੜੀਆਂ ਲਈ ਜੇ ਮੀਂਹ ਰੁਕੇ ਤਾਂ ਕਿਤੇ ਦੂਰ ਨੇੜੇ ਜਾ ਕੇ ਕੁਝ ਖਾਣ ਪੀਣ ਲਈ ਲਭੀਏ, ਪਰ ਮੀਂਹ ਨੇ ਤਾਂ ਜਿਵੇਂ ਰੁਕਣ ਦੀ ਸਹੁੰ ਹੀ ਖਾ ਲਈ ਸੀ।

ਬੈਠਿਆਂ ਬੈਠਿਆਂ ਕਈ ਪ੍ਰੋਗਰਾਮ ਬਣਾਏ—ਲਓ ਬਈ ਗਾਣੇ ਗਾਓ, ਚਲੋ ਕਹਾਣੀਆਂ ਸ਼ੁਰੂ ਕਰੋ, ਬੁਝਾਰਤਾਂ ਪਾਣ ਦਾ ਸਿਲਸਿਲਾ ਅਰੰਭਿਆ ਜਾਵੇ ਪਰ ਸਾਰੇ ਪ੍ਰੋਗਰਾਮ ਦਸ ਪੰਦਰਾਂ ਮਿੰਟਾਂ ਬਾਦ ਹੀ ਫਿੱਕੇ ਪੈ ਕੇ ਬੱਸ ਹੋ ਜਾਂਦੇ। ਭੁੱਖ ਨੂੰ ਜਿਉਂ ਜਿਉਂ ਭੁਲਾਣ ਦਾ ਯਤਨ ਕਰਦੇ, ਉਹ ਸਗੋਂ ਹੋਰ ਜ਼ੋਰ ਜ਼ੋਰ ਦੀ ਕਲੇਜਿਆਂ ਵਿਚ ਖੋਹ ਪਾਈ ਜਾਂਦੀ।

ਠੀਕ ਸਿਆਣੇ ਕਹਿੰਦੇ ਨੇ ਕਿ ਲੋੜ ਕਾਢ ਦੀ ਮਾਂ ਹੁੰਦੀ ਹੈ। ਬੜੀਆਂ ਅਜੀਬੋ ਗ਼ਰੀਬ ਕਾਢਾਂ ਸੁਝਣ ਲਗ ਪਈਆਂ। ਇਕ ਕਹੇ — ਕੋਈ ਜਾਂਦਾ ਆਉਂਦਾ ਆਜੜੀ ਟਕਰ ਪਵੇ ਤਾਂ ਉਸਦੀਆਂ ਬਕਰੀਆਂ ਫੜ ਕੇ ਦੁਧ ਚੋ ਲਈਏ। ਦੂਜਾ ਬੋਲ ਉਠਦਾ — ਚੋਣ ਨਾਲੋਂ ਕਿਉਂ ਨਾ ਇਕ ਅਧ ਲੇਲਾ ਭੇਡੂ ਹੀ ਵੱਢ ਕੇ ਰਿੰਨ੍ਹ ਲਿਆ ਜਾਵੇ। ਪਰ ਇਹ ਸਭ ਸ਼ੇਖਚਿੱਲੀ ਦੇ ਪੁਲਾਉ ਹੀ ਸਨ। ਇਸ ਮੋਹਲੇ ਧਾਰ ਮੀਂਹ ਵਿਚ ਕੌਣ ਸਾਡੇ ਲਈ ਬਕਰੀਆਂ ਲਈ ਬੈਠਾ ਸੀ।

ਉਡੀਕਦਿਆਂ ਉਡੀਕਦਿਆਂ ਸ਼ਾਮਾਂ ਪੈ ਗਈਆਂ। ਸਾਰਿਆਂ ਦੀ ਜਿੰਦ ਅਕਲਕਾਂਦ ਆ ਗਈ। ਮੀਂਹ ਜੇ ਝਟ ਪਲ ਲਈ ਕੁਝ ਕੱਸਾ ਹੁੰਦਾ ਤਾਂ ਦੂਜੇ ਪਲ ਹੋਰ ਗੁੱਸਾ ਖਾ ਕੇ ਵਰ੍ਹਨ ਲਗ ਪੈਂਦਾ। ਅਖ਼ੀਰ ਅਸਾਂ ਸੋਚਿਆ ਜੇ ਰਾਤ ਸਾਨੂੰ ਭੁਖਿਆਂ ਹੀ ਕਟਣੀ ਪਈ ਤਾਂ ਜੇ ਪੂਰੀ ਤਰ੍ਹਾਂ ਨਾ ਵੀ ਮੋਏ ਤਾਂ ਅਧ ਮੋਏ ਹੋ ਕੇ ਜ਼ਰੂਰ ਹੀ ਇਸ ਗ਼ਾਰ ਚੋਂ ਨਿਕਲਾਂਗੇ।

ਰਬ ਰਬ ਕਰਕੇ ਮੀਂਹ ਛੇਕੜ ਥੰਮ ਹੀ ਗਿਆ। ਪਰ ਐਸੇ ਕੁਵੇਲੇ ਕਿ ਅਗਲਾ ਸਫ਼ਰ ਕਰਨ ਦੀ ਕੋਈ ਵਾਹ ਨਹੀਂ ਸੀ। ਨਾਲੇ ਇਹ ਵੀ ਤਾਂ ਕੋਈ ਭਰੋਸਾ ਨਹੀਂ ਸੀ ਕਿ ਤੁਰ ਪੈਣ ਤੋਂ ਬਾਦ ਫੇਰ ਵਰ੍ਹਨਾ ਨਹੀਂ ਸ਼ੁਰੂ ਹੋ ਜਾਵੇਗਾ। ਫੈਸਲਾ ਇਹੋ ਠਹਿਰਿਆ ਕਿ ਰਾਤ ਇਥੇ ਹੀ ਗੁਜ਼ਾਰੀ ਜਾਵੇ ! ਪਰ ਪੇਟ ਦੀ ਅੱਗ ਕੀਕਣ ਬੁਝੇਗੀ।

ਅਸੀਂ ਸਾਰੇ ਗ਼ਾਰ ਤੋਂ ਬਾਹਰ ਨਿਕਲ ਕੇ ਇਕ ਉਚੀ ਚਟਾਨ ਤੇ ਜਾ ਚੜ੍ਹੇ ਕਿ ਮਤੇ ਕਿਤੇ ਦੂਰ ਦੁਰਾਡੇ ਧੂੰਆਂ ਧੁਖਦਾ ਨਜ਼ਰੀ ਆ ਜਾਵੇ। ਧੂੰਆਂ ਤਾ ਕਿਤੇ ਨਾ ਦਿਸਿਆ ਪਰ ਇਕ ਪਾਸਿਉਂ ਸਾਨੂੰ ਕੁਤਿਆਂ ਦੇ ਭੌਂਕਣ ਦੀ ਅਵਾਜ਼ ਸੁਣਾਈ ਦਿਤੀ। ਪਰ ਪੂਰੀ ਤਰ੍ਹਾਂ ਯਕੀਨ ਨਹੀਂ ਸੀ ਬਝਦਾ ਕਿ ਅਵਾਜ਼ ਕੁਤਿਆਂ ਦੀ ਹੈ ਕਿ ਗਿਦੜਾਂ ਦੀ। ਫੇਰ ਵੀ ਸਾਡੇ ਦਿਲਾਂ ਨੂੰ ਕੁਝ ਧੀਰਜ ਹੋਇਆ। ਸੋਚਿਆ ਅਵਾਜ਼ ਜੇ ਕੁਤਿਆਂ ਦੀ ਹੈ ਤਾਂ ਕੋਈ ਅਬਾਦੀ ਹੋਵੇਗੀ। ਤੇ ਜੇ ਗਿਦੜਾਂ ਦੀ ਹੈ ਤਾਂ ਕਿਤੇ ਪੈਲੀਆਂ ਹੋਣਗੀਆਂ। ਅਸੀਂ ਤਾਂ ਇਥੋਂ ਤਕ ਤਿਆਰ ਸਾਂ ਕਿ ਹੋਰ ਨਹੀਂ ਤਾਂ ਦੋ ਦੋ ਮੁਠਾਂ ਕਚੀ ਕਣਕ ਛੋਲੇ ਜਾਂ ਬਾਜਰਾ ਕੁਝ ਹੀ ਮਿਲ ਜਾਵੇ।

ਛੇਕੜ ਸਾਡੇ ਵਿਚੋਂ ਦੋ ਗਭਰੂ ਨਿਤਰੇ, ਜੇਹੜੇ ਜਾਣ ਨੂੰ ਤਿਆਰ ਹੋ ਪਏ ਜਿਧਰੋਂ ਕੁਤਿਆਂ ਕਿ ਗਿਦੜਾਂ ਦੀ ਅਵਾਜ਼ ਆਈ ਸੀ। ਤੇ ਦੂਸਰੇ ਸਾਥੀਆਂ ਦੇ ਜ਼ਿੰਮੇ ਇਹ ਕੰਮ ਲਾਇਆ ਕਿ ਨੱਠ ਭੱਜ ਕੇ ਬਾਲਣ ਕੱਠਾ ਕਰਨ।

ਜਾਣ ਵਾਲੀ ਜੋੜੀ ਵਿਚ ਇਕ ਤਾਂ ਸਾਡੇ ਪਿੰਡ ਦਾ ਬਾਹਮਣ ਸੀ, ਤੇ ਦੂਜਾ ਏਹਨਾਂ ਸਤਰਾਂ ਦਾ ਲੇਖਕ।

ਸੰਮਾਂ ਵਾਲੀਆਂ ਡਾਂਗਾਂ ਸਾਡੇ ਦੁਹਾਂ ਦੇ ਹੱਥਾਂ ਵਿਚ ਸਨ। ਕੋਈ ਘੰਟੇ ਸਵਾ ਘੰਟੇ ਦੀ ਮਿਹਨਤ ਤੋਂ ਬਾਅਦ ਸਾਨੂੰ ਦੁਰਾਡਿਓ ਦੀਵੇ ਦੀ ਲੋਅ ਨਜ਼ਰੀ ਆਈ, ਤੇ ਹੋਰ ਥੋੜ੍ਹੀ ਦੇਰ ਬਾਅਦ ਅਸੀਂ ਇਕ ਛੋਟੀ ਜਿਹੀ ਵਸਤੀ ਵਿਚ ਸਾਂ। ਪਰ ਸਾਡੀ ਬਦਕਿਸਮਤੀ ਨੂੰ ਇਹ ਇਕ ਜਮਾਦਾਰਾਂ ਦੀ ਠੱਟੀ ਸੀ, ਜਿਥੇ ਨਾ ਕੋਈ ਖਤਰੰਮਾ ਘਰ ਸੀ ਨਾ ਕੋਈ ਮੁਸੱਲਕਾ। ਓਨ੍ਹੀ ਦਿਨੀਂ ਜਮਾਦਾਰਾਂ ਦੇ ਘਰ ਦੀ ਕੋਈ ਚੀਜ਼ ਛੁਹਣੀ ਤਾਂ ਜਨਮ ਭ੍ਰਿਸ਼ਟ ਕਰਨ ਵਾਲੀ ਗਲ ਸੀ। ਛੇਕੜ ਪੁਛਦਿਆਂ ਪੁਛਦਿਆਂ ਸਾਨੂੰ ਏਨਾ ਕੁ ਪਤਾ ਲੱਗਾ ਕਿ ਏਸ ਠੱਟੀ ਵਿਚ ਇਕ ਬੁੱਢੇ ਖਤਰੀ ਦੀ ਨਿਕੀ ਜਿਹੀ ਹੱਟੀ ਹੈ, ਪਰ ਉਹ ਸ਼ਾਮੀ ਆਪਣੇ ਪਿੰਡ ਚਲਾ ਜਾਇਆ ਕਰਦਾ ਹੈ।

ਫੇਰ ਵੀ ਡੋਲਦੀ ਡਿਗਦੀ ਆਸ ਦੇ ਸਹਾਰੇ ਅਸੀਂ ਉਸਦੀ ਹੱਟੀ ਤਕ ਪਹੁੰਚ ਹੀ ਗਏ। ਨੀਤ ਇਥੋਂ ਤੀਕ ਧਾਰ ਲਈ ਸੀ ਕਿ ਭਾਵੇਂ ਹੱਟੀ ਦਾ ਜੰਦਰਾ ਕਿਉਂ ਨਾ ਤੋੜਨਾ ਪਵੇ, ਖ਼ਾਲੀ ਹੱਥੀ ਤਾਂ ਅਸੀਂ ਵੀ ਮੁੜਨੋ ਰਹੇ। ਪਰ ਜੰਦਰਾ ਤੋੜਨ ਦੀ ਨੌਬਤ ਨਹੀਂ ਆਈ। ਹਟਵਾਣੀਏਂ ਨੂੰ ਓਦਨ ਬੁਖਾਰ ਚੜ੍ਹਿਆ ਹੋਇਆ ਸੀ, ਜਿਸ ਕਰਕੇ ਉਹ ਰਾਤ ਘਰ ਨਹੀਂ ਜਾ ਸਕਿਆ।

ਖ਼ੈਰ ਜੀ, ਮਿੰਨਤ ਤਰਲਾ ਕਰਕੇ ਹੱਟੀ ਦਾ ਬੂਹਾ ਖੁਲ੍ਹਵਾਇਆ ਤੇ ਆਪਣੀ ਦੁਰਦਸ਼ਾ ਦਾ ਕਿੱਸਾ ਉਹਨੂੰ ਸੁਣਾਇਆ। ਵਿਚਾਰੇ ਦੀ ਹਮਦਰਦੀ ਸਾਡੇ ਨਾਲ ਕਾਫੀ ਹੋ ਗਈ, ਪਰ ਸਾਨੂੰ ਦੇਣ ਲਈ ਉਸ ਪਾਸ ਸੁੱਕੇ ਆਟੇ ਤੋਂ ਬਿਨਾਂ ਕੁਝ ਨਹੀਂ ਸੀ। ਸੋ ਏਸੇ ਨੂੰ ਗ਼ਨੀਮਤ ਸਮਝਕੇ ਅਸਾਂ ਅੱਠਾਂ ਆਨਿਆਂ ਦਾ ਅੱਠ ਸੇਰ ਪੱਕਾ ਆਟਾ ਆਪ ਹੀ ਤਕੜੀ ਨਾਲ ਤੋਲ ਕੇ ਪਲੇ ਬੰਨ੍ਹ ਲਿਆ। ਉਸ ਵਿਚਾਰੇ ਵਿਚ ਤਾਂ ਉਠਣ ਦੀ ਹਿੰਮਤ ਹੀ ਨਹੀਂ ਸੀ। ਅਸਾਂ ਪੁਛਿਆ – ਸ਼ਾਹ, ਜੇ ਹੋਰ ਤੇਰੇ ਕੋਲ ਕੁਝ ਨਹੀਂ ਤਾਂ ਲੂਣ ਦੀ ਡਲੀ ਹੀ ਦੇ ਛਡ। ਪਰ ਉਸ ਪਾਸ ਇਹ ਵੀ ਨਹੀਂ ਸੀ। ਤੇ ਜਦ ਅਸੀਂ ਤੁਰਨ ਲੱਗੇ ਤਾਂ ਉਸ ਸਾਨੂੰ ਰੋਕ ਕੇ ਪਰਲੀ ਨੁਕਰੇ ਪਏ ਇਕ ਕੁੱਜੇ ਵਲ ਇਸ਼ਾਰਾ ਕੀਤਾ। ਕੁੱਜਾ ਫੋਲਿਆ ਤਾਂ ਉਸ ਵਿਚ ਅੰਬਾਂ ਦੇ ਅਚਾਰ ਦਾ ਲੱਪ ਕੁ ਮਿਸਾਲਾ ਸੀ, ਜੋ ਅਸਲੋਂ ਹੀ ਸੁੱਕਾ ਸੜਿਆ ਤੇ ਕਾਲਾਸ਼ਾਹ, ਜਿਸ ਵਿਚ ਤੇਲ ਤਾਂ ਨਾਉਂ ਮਾਤਰ ਵੀ ਨਹੀਂ ਸੀ। ਖਬਰੇ ਉਹ ਚਹੁੰ ਸਾਲਾਂ ਦਾ ਸੀ ਕਿ ਅੱਠਾਂ ਦਾ, ਬਿਲਕੁਲ ਰੋੜ ਜਿਹੇ। ਪਰ ਅਸਾਂ ਉਸੇ ਨੂੰ ਗਨੀਮਤ ਸਮਝ ਚੱਦਰ ਦੀ ਕੰਨੀ ਵਿਚ ਉਲਦ ਲਿਆ।

ਹਨੇਰਾ ਕਾਫ਼ੀ ਹੋ ਗਿਆ ਸੀ ਤੇ ਸਾਨੂੰ ਇਹ ਵੀ ਡਰ ਸੀ ਮਤੇ ਰਸਤਾ ਨਾ ਭੁਲ ਜਾਏ। ਇਕ ਅਧ ਵਾਰੀ ਭੁਲੇ ਵੀ, ਪਰ ਛੇਕੜ ਦਸ ਵਜੇ ਦੇ ਲਗ ਪਗ ਟਿਕਾਣੇ ਜਾ ਹੀ ਪਹੁੰਚੇ। ਅਗੇ ਸਾਡੇ ਸਾਥੀਆਂ ਨੇ ਬਾਲਣ ਬਥੇਰਾ ਕੱਠਾ ਕਰ ਰੱਖਿਆ ਸੀ।

ਆਟੇ ਨੂੰ ਵੇਖ ਕੇ ਸਾਰਿਆਂ ਦੇ ਚਿਹਰੇ ਖੁਸ਼ੀ ਵਿਚ ਟਹਿਕ ਪਏ, ਪਰ ਸਭ ਤੋਂ ਵੱਡੀ ਸਮਸਿਆ ਤਾਂ ਅਜੇ ਬਾਕੀ ਸੀ, ਇਸ ਨੂੰ ਪਕਾਉਣ ਦੀ। ਇਤਨੀ ਹੀ ਸ਼ੁਕਰ ਦੀ ਗੱਲ ਸੀ ਕਿ ਸਾਡੇ ਪਾਸ ਗੜਵੀਆਂ ਸਨ। ਇਹ ਕਿਟਾਸ ਰਾਜ ਤੋਂ ਅੰਮ੍ਰਿਤ ਲਿਆਉਣ ਲਈ ਅਕਸਰ ਯਾਤਰੀ ਨਾਲ ਲੈ ਜਾਇਆ ਕਰਦੇ ਨੇ।

ਪਹਿਲਾਂ ਤਾਂ ਸਲਾਹ ਹੋਈ ਕਿ ਸਤੂਆਂ ਵਾਂਗ ਆਟਾ ਘੋਲ ਕੀ ਪੀ ਲਿਆ ਜਾਵੇ, ਪਰ ਕਿਸੇ ਸੁਲਝਵੇਂ ਦਿਮਾਗ ਵਾਲੇ ਨੇ ਬਾਹਰ ਜਾਕੇ ਇਕ ਤਰਾੜ (ਸਿੱਲ) ਪੁਟ ਲਿਆਂਦੀ। ਸਬਬ ਨਾਲ ਇਸ ਪਹਾੜ ਦੇ ਪੱਥਰ ਸਲੇਟੀ ਕਿਸਮ ਦੇ ਸਨ।

ਸਿਲ ਨੂੰ ਚੁਲ੍ਹੇ ਤੇ ਚੜ੍ਹਾ ਕੇ ਹੇਠ ਦਬਾਦਬ ਅੱਗ ਬਾਲਣੀ ਸ਼ੁਰੂ ਕਰ ਦਿਤੀ, ਤੇ ਏਧਰ ਚਦਰ ਉਤੇ ਆਟਾ ਗੁੰਨਿਆ ਪਰ ਪਕਾਣ ਦੀ ਜਾਚ ਸਾਡੇ ਵਿਚੋਂ ਕਿਸੇ ਨੂੰ ਵੀ ਨਹੀਂ ਸੀ। ਘੰਟਾ ਭਰ ਅੱਗ ਬਾਲਣ ਕਰਕੇ ਮਸੇ ਕਿਤੇ ਤਰਾੜ ਗਰਮ ਹੋਈ, ਤੇ ਫਿਰ ਆਟੇ ਦੇ ਸੇਰ ਸੇਰ ਪੱਕੇ ਪਿੰਨੇ ਵੱਟ ਕੇ ਅਸਾਂ ਤਰਾੜ ਉਤੇ ਰੱਖ ਕੇ ਤੇ ਉਤੋਂ ਹੱਥਾਂ ਨਾਲ ਦਬਾੱ ਦਬਾੱ ਕੇ ਚੌੜੇ ਕਰਨੇ ਸ਼ੁਰੂ ਕੀਤੇ।

ਏਸ ਸਾਰੀ ਕ੍ਰਿਆ ਵਿਚ ਲਗ–ਭਗ ਚਾਰ ਘੰਟੇ ਵਕਤ ਲਗ ਗਿਆ। ਅਰਥਾਤ ਰਾਤ ਇਕ ਵਜੇ ਦੇ ਕਰੀਬ ਸਾਰਾ ਆਟਾ ਕਿਸੇ ਤਰ੍ਹਾਂ ਕੱਚਾ ਪੱਕਾ ਕੀਤਾ ਗਿਆ।

ਇਹ ਖੁਰਾਕ ਇਹੋ ਜਿਹੀ ਸੀ ਜਿਹੜੀ ਘਰਾਂ ਵਿਚ ਸ਼ਾਇਦ ਸਾਡੇ ਪਸ਼ੂ ਵੀ ਪਸੰਦ ਨਾ ਕਰਦੇ, ਪਰ ਉਸ ਰਾਤ ਜਦੋਂ ਅਸੀਂ ਉਹ ਸੇਰ ਸੇਰ ਪੱਕੇ ਅੱਧਕੱਚੇ ਗੁਲੇ, ਉਸ ਸੜੇ ਹੋਏ ਅਚਾਰ ਦੇ ਮਸਾਲੇ ਨਾਲ ਖਾ ਰਹੇ ਸਾਂ ਤਾਂ ਇੰਜ ਜਾਪਦਾ ਸੀ ਜਿਵੇਂ ਛਤੀਆਂ ਭੋਜਨਾਂ ਦਾ ਸਾਰਾ ਸੁਆਦ ਇਹਨਾਂ ਵਿਚ ਹੀ ਆ ਕੇ ਕੱਠਾ ਹੋ ਗਿਆ ਹੋਵੇ।

ਅਸਾਂ ਛੇਆਂ ਬੰਦਿਆਂ ਨੇ ਅੱਠ ਸੇਰ ਆਟਾ ਚਟਮ ਕਰ ਲਿਆ, ਇਸ ਵਿਚੋਂ ਸਾਨੂੰ ਜੋ ਤ੍ਰਿਪਤੀ ਹੋਈ, ਤੇ ਜੋ ਸੁਆਦ ਆਇਆ, ਜ਼ਿੰਦਗੀ ਵਿਚ ਸ਼ਾਇਦ ਉਹ ਪਹਿਲਾ ਤੇ ਆਖਰੀ ਸੁਆਦ ਸੀ। ਨਾ ਕਦੀ ਉਹੋ ਜਿਹਾ ਸੁਆਦ ਆਇਆ ਹੈ, ਨਾ ਕਦੀ ਆਵੇਗਾ।

ਇਸ ਤੋਂ ਇਕੋ ਗੱਲ ਸਪਸ਼ਟ ਹੁੰਦੀ ਹੈ ਕਿ ਸੁਆਦ ਪਦਾਰਥਾਂ ਵਿਚ ਨਹੀਂ, ਭੁੱਖ ਵਿਚ ਹੁੰਦਾ ਹੈ। □

ਕਲਮ ਪੰਜਾਬ ਦੀ

—ਅਮਰ ਭਾਰਤੀ

"ਬੁੱਧੀਹੀਨ ਪਾਂਜਾਬੀ, ਜੇਖੋਨ ਬੋਲੇਛੀ ਜੇ ਪਾਂਚਟਾਇ ਏਸ਼ੋ, ਤੋਖੋਨ ਆਗੋਈ ਕੈਨੋ ਏਸ਼ੇ ਪੌਰੇਛੋ।"

ਗੱਲ 1959-60 ਦੀ ਹੈ। ਕੁਝ ਮਹੀਨਿਆਂ ਲਈ ਸ਼ਾਂਤੀਨਿਕੇਤਨ ਵਿਚ ਸਾਂ। ਸਭ ਜਾਣਦੇ ਸਨ ਕਿ ਮੈਂ ਇਕ ਕਲਮਕਾਰ ਹਾਂ ਤੇ ਰਵੀਂਦ੍ਰਨਾਥ ਟੈਗੋਰ ਦੇ ਨਾਵਲਾਂ—ਕਹਾਣੀਆਂ ਦਾ ਅਨੁਵਾਦ ਕਰ ਰਿਹਾ ਹਾਂ ਫਿਰ ਵੀ ਜਦੋਂ ਪਰਸਿੱਧ ਬੰਗਲਾ ਲੇਖਕ ਸੱਯਦ ਮੁਸਤਫਾ ਅਲੀ ਨੇ ਉਪਰੋਕਤ ਬਚਨ ਆਖੇ ਤਾਂ ਮੈਂ ਹੱਕਾ ਬੱਕਾ ਰਹਿ ਗਿਆ ਸਾਂ। ਸੱਯਦ ਮੁਸਤਫਾ ਅਲੀ ਦੀਆਂ ਪੁਸਤਕਾਂ ਮੈਂ ਪੜ੍ਹੀਆਂ ਹੋਈਆਂ ਸਨ ਤੇ ਉਨ੍ਹਾਂ ਦੀ ਲੇਖਨੀ ਦਾ ਪਰਸ਼ੰਸਕ ਵੀ ਸਾਂ। ਏਸੇ ਲਈ ਸ਼ਾਂਤੀ ਨਿਕੇਤਨ ਵਿਚ ਪਹੁੰਚਦਿਆਂ ਹੀ ਜਦੋਂ ਮੈਨੂੰ ਪਤਾ ਲੱਗਾ, ਕਿ ਇਹ ਸੱਜਣ ਏਥੇ ਹੀ ਨਿਵਾਸ ਰੱਖਦੇ ਹਨ ਤਾਂ ਉਨ੍ਹਾਂ ਨੂੰ ਚਾਹਕੇ ਮਿਲਣ ਚਲਾ ਗਿਆ ਸਾਂ। ਉਨ੍ਹਾਂ ਨੇ ਬੜੇ ਪਿਆਰ ਨਾਲ ਮੇਰੀ ਆਓ ਭਗਤ ਕੀਤੀ, ਸਾਹਿਤ ਚਰਚਾ ਵੀ ਕੀਤੀ ਤੇ ਮੇਰੇ ਬੰਗਲਾ ਭਾਸ਼ਾ ਦੇ ਗਿਆਨ ਦਾ ਇਮਤਿਹਾਨ ਵੀ ਲਿਆ। ਫਿਰ ਸਨੇਹ ਭਰੇ ਸੰਬੰਧ ਅਤੇ ਮੇਲ ਜੋਲ ਲਈ ਆਪਣੀ ਇੱਛਾ ਜਤਾਉਂਦਿਆਂ ਹੋਇਆਂ ਮੁੜ ਇਕ ਦਿਨ ਪੰਜ ਵਜੇ ਆਉਣ ਲਈ ਆਮੰਤ੍ਰਿਤ ਵੀ ਕੀਤਾ। ਉਹਨਾ ਇਹ ਦੱਸਣਾ ਵੀ ਜ਼ਰੂਰੀ ਸਮਝਿਆ ਕਿ ਬਿਨਾ ਟਾਈਮ ਲਿਆਂ ਉਨ੍ਹਾਂ ਨੂੰ ਕੋਈ ਨਹੀਂ ਮਿਲ ਸਕਦਾ, ਤੁਸੀਂ ਚੂੰਕਿ ਪਹਿਲੀ ਵਾਰ ਆਏ ਓ ਤੇ ਤੁਹਾਨੂੰ ਮੇਰੇ ਨਿਯਮ ਦਾ ਪਤਾ ਨਹੀਂ ਇਸ ਲਈ ਅੱਜ ਮਿਲ ਸੱਕੇ ਓ, ਅੱਗੋਂ ਜਦੋਂ ਵੀ ਆਓ, ਟਾਈਮ ਲੈ ਕੇ ਆਓ, ਅਗਲੀ ਵਾਰ ਦਾ ਟਾਈਮ ਅੱਜ ਹੀ ਤੈ ਕਰ ਲੈਂਦੇ ਹਾਂ — ਠੀਕ ਪੰਜ ਵਜੇ...ਦਿਨ....।

ਮਿਥੇ ਹੋਏ ਦਿਨ ਪੌਣੇ ਕੁ ਪੰਜ ਵਜੇ ਮੈਂ ਉਨ੍ਹਾਂ ਦੇ ਘਰ ਪਹੁੰਚ ਗਿਆ। ਨੌਕਰ ਨੇ ਬਾਹਰੋਂ ਹੀ ਆਖ ਦਿੱਤਾ, "ਉਹ ਸੌ ਰਹੇ ਨੇ,ਪੰਜ ਵਜੇ ਉਠਣਗੇ।"

ਮੈਂ ਪੰਦਰਾਂ ਵੀਹ ਮਿੰਟ ਸਾਹਮਣੀ ਗ੍ਰਾਊਂਡ ਵਿਚ ਬਹਿ ਕੇ ਫਿਰ ਉਨ੍ਹਾਂ ਦੇ ਘਰ ਗਿਆ। ਅੱਗੋਂ ਨੌਕਰ ਨੇ ਦੱਸਿਆ, "ਉਹ ਤਾਂ ਪੰਜ ਵਜੇ ਸੈਰ ਕਰਨ ਚਲੇ ਗਏ ਨੇ।" ਮੇਰੀ ਘੜੀ ਉਪਰ ਉਦੋਂ ਪੰਜ ਵਜ ਕੇ ਪੰਜ ਮਿੰਟ ਹੋਏ ਸਨ।

ਦੂਜੇ ਦਿਨ ਸ਼ਾਂਤੀਨਿਕੇਤਨ ਦੀ ਇੱਕੋ ਇਕ ਦੁਕਾਨ ਤੇ ਮਿਲ ਗਏ। ਮੈਂ ਪਹਿਲੇ ਦਿਨ ਮਿਲਨ ਜਾਣ ਬਾਰੇ ਦੱਸਿਆ ਤਾਂ ਬੋਲੇ, "ਤੁਸੀਂ ਪੰਜ ਵਜੇ ਨਹੀਂ ਆਏ, ਹੁਣ ਧਿਆਨ ਰੱਖਣਾ, ਪਰਸੋਂ ਠੀਕ ਪੰਜ ਵਜੇ ਆਓ, ਮੇਰੇ ਕੋਲ ਬੜਾ ਵਧੀਆ ਅੰਬ ਦਾ ਆਚਾਰ ਏ, ਤੁਹਾਨੂੰ ਖਵਾਵਾਂਗਾ ਵੀ ਤੇ ਦਿਆਂਗਾ ਵੀ। ਇਕ ਛੋਟਾ ਡੱਬਾ ਐਥੋਂ ਹੀ ਖ਼ਰੀਦ ਲਓ, ਨਾਲ ਲਈ ਆਉਣਾ ਅਚਾਰ ਲਈ।"

ਤੀਜੇ ਦਿਨ ਪੰਜ ਵਜਣ ਵਿਚ ਪੰਜ ਮਿੰਟ ਬਾਕੀ ਸਨ, ਮੈਂ ਟਾਈਮ ਬਾਰੇ ਸਾਵਧਾਨੀ ਵਰਤਦਿਆਂ ਉਨ੍ਹਾਂ ਦੀ ਕੋਠੀ ਦੇ ਬਾਹਰਲੇ ਗੇਟ ਤੇ ਜਾ ਪਹੁੰਚਾ। ਸੋਚਿਆ ਸੀ ਕਿ ਠੀਕ ਪੰਜ ਵਜੇ ਉਨ੍ਹਾਂ ਦਾ ਅੰਦਰਲਾ ਬੂਹਾ ਖੜਕਾਵਾਂਗਾ। ਪਰ ਬਾਹਰਲੇ ਗੇਟ ਤੇ ਪਹੁੰਚਦਿਆਂ ਹੀ ਵੇਖਿਆ ਉਹ ਆਪਣੇ ਕਮਰੇ ਦੇ ਬਾਹਰ ਬਣੇ ਬਰਾਂਡੇ ਵਿਚ ਬੈਠੇ ਕਿਸੇ ਨਾਲ ਗੱਲ ਕਰ ਰਹੇ ਸਨ। ਮੇਰੀ ਨਜ਼ਰ ਉਸੇ ਵੇਲੇ ਆਪਣੀ ਘੜੀ ਉਪਰ ਪਈ ਤੇ ਉਨ੍ਹਾਂ ਦੀ ਨਜ਼ਰ ਮੇਰੇ ਉਪਰ। ਫਿਰ ਅਚਾਨਕ ਗਰਜਵੀਂ ਅਵਾਜ਼ ਸੁਣੀ, "ਬੁਧੀਹੀਨ ਪੰਜਾਬੀ, ਜਦੋਂ ਤੈਨੂੰ ਪੰਜ ਵਜੇ ਆਉਣ ਲਈ ਆਖਿਆ ਏ ਤਾਂ ਪਹਿਲਾਂ ਹੀ ਕਿਉਂ ਆ ਗਿਐਂ?"

ਸੁਣਕੇ ਮੇਰਾ ਜਿਵੇਂ ਸਿਰ ਹੀ ਚਕਰਾ ਗਿਆ। ਪ੍ਰਤੀਕ੍ਰਿਆ ਵੀ ਤੁਰੰਤ ਹੀ ਹੋਈ। ਉਹ ਡੱਬਾ ਵਗਾਹ ਕੇ ਗੇਟੋਂ ਅੰਦਰ ਸੁਟਦਿਆਂ ਹੋਇਆਂ ਮੇਰੇ ਮੂੰਹੋਂ ਨਿਕਲਿਆ, "ਜਾਪਦਾ ਏ ਬੰਗਾਲੀਆਂ ਦਾ ਹਾਜ਼ਮਾ ਕੁਝ ਜ਼ਿਆਦਾ ਈ ਵਿਗੜ ਗਿਆ ਏ, ਬੁੱਧੀ ਵਰਗੀ ਚੀਜ਼ ਵੀ ਉਨ੍ਹਾਂ ਨੂੰ ਹਜ਼ਮ ਨਹੀਂ ਹੋ ਰਹੀ।" ਆਖ ਕੇ ਮੈਂ ਵਾਪਸ ਆ ਗਿਆ।

ਉਹ ਫਿਰ ਇਕ ਦਿਨ ਰਸਤੇ ਵਿਚ ਮਿਲ ਗਏ। ਮੈਨੂੰ ਘੇਰ ਕੇ ਸ਼ਰਮਸਾਰੀ ਜਤਾਈ ਤੇ ਫਿਰ ਬੇਨਤੀ ਭਰੇ ਸ਼ਬਦਾਂ ਵਿਚ ਕਿਹਾ, "ਭਲਕੇ ਜ਼ਰੂਰ ਆਉਣਾ ਮੇਰੇ ਘਰ ਪਰ ਠੀਕ ਪੰਜ ਵਜੇ।"

ਮੈਨੂੰ ਜਾਪਿਆ, ਆਦਮੀ ਤਾਂ ਦਿਲ ਦਾ ਚੰਗਾ ਏ, ਲਿਖਦਾ ਵੀ ਵਧੀਆ ਏ—ਪਰ ਟਾਈਮ ਦਾ ਇਹਨੂੰ ਖ਼ਬਤ ਏ। ਖ਼ਬਤ ਤਾਂ ਕਿਸੇ ਨੂੰ ਵੀ ਕਿਸੇ ਗੱਲ ਦਾ ਹੋ ਸਕਦਾ ਏ।

ਉਂਜ ਮੈਂ ਸੋਚੀ ਤਾਂ ਪੈ ਹੀ ਗਿਆ ਸਾਂ। ਸੋਚ ਇਹ ਸੀ ਕਿ ਇਸ ਆਦਮੀ ਨੇ ਏਨੇ ਸੌਖਿਆਂ ਹੀ ਅਚਾਨਕ ਇਹ ਗੱਲ ਕਿਵੇਂ ਆਖ ਦਿੱਤੀ – "ਬੁੱਧੀਹੀਨ ਪੰਜਾਬੀ....." ਇਸ ਸੋਚ ਵਿਚ ਪਿਆਂ ਪਿਆਂ ਹੀ ਧਿਆਨ ਆਇਆ ਕਿ ਇਹ ਗੱਲ ਤਾਂ ਇਸ ਤੋਂ ਪਹਿਲਾਂ ਵੀ ਕਈ ਸਿਆਣੇ ਬੰਗਾਲੀਆਂ ਨੇ ਬੜੇ ਸਹਿਜ ਭਾਅ ਹੀ ਆਖੀ ਏ, ਪਰ ਜ਼ਰਾ ਮੁਹੱਜ਼ਬ ਢੰਗ ਨਾਲ।

ਮੇਰਾ ਕੱਦ ਕਾਠ ਤਾਂ ਠੀਕ ਠਾਕ ਹੀ ਸੀ। ਸਿੰਘ ਸਰੂਪ ਵੀ ਆਪਣਾ ਪ੍ਰਭਾਵ ਤੁਰੰਤ ਹੀ ਪ੍ਰਗਟ ਕਰ ਦੇਂਦਾ ਸੀ। ਸੋ ਸਹਿਜ ਭਾਅ ਹੀ ਗੱਲਾਂ ਗੱਲਾਂ ਵਿਚ ਆਖ ਦੇਂਦੇ – "ਬਾਂਗਾਲੀਰ ਬੁੱਧੀ ਪਾਂਜਾਬੀਰ ਬੋਲ, ਜਦੀ ਦੁਟੋ ਮਿਲੇ ਜਾਏ ਤੋ ਆਮਰਾ ਸ਼ੋਬ ਅਸ਼ੋਭਬ ਕੇ ਸ਼ੋਭਬ ਕੋਰੇ ਦਿੱਤੇ ਪਾਰੀ।" ਭਾਵ ਇਹ ਕਿ ਜੇ ਬੰਗਾਲੀਆਂ ਦੀ ਬੁੱਧੀ ਅਤੇ ਪੰਜਾਬੀਆਂ ਦੀ ਤਾਕਤ ਆਪਸ ਵਿਚ ਮਿਲ ਜਾਏ ਤਾਂ ਅਸੀਂ ਸਭ ਅਸੰਭਵਾਂ ਨੂੰ ਸੰਭਵ ਕਰ ਸਕਦੇ ਹਾਂ। ਅਸਲ ਵਿਚ ਇਹ ਇਕ ਮੁਹਾਵਰਾ ਹੈ – ਜੋ ਸ਼ਾਇਦ ਅੰਗ੍ਰੇਜ਼ਾਂ ਵਿਰੁੱਧ ਲੜੇ ਜਾਂਦੇ ਆਜ਼ਾਦੀ ਦੇ ਘੋਲ ਦਰਮਿਆਨ ਹੋਂਦ ਵਿਚ ਆਇਆ ਸੀ ਅਤੇ ਬੜਾ ਪਰਚੱਲਤ ਹੋ ਗਿਆ ਸੀ। ਮੈਨੂੰ ਵੇਖਦਿਆਂ ਹੀ ਅਕਸਰ ਬੰਗਾਲੀਆਂ ਨੂੰ ਇਹ ਮੁਹਾਵਰਾ ਯਾਦ ਆ ਜਾਂਦਾ ਤੇ ਕੋਈ ਨਾ ਕੋਈ ਵੀ ਬੋਲ ਦੇਂਦਾ। ਸੁਣਕੇ ਪਹਿਲਾਂ ਤੇ ਕੁਝ ਓਪਰਾ ਓਪਰਾ ਜਿਹਾ ਲਗਦਾ, ਫਿਰ ਕੁਝ ਜ਼ਿਆਦਤੀ ਵਰਗਾ ਲਗਣ ਲਗਾ ਅਤੇ ਬਾਰ ਬਾਰ ਸੁਣਨ ਤੇ ਪਰੇਸ਼ਾਨ ਵੀ ਕਰਨ ਲਗ ਪਿਆ। ਪਰ ਪ੍ਰਤੀਕ੍ਰਿਆ ਵਜੋਂ ਭੜਕ ਉਠਣ ਤੇ ਤਾਂ ਉਹਨਾਂ ਦੀ ਗੱਲ ਹੀ ਸਹੀ ਸਿੱਧ ਹੋਣ ਦੀ ਸੰਭਾਵਨਾ ਵੇਖ ਕੇ ਆਪਣੇ ਆਪ ਨੂੰ ਬੰਗਾਲੀ–ਪੰਜਾਬੀ ਦੋਹਾਂ ਤੋਂ ਹੀ ਕੁਝ ਵਿੱਥ ਤੇ ਰੱਖ ਕੇ ਆਖ ਦੇਂਦਾ– "ਬੁੱਧੀ ਉੱਤੇ ਅਜਾਰੇਦਾਰੀ ਤਾਂ ਕਿਸੇ ਦੀ ਵੀ ਕਹਿਣੀ ਮੁਸ਼ਕਿਲ ਏ। ਫਿਰ ਬਲ ਤੋਂ ਬਿਨਾਂ ਬੁੱਧੀ ਟਿਕੀ ਵੀ ਕਿਵੇਂ ਰਹਿ ਸਕਦੀ ਏ?"

ਉਂਜ ਇਹ ਮੁਹਾਵਰਾ ਮੈਨੂੰ ਇਸ ਦੀ ਤਹਿ ਤਕ ਜਾਣ ਲਈ ਲਗਾਤਾਰ ਉਕਸਾਉਂਦਾ ਜ਼ਰੂਰ ਰਹਿੰਦਾ। ਏਸੇ ਮੁਹਾਵਰੇ ਨਾਲ ਮਿਲਦੀ ਜੁਲਦੀ 'ਪ੍ਰਮਥ ਨਾਥ ਬਿਸ਼ੀ' ਦੀ ਕਹਾਣੀ 'ਸਿੱਖ' ਵੀ ਮੇਰੇ ਮਨ ਮਸਤਕ ਵਿਚੋਂ ਨਵੇਂ ਸਿਰੇ ਉਜਾਗਰ ਹੋ ਗਈ। ਉਸ ਕਹਾਣੀ ਦਾ ਸਾਰ ਇਹ ਹੈ – ਬੰਗਾਲ ਵਿਚ ਹਿੰਦੂ ਮੁਸਲਮਾਨਾਂ ਦਾ ਮਜ਼ਹਬੀ ਫਸਾਦ ਚਲ ਰਿਹਾ ਹੈ। ਪਿੰਡਾਂ ਵਿਚ ਰਹਿੰਦੇ ਲੋਕਾਂ ਨੂੰ ਖ਼ਬਰਾਂ ਮਿਲਦੀਆਂ ਨੇ ਕਿ ਜਿੱਥੇ ਸਿੱਖ ਹੋਣ ਕੋਈ ਵੀ ਫਸਾਦ ਨਹੀਂ ਹੁੰਦਾ। ਦੋ ਪਿੰਡ ਹਨ – ਇਕ ਹਿੰਦੂਆਂ ਦਾ, ਦੂਜਾ ਮੁਸਲਮਾਨਾਂ ਦਾ। ਦੋਹਾਂ ਪਿੰਡਾਂ ਵਿਚ ਹੀ ਰਾਤ ਬਰਾਤ ਰੌਲਾ ਪੈ ਜਾਂਦਾ – "ਆ ਗਏ, ਆ ਗਏ।" ਅਤੇ ਦੋਹਾਂ ਪਿੰਡਾਂ ਦੇ ਲੋਕ ਹੀ ਜਾਂ ਤੇ ਪਿੰਡ ਛੱਡ ਕੇ ਬਾਹਰ ਨਿਕਲ ਕੇ ਆਪਸ ਵਿਚ ਭਿੜਨ ਲਈ ਤਿਆਰ ਹੋ ਜਾਂਦੇ ਜਾਂ ਲੁਕਣ ਦੀਆਂ ਥਾਂਵਾਂ ਲੱਭਦੇ। ਦੋਹਾਂ ਪਿੰਡਾਂ ਵਾਲੇ ਹੀ ਇਸ ਨਿਤ ਦੀ ਭਾਜੜ ਤੋਂ ਤੰਗ ਆਏ ਸੋਚਦੇ ਕਿ ਕਿਧਰਿਉਂ ਕੋਈ ਇੱਕ ਅੱਧਾ ਸਿੱਖ ਲੱਭ ਲਿਆਈਏ, ਫਿਰ ਕੋਈ ਖ਼ਤਰਾ ਨਹੀਂ ਰਹੇਗਾ।

ਏਸ ਦੌਰਾਨ ਹਿੰਦੂ ਪਿੰਡ ਵਿਚ ਇਕ ਦਿਨ ਇਕ ਆਦਮੀ ਆਉਂਦਾ ਹੈ – ਜੋ ਸਿੱਖ ਲਗਦਾ ਹੈ। ਉਸ ਦੇ ਹੱਥ ਵਿਚ ਕੜੇ ਵਰਗੀ ਇਕ ਤਾਰ ਜਿਹੀ ਵੀ ਹੈ, ਦਾੜੀ ਕੇਸ ਵੀ ਹਨ ਤੇ ਸਿਰ ਉਪਰ ਕਪੜਾ ਵੀ ਵਲਿਆ ਹੋਇਆ ਹੈ। ਪਿੰਡ ਵਾਲੇ ਸਮਝਦੇ ਹਨ ਕਿ ਭਗਵਾਨ ਨੇ ਉਨ੍ਹਾਂ ਦੀ ਸੁਣ ਲਈ ਹੈ ਤੇ ਸਿੱਖ ਨੂੰ ਉਨ੍ਹਾਂ ਕੋਲ ਭੇਜ ਦਿੱਤਾ ਹੈ। ਉਹ ਆਦਮੀ ਬੋਲਦਾ ਨਹੀਂ, ਜਿਵੇਂ ਮੋਨ ਬ੍ਰਤ ਧਾਰੀ ਹੋਵੇ। ਪਿੰਡ ਵਾਲੇ ਉਸ ਦੀ ਆਰਤੀ ਉਤਾਰਦੇ ਹਨ, ਰਵੀਂਦ੍ਰ ਨਾਥ ਟੈਗੋਰ ਦੀ ਬੰਦਾ ਬਹਾਦਰ ਬਾਰੇ ਕਵਿਤਾ 'ਬੰਦੀਬੀਰ' ਦਾ ਕਾਵਿ ਪਾਠ ਕਰਕੇ ਉਸਨੂੰ ਰੀਝਾਉਂਦੇ ਹਨ। ਉਸ ਨੂੰ ਇਕ ਕਮਰਾ ਦੇ ਦੇਂਦੇ ਹਨ ਤੇ ਰਜਵਾਂ ਅੰਨ ਪਾਣੀ, ਦੁੱਧ ਫਲ ਉਸ ਦੇ ਸਾਹਮਣੇ ਹਾਜ਼ਿਰ ਰੱਖਦੇ ਹਨ। ਦੂਸਰੇ ਮੁਸਲਿਮ ਪਿੰਡ ਵਾਲਿਆਂ ਨੂੰ ਵੀ ਪਤਾ ਲਗ ਜਾਂਦਾ ਹੈ ਕਿ ਹਿੰਦੂ ਪਿੰਡ ਵਿਚ ਸਿੱਖ ਆ ਗਿਆ ਹੈ। ਉਸ ਤੋਂ ਡਰੇ ਹੋਏ ਉਹ ਵੀ ਸ਼ਾਂਤ ਤੇ ਇਸ ਜੁਗਾੜ ਵਿਚ ਰਹਿੰਦੇ ਹਨ ਕਿ ਅਸੀਂ ਵੀ ਕਿਧਰਿਉਂ ਇਕ ਸਿੱਖ ਲੱਭ ਲਿਆਈਏ। ਇੰਜ ਦੋਵੇਂ ਪਿੰਡ ਕਾਫ਼ੀ ਦਿਨਾਂ ਤਕ ਸ਼ਾਂਤ ਰਹਿੰਦੇ ਹਨ।

ਫਿਰ ਇਕ ਦਿਨ ਅਚਾਨਕ ਉਹ ਆਦਮੀ ਚੁਪ ਚੁਪੀਤਾ ਉਥੋਂ ਟੁਰ ਜਾਂਦਾ ਹੈ। ਪਿੰਡ ਵਾਲੇ ਉਸ ਦੀ ਭਾਲ ਵਿਚ ਹੀ ਹੁੰਦੇ ਨੇ ਕਿ ਇਕ ਬਜ਼ੁਰਗ ਬੰਗਾਲੀ ਆਉਂਦਾ ਹੈ। ਉਹ ਕਹਿੰਦਾ ਹੈ ਕਿ ਉਸਦਾ ਪੁੱਤਰ ਕਈ ਦਿਨਾਂ ਤੋਂ ਘਰੋਂ ਨਿਕਲ ਗਿਆ ਹੈ। ਲਭਦਾ ਨਹੀਂ, ਪਤਾ ਲੱਗਾ ਏ ਕਿ ਉਹ ਇਸ ਪਿੰਡ ਚਿ ਆਇਆ ਏ। ਐਹ ਉਹਦੀ ਫੋਟੋ ਏ। ਫੋਟੋ ਵੇਖ ਕੇ ਸਾਰਿਆਂ ਦੇ ਮੂੰਹੋਂ ਇੱਕਠਾ ਹੀ ਨਿਕਲਦਾ ਏ – "ਓਏ ਸਿੱਖ ਜੀ।" ਉਹ ਬਜੁਰਗ ਦੱਸਦਾ ਏ ਕਿ ਉਸਦੇ ਪੁੱਤਰ ਦਾ ਦਿਮਾਗ਼ ਥੋੜਾ ਹਿੱਲ ਗਿਆ ਏ ਤੇ ਉਹ ਅਕਸਰ ਘਰੋਂ ਨਿਕਲ ਜਾਂਦਾ ਏ।

ਜਦੋਂ ਇਹ ਕਹਾਣੀ ਵੀ ਉਸੇ ਮੁਹਾਵਰੇ ਦੀ ਪੁਸ਼ਟੀ ਕਰਦੀ ਲੱਗੀ ਤਾਂ ਸੋਚ ਪਜੰਾਬ ਦੀ ਕਲਮ ਨਾਲ ਜਾ ਜੁੜੀ। ਸਵਾਲ ਸਪਸ਼ਟ ਸੀ। ਜਵਾਬ ਉਸ ਤੋਂ ਵੀ ਜ਼ਿਆਦਾ ਸਪਸ਼ਟ ਸੀ। ਜੋ ਜਵਾਬ ਇਤਿਹਾਸ ਵਿਚੋਂ ਉਘੜ ਕੇ ਸਾਹਮਣੇ ਆਇਆ ਉਹ ਇਹ ਸੀ ਕਿ ਪੰਜਾਬ ਦੀ ਕਲਮ ਅਤੇ ਪੰਜਾਬ ਦੀ ਬੁੱਧੀ ਦੇਸ ਹੀ ਨਹੀਂ ਸਾਰੇ ਜਗਤ ਵਿਚ ਸਰੇਸ਼ਠ ਤੇ ਬੇਮਿਸਾਲ (ਰਹੀ) ਹੈ। ਇਹ ਅਤੀ ਪ੍ਰਾਚੀਨ ਹੈ, ਕਿਉਂਕਿ ਪੰਜਾਬੀ ਬੁੱਧੀ ਦਾ ਪਿਛੋਕੜ ਸੰਸਾਰ ਦੇ ਸਭ ਤੋਂ ਪਹਿਲੇ ਅਤੇ ਸਭ ਤੋਂ ਸਮਰਿੱਧ ਗਿਆਨ ਸਰੋਤ – 'ਵੇਦਾਂ' ਦੀ ਉਸ ਧਰਤੀ ਨੂੰ ਜਾ ਛੂੰਹਦਾ ਹੈ ਜਿਸ ਦੀਆਂ ਨਦੀਆਂ ਦੇ ਕੰਢੇ ਵੇਦਾਂ ਦੀ ਰਚਨਾ ਹੋਈ! ਇਸੇ ਧਰਤੀ ਨੇ ਗੀਤਾਂ ਨੂੰ ਕੁਰਕਸ਼ੇਤਰ ਦਾ ਮੈਦਾਨ ਅਰਪਨ ਕੀਤਾ ਸੀ। ਏਸੇ ਧਰਤੀ ਨੇ ਗੌਤਮ ਬੁੱਧ ਦੇ ਗਿਆਨ ਪਸਾਰੇ ਲਈ ਤਕਸ਼ਸ਼ਿਲਾ ਜਿਹੀ ਗਿਆਨ-ਪੀਠ ਦਿੱਤੀ ਸੀ। ਅਤੇ ਫਿਰ ਏਸੇ ਧਰਤੀ ਦੀ ਕਲਮ ਨੇ ਇਕ ਐਸੇ ਗੁਰੂ ਗ੍ਰੰਥ ਦੀ ਮੰਤਰਮਈ ਬਾਣੀ ਦਿੱਤੀ ਜਿਸ ਦੀ ਤੁਲਨਾ ਦਾ ਦਾਅਵਾ ਸੰਸਾਰ ਭਰ ਵਿਚ ਕੋਈ ਗ੍ਰੰਥ ਨਹੀਂ ਕਰ ਸਕਦਾ। ਇਸ ਵਿਚ ਮਨੁੱਖੀ ਮਨ ਤੇ ਮਨੁੱਖਾ ਇਤਿਹਾਸ ਦੀ ਅਧਿਆਤਮਕ ਚੇਤਨਾ, ਰਸ, ਸਾਧਨਾ ਤੇ ਬੌਧਿਕ ਵਿਕਾਸ ਦੀਆਂ ਵਿਸ਼ਵ ਵਿਆਪੀ ਧਾਰਾਵਾਂ ਦਾ ਐਸਾ ਬੇਮਿਸਾਲ ਪ੍ਰਕਾਸ਼ ਅਤੇ ਸੁਮੇਲ ਹੈ ਕਿ ਜੋ ਕੋਈ ਵੀ ਗੰਭੀਰਤਾ ਨਾਲ ਇਸ ਦੇ ਸਪਰਸ਼ ਵਿਚ ਆ ਜਾਏ – ਉਹ ਹਮੇਸ਼ਾ ਹਮੇਸ਼ਾ ਲਈ ਨਿਰੁੱਤਰ ਹੋਕੇ ਸਹਿਜ ਭਾਓ ਵਿਚ ਪਹੁੰਚ ਜਾਏ।

ਜਾਪਿਆ, ਏਥੋਂ ਤਕ ਤਾਂ ਸਭ ਠੀਕ ਹੈ। ਬੰਗਾਲੀ ਜਾਂ ਸੰਸਾਰ ਦੀ ਕਿਸੇ ਵੀ ਭਾਸ਼ਾ ਦਾ ਕਲਮਕਾਰ ਅਥਵਾ ਬੁੱਧਵਾਨ ਇਸ ਗਿਆਨ-ਸਰੋਤ ਦੇ ਸਾਹਮਣੇ ਠਿਠਕ ਕੇ ਖਲੋ ਜਾਣ ਲਈ ਮਜਬੂਰ ਹੈ। ਫਿਰ ਸਵਾਲ ਉਪਜਿਆ ਕਿ ਉਹ ਸਰੋਤ ਗਿਆ ਕਿੱਥੇ? ਅਤੇ ਇਸ ਸਵਾਲ ਦਾ ਜਵਾਬ ਵੀ ਇਕ ਬੰਗਾਲੀ 'ਰਵਿੰਦ੍ਰਨਾਥ ਟੈਗੋਰ' ਕੋਲੋਂ ਹੀ ਮਿਲਨ ਤੇ ਮੈਂ ਜਿਵੇਂ ਤ੍ਰਭਕ ਉਠਿਆ। ਰਵੀਂਦ੍ਰਨਾਥ ਨੇ ਇਸ ਬਾਰੇ ਕੁਝ ਇਸ ਭਾਵ ਦੀ ਗੱਲ ਆਖੀ ਹੈ – ਗੁਰੂ ਨਾਨਕ ਦੀ ਜੋ ਭਾਵ ਧਾਰਾ ਹਿਮਾਲਯ ਦੇ ਸ਼ਿਖਰ ਚੋਂ ਉਗਮੀ ਸੀ ਉਹ ਸਮੇਂ ਨਾਲ ਸ਼ਕਤੀ ਦੇ ਰੇਗਿਸਤਾਨ ਵਿਚ ਜਾਕੇ ਗਵਾਚ ਗਈ।

ਟੈਗੋਰ ਦੀ ਇਸ ਉਕਤੀ ਦਾ ਧਿਆਨ ਆਉਂਦਿਆਂ ਹੀ "ਬੰਗਾਲੀ ਦੀ ਬੁੱਧੀ ਤੇ ਪੰਜਾਬੀ ਦਾ ਬਲ" ਦਾ ਭਾਵ ਸਪਸ਼ਟ ਹੋਣ ਲਗ ਪਿਆ। ਫਿਰ ਜਦੋਂ ਇਸ ਦੀ ਫੋਲਾ ਫਾਲੀ ਸ਼ੁਰੂ ਕੀਤੀ ਤਾਂ ਵੇਖਿਆ ਕਿ ਕਦੇ ਪੰਜਾਬ ਦੀ ਕਲਮ ਲਿਖਦੀ ਸੀ ਤੇ ਲਹਿਰਾਂ ਉਸਦੇ ਅਨੁਸਾਰ ਉਠਦੀਆਂ ਸਨ। ਉਸ ਦੇ ਮਗਰ ਮਗਰ ਟੁਰਦੀਆਂ ਸਨ। ਗੁਰਬਾਣੀ ਤੇ ਸੂਫ਼ੀ ਕਲਾਮ ਦੀ ਰਚਨਾ ਦੇ ਸਮੇਂ ਤਕ ਏਹੋ ਕ੍ਰਮ ਸੀ। ਕਲਮ ਪ੍ਰਭਾਵਤ ਕਰਦੀ ਸੀ। ਮਨੁੱਖ ਮਨੁੱਖ ਦੇ ਗਲ ਲਗਦਾ ਸੀ, ਸਮਸਤ ਜੀਵ ਜੰਤ ਉਸਦਾ ਪਰਵਾਰ ਸੀ।

ਫਿਰ ਕ੍ਰਮ ਬਦਲ ਗਿਆ। ਗ੍ਰੰਥਾਂ ਵਿਚੋਂ 'ਰਾਜ' ਦਾ ਸੰਕਲਪ ਲਭ ਲਿਆ ਗਿਆ ਤੇ 'ਰਾਮ' ਨੂੰ ਅੱਖੋਂ ਪਰੋਖਾ ਕਰ ਦਿੱਤਾ ਗਿਆ। ਇੰਜ ਪਹਿਲਾ ਕ੍ਰਮ ਬਦਲਨ ਨਾਲ ਹੋਇਆ। ਰਾਜਿਆਂ ਦੇ, ਮਜ਼ਹਬਾਂ ਦੇ, ਸਮਾਜ ਦੇ ਅਤੇ ਰਾਜਨੀਤੀ ਦੇ ਨਾਮ ਉਪਰ ਲਹਿਰਾਂ ਤੇ ਸੰਪਰਦਾਵਾਂ ਉਠਣੀਆਂ ਸ਼ੁਰੂ ਹੋ ਗਈਆਂ ਅਤੇ ਕਲਮਾਂ ਵਾਲੇ ਉਨ੍ਹਾਂ ਦਾ ਵਖਿਆਨ ਕਰਨ ਲਗ ਗਏ। ਅਧਿਆਤਮ ਤੇ ਦਰਸ਼ਨ ਨੂੰ ਰੁਮਾਲਾਂ ਵਿਚ ਬੰਨ੍ਹ ਕੇ ਪੂਜਾ ਲਈ ਸਜਾ ਦਿੱਤਾ ਗਿਆ ਤੇ ਭੌਤਕ ਪਦਾਰਥਾਂ ਦੀ ਮਹਿਮਾ ਕਲਮਾਂ ਦਾ ਧਰਮ ਬਣ ਗਿਆ। ਵੇਦ ਵੇਦਾਂਤ ਯੋਗ ਦੀ ਸਾਡੀ ਵਿਰਾਸਤ ਬੰਗਾਲੀ ਕਲਮਾਂ ਨੇ ਸੰਭਾਲ ਲਈ ਤੇ ਪੰਜਾਬੀਆਂ ਨੇ ਸੱਤ ਸਮੁੰਦਰ ਪਾਰੋਂ ਆਏ ਵਿਚਾਰ ਨੂੰ ਅਧਾਰ ਬਣਾਕੇ ਲੀਕਾਂ ਵਾਹੁਣੀਆਂ ਸ਼ੁਰੂ ਕਰ ਦਿੱਤੀਆਂ।

ਪਤਾ ਨਤੀਜਿਆਂ ਤੋਂ ਹੀ ਲਗਦਾ ਹੈ। ਜਿਹੜੀਆਂ ਬਾਹਵਾਂ ਗਲੀਂ ਲਗਦੀਆਂ ਸਨ – ਉਨ੍ਹਾਂ ਨੇ ਹੀ ਗਲ ਵੱਢਣੇ ਸ਼ੁਰੂ ਕਰ ਦਿੱਤੇ। ਧਰਤੀ ਵੰਡੀ ਗਈ, ਲੋਕ ਵੰਡੇ ਗਏ। ਫਿਰ ਭਾਸ਼ਾ ਨੇ ਮੋਰਚਾ ਸੰਭਾਲਿਆ। ਭਾਸ਼ਾ ਉਪਰ ਪੰਥ ਭਾਰੂ ਹੋ ਗਿਆ, ਧਰਤੀ ਫਿਰ ਵੰਡੀ ਗਈ। ਹੁਣ ਕਲਮਾਂ ਦੀ ਸਰਦਾਰੀ ਮਾਰਕਸੀ ਪੰਥ ਦੇ ਹੱਥ ਸੀ। ਮਾਰਕਸੀ ਕਲਮਾਂ ਨੇ 'ਅਕਾਲੀ ਮੋਰਚਿਆਂ ਦੇ ਇਤਿਹਾਸ' ਤਾਂ ਲਿਖੇ ਜਿਨ੍ਹਾਂ ਦਾ ਪਿਛੋਕੜ ਚੰਦ ਸਾਲਾਂ ਦਾ ਸੀ, ਪਰ ਅਸਲ ਪੰਜਾਬ ਬਾਰੇ ਕਦੇ ਕੁਝ ਨਾ ਲਿਖਿਆ। ਸਾਂਝੇ ਬੋਲਾਂ ਵਾਲੀਆਂ 'ਸੀਰਤਾਂ' ਨੂੰ ਨਕਾਰ ਕੇ ਮਜ਼ਹਬੀ 'ਸੂਰਤਾਂ' ਨਵੀਆਂ ਹੱਦ ਬੰਦੀਆਂ ਦਾ ਅਧਾਰ ਬਣੀਆਂ। ਇਨ੍ਹਾਂ ਕਾਮਯਾਬੀਆਂ ਤੋਂ ਉਤਸਾਹਤ ਮਾਨਸਿਕਤਾ ਹੋਰ ਉਗਰ ਹੋ ਉਠੀ ਤੇ ਦਸ ਬਾਰਾਂ ਸਾਲਾਂ ਦਾ ਕਟਾਵੱਢੀ ਦਾ ਇਕ ਹੋਰ ਦੌਰ ਚੱਲਿਆ। ਕਿਸੇ ਨੂੰ ਪਤਾ ਨਹੀਂ ਸੀ ਲਗਦਾ ਕਿਸੇ ਦੀ

ਬਾਕੀ ਦੇਖੋ ਸਫਾ 45 ਤੇ

ਸਵਰਗਵਾਸੀ ਸ. ਨਾਨਕ ਸਿੰਘ ਨਾਵਲਿਸਟ ਦੇ ਨਾਂ ਇਕ ਖ਼ਤ

ਮੇਰੇ ਪਿਆਰੇ ਬਾਊ ਜੀ,

ਅਜ ਤੋਂ ਸੋ ਸਾਲ ਪਹਿਲਾਂ ਤੁਹਾਡਾ ਜਨਮ ਹੋਇਆ ਜਿਹਲਮ ਜ਼ਿਲੇ ਦੇ ਇਕ ਗੁਮਨਾਮ ਜਿਹੇ ਪਿੰਡ, ਚੱਕ ਹਮੀਦ ਵਿਚ। ਬਚਪਨ ਤੋਂ ਹੀ ਖ਼ੁਸ਼ੀਆਂ ਨਸੀਬ ਨਾ ਹੋਈਆਂ। ਛੋਟੀ ਜਿਹੀ ਉਮਰ ਵਿਚ ਹੀ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਪਿਤਾ ਦਾ ਪਿਆਰ ਕਿਸਨੂੰ ਕਹਿੰਦੇ ਹਨ ਇਹ ਤੁਹਾਨੂੰ ਪਤਾ ਨਾ ਲੱਗਾ। ਪੜ੍ਹਾਈ ਵਿਚ ਨਿਹਾਇਤ ਜ਼ਹੀਨ ਹੋਣ ਦੇ ਬਾਵਜੂਦ ਤੁਹਾਨੂੰ ਸਕੂਲੀ ਵਿਦਿਆ ਵੀ ਪੂਰੀ ਲੈਣੀ ਨਸੀਬ ਨਾਂ ਹੋਈ। ਅਪਾਹਜ ਮਾਂ ਦੀ ਅਣਥੱਕ ਸੇਵਾ ਤੇ ਛੋਟੇ ਭੈਣ ਭਰਾਵਾਂ ਦੀ ਪਾਲਣਾ—ਪੋਸਣਾ ਦਾ ਭਾਰ ਤੁਹਾਡੇ ਨੰਨ੍ਹੇ ਮੋਢਿਆਂ ਤੇ ਆਣ ਪਿਆ। ਬਚਪਨ ਤਾਂ ਤੁਹਾਡੀ ਜ਼ਿੰਦਗੀ ਵਿਚ ਆਇਆ ਹੀ ਨਹੀਂ। ਘਰੇਗੀ ਜ਼ਿੰਮੇਵਾਰੀਆਂ ਨਿਭਾਂਦਿਆਂ, ਆਰਥਕ ਤੰਗੀਆਂ—ਤੁਰਸ਼ੀਆਂ ਨਾਲ ਜੂਝਦਿਆਂ ਹੀ ਬੀਤ ਗਿਆ। ਬੇਸਹਾਰਾ ਤੇ ਬੇਮਦਦਗਾਰ, ਤੁਸੀ ਜਵਾਨੀ ਦੀਆਂ ਬਰੂਹਾਂ ਤੇ ਕਦਮ ਧਰਿਆ — ਹਰ ਤਰਫ਼ ਘੋਰ ਨਿਰਾਸ਼ਾ ਤੇ ਨਾਉਮੀਦੀ। ਤੁਸੀ ਨਿਰਾਸ ਵੀ ਹੋਏ, ਉਦਾਸੀਨਤਾ ਨੇ ਵੀ ਕਈ ਵਾਰੀ ਆ ਘੇਰਿਆ, ਪਰ ਫਿਰ ਵੀ ਤੁਸੀਂ ਹਿੰਮਤ ਨਹੀ ਹਾਰੀ। ਘਰੋਂ ਨਿਕਲ ਤੁਰੇ, ਵੱਡੇ ਤੋਂ ਵੱਡੇ ਸੰਘਰਸ਼ਾਂ ਵਿਚੋਂ ਗੁਜ਼ਰੇ। ਜ਼ਿੰਦਗੀ ਨੂੰ ਬਹੁਤ ਕਰੀਬ ਤੋਂ ਦੇਖਿਆ, ਸਮਾਜ ਦੇ ਕੁਹਜਾਂ ਦੀ ਘਿਨਾਉਣੀ ਤਸਵੀਰ ਤੱਕੀ। 'ਕਲਮ' ਚੁੱਕੀ ਤੇ ਲਿਖਣਾ ਸ਼ੁਰੂ ਕਰ ਦਿੱਤਾ — ਕਵਿਤਾ, ਕਹਾਣੀ, ਨਾਵਲ, ਨਾਟਕ, ਸਭ ਮਾਧਿਅਮਾਂ ਰਾਹੀਂ ਆਪਣੇ ਅੰਦਰਲੇ ਦਾ ਪ੍ਰਗਟਾਉ ਕਰਨਾ ਸ਼ੁਰੂ ਕੀਤਾ। ਤੁਹਾਨੂੰ ਆਪਣਾ ਰਸਤਾ ਮਿਲ ਗਿਆ, ਅਪਣਾ ਮਕਸਦ ਹਾਸਲ ਹੋ ਗਿਆ। ਤੁਸੀ ਲਿਖਦੇ ਗਏ, ਤੁਹਾਡੇ ਪਾਠਕਾਂ ਦਾ ਘੇਰਾ ਵਧਦਾ ਗਿਆ। ਤੁਹਾਨੂੰ ਸਾਹਿੱਤਕ ਮਾਹੌਲ ਮਿਲਣ ਲੱਗਾ। ਤੁਹਾਡੇ ਨਾਵਲਾਂ ਦੀ ਚਰਚਾ ਹੋਣ ਲੱਗੀ। ਕਾਲਜਾਂ ਤੇ ਯੂਨੀਵਰਸਟੀਆਂ ਦੇ ਕੋਰਸ ਲੱਗਣ ਲੱਗੇ। ਤੇ ਤੁਹਾਨੂੰ ਇਕ ਅਨੋਖੀ ਖ਼ੁਸ਼ੀ ਦਾ ਅਹਿਸਾਸ ਹੋਣ ਲੱਗਾ। ਪਰ ਨਾਲ ਹੀ ਕਿਸੇ ਕਿਸੇ ਵੇਲੇ ਇਕ ਦਰਦ ਭਰਿਆ ਹੋਕਾ ਵੀ ਅੰਦਰੋਂ ਨਿਕਲਦਾ ਕਿ ਕਾਸ਼! ਮੈਨੂੰ ਉੱਚੀ ਵਿਦਿਆ ਪ੍ਰਾਪਤ ਕਰਨ ਦਾ ਮੌਕਾ ਮਿਲਿਆ ਹੁੰਦਾ।

ਤੁਸੀ ਲਿਖਣ ਦੇ ਨਾਲ ਨਾਲ ਵਖ ਵਖ ਭਾਸ਼ਾਵਾਂ ਸਿਖੀਆਂ, ਹਿੰਦੀ, ਉਰਦੂ, ਅੰਗ੍ਰੇਜ਼ੀ, ਬੰਗਲਾ ਆਦਿ। ਇਨ੍ਹਾਂ ਭਾਸ਼ਾਵਾਂ ਦਾ ਸਾਹਿਤ ਪੜ੍ਹਿਆ, ਇਨ੍ਹਾਂ ਭਾਸ਼ਾਵਾਂ ਦੀਆਂ ਕਈ ਚੰਗੀਆਂ ਰਚਨਾਵਾਂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ। ਤੁਸੀਂ ਲਿਖਦੇ ਗਏ, ਮਾਨਤਾ ਮਿਲਦੀ ਗਈ। ਤੁਹਾਡੇ ਸਾਹਿਤਕਾਰ ਮਿਤਰਾਂ ਦਾ ਘੇਰਾ ਵਧਣ ਲਗਾ। ਪ੍ਰਿੰ. ਤੇਜਾ ਸਿੰਘ, ਧਨੀ ਰਾਮ ਚਾਤ੍ਰਿਕ, ਗੁਰਮੁਖ ਸਿੰਘ ਮੁਸਾਫਿਰ, ਡਾ. ਮੋਹਣ ਸਿੰਘ, ਸੋਭਾ ਸਿੰਘ ਆਰਟਿਸਟ, ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰੋ. ਮੋਹਣ ਸਿੰਘ, ਡਾ. ਗੋਪਾਲ ਸਿੰਘ ਦਰਦੀ, ਮੌਲਾਬਖ਼ਸ਼ ਕੁਸ਼ਤਾ, ਜੋਸ਼ੂਆ ਫਜ਼ਲਦੀਨ, ਵਿਧਾਤਾ ਸਿੰਘ ਤੀਰ, ਐਸ.ਐਸ.ਅਮੋਲ, ਹੀਰਾ ਸਿੰਘ ਦਰਦ, ਨਰਿੰਦਰ ਸਿੰਘ ਸੋਚ, ਹਰਿੰਦਰ ਸਿੰਘ ਰੂਪ, ਆਦਿ ਉਸ ਸਮੇਂ ਦੇ ਸਾਹਿਤਕਾਰ, ਕਲਾਕਾਰ ਤੁਹਾਡੇ ਸੰਪਰਕ ਵਿਚ ਆਏ।

ਤੁਸੀਂ ਇੱਕਲੇ ਤੁਰੇ ਸੀ, ਬਿਲਕੁਲ ਇੱਕਲੇ। ਪਰ ਤੁਹਾਡੀ ਕਲਮ ਨਾਲ, ਤੁਹਾਡੀਆਂ ਲਿਖਤਾਂ ਨਾਲ ਪਾਠਕਾਂ ਤੇ ਲੇਖਕਾਂ ਦਾ ਇਕ ਕਾਫ਼ਲਾ ਬਣਦਾ ਗਿਆ। ਤੁਸੀਂ ਪ੍ਰੀਤ ਨਗਰ ਗਏ, ਜਿੱਥੇ ਤੁਹਾਨੂੰ ਲਿਖਣ ਦਾ ਹੋਰ ਸੁਖਾਵਾਂ ਮਾਹੌਲ ਮਿਲਿਆ। ਤੁਹਾਡੀ ਕਲਮ ਚਲਦੀ ਗਈ, ਇਸਦੀ ਸ਼ਕਤੀ ਵਧਦੀ ਗਈ। ਤੁਸੀਂ ਇਕ ਵਿਅਕਤੀ ਤੋਂ ਇਕ ਸੰਸਥਾ ਬਣ ਗਏ। ਪ੍ਰੀਤਨਗਰ ਵਿਚ ਸ੍ਰ. ਗੁਰਬਖ਼ਸ਼ ਸਿੰਘ ਤੋਂ ਛੁਟ ਤੁਹਾਨੂੰ ਹੋਰ ਵੀ ਕਈ ਨਵੇਂ ਮਿੱਤਰ ਮਿਲੇ, ਜਿਨ੍ਹਾਂ ਨਾਲ ਤੁਸੀਂ ਕਹਿਕਾ ਮਾਰਕੇ ਹੱਸ ਸਕਦੇ ਸੋ, ਦਿਲ ਦੀਆਂ ਤਹਿਆਂ ਵਿਚੋਂ ਦੱਬੀਆਂ ਗੱਲਾਂ ਫਰੋਲ ਫਰੋਲ ਸੁਣਾ ਸਕਦੇ ਸੋ। ਤੇ ਇਹਨਾਂ ਲੋਕਾਂ ਵਿਚ ਸ਼ਾਮਲ ਸਨ, ਪਿਆਰਾ ਸਿੰਘ ਸਹਿਰਾਈ, ਬਲਰਾਜ ਸਾਹਣੀ, ਭਾਪਾ ਪ੍ਰੀਤਮ ਸਿੰਘ, ਪਿਆਰਾ ਸਿੰਘ ਦਾਤਾ, ਨੌਰੰਗ ਸਿੰਘ, ਸੰਤ ਇੰਦਰ ਸਿੰਘ ਚਕਰਵਰਤੀ, ਨਰਿੰਦਰ ਸਿੰਘ ਆਦਿ।

ਬਾਊ ਜੀ, ਤੁਹਾਨੂੰ ਬਚਪਨ ਵਿਚ ਪਿਆਰ ਨਹੀਂ ਸੀ ਮਿਲਿਆ ਪਰ ਤੁਹਾਡੇ ਮਿਤਰਾਂ ਨੇ, ਤੁਹਾਡੇ ਅਣਗਿਣਤ ਪਾਠਕਾਂ ਨੇ ਤੇ ਤੁਹਾਡੇ ਆਪਣੇ ਪਰਵਾਰ ਨੇ ਤੁਹਾਨੂੰ ਰਜ ਰਜ ਪਿਆਰ ਦਿੱਤਾ। ਬਚਪਨ ਤੇ ਜਵਾਨੀ ਵਿਚ ਬੇਰੁਜ਼ਗਾਰੀ ਤੇ ਬੇ ਸਰੋ—ਸਾਮਾਨੀ ਦੀ ਅਵਸਥਾ ਵਿਚੋਂ ਗੁਜ਼ਰਦਿਆਂ ਤੁਹਾਨੂੰ ਕਿਸੇ ਸਤਿਕਾਰ ਨਹੀਂ ਸੀ ਦਿੱਤਾ। ਪਰ ਤੁਹਾਡੀ ਕਲਮ ਨੇ ਤੁਹਾਨੂੰ ਸਤਿਕਾਰ ਤੇ ਸਨਮਾਨਾਂ ਨਾਲ ਮਾਲਾਮਾਲ ਕਰ

ਦਿੱਤਾ। ਤੁਹਾਨੂੰ ਵਿਦਿਆ ਨਸੀਬ ਨਹੀਂ ਸੀ ਹੋਈ, ਤੁਸੀਂ ਆਪਣੇ ਬੱਚਿਆਂ ਨੂੰ ਉੱਚੀ ਤੋਂ ਉੱਚੀ ਤਾਲੀਮ ਦਿਵਾਕੇ ਆਪਣੀ ਤਮੰਨਾ ਪੂਰੀ ਕਰ ਲਈ। ਤੁਸੀਂ ਪੰਜ ਜਮਾਤਾਂ ਤੋਂ ਵਧ ਨਾਂ ਪੜ੍ਹ ਸਕੇ, ਪਰ ਤੁਹਾਡੀਆਂ ਲਿਖੀਆਂ ਪੁਸਤਕਾਂ ਐਮ.ਏ. ਤਕ ਦੇ ਵਿਦਿਆਰਥੀਆਂ ਨੂੰ ਪੜ੍ਹਨੀਆਂ ਪੈਂਦੀਆਂ ਹਨ। ਤੁਹਾਡੀਆਂ ਰਚਨਾਵਾਂ ਤੇ ਪੀ.ਐਚ.ਡੀ. ਦੇ ਅਨੇਕਾਂ ਖੋਜ-ਪ੍ਰਬੰਧ ਲਿਖੇ ਗਏ ਤੇ ਲਿਖੇ ਜਾ ਰਹੇ ਹਨ। ਯੂਨੀਵਰਸਟੀਆਂ ਵੱਲੋਂ ਤੁਹਾਡੀਆਂ ਰਚਨਾਵਾਂ ਦਾ ਪੁਨਰ-ਮੁਲਾਂਕਨ ਹੋ ਰਿਹਾ ਹੈ।

ਤੁਸੀਂ ਆਪਣੇ ਸਮੇਂ ਦੇ ਜਿੰਨ੍ਹਾਂ ਨਵੇਂ ਸਾਹਿਤਕਾਰਾਂ ਦੇ ਸਿਰ ਤੇ ਹੱਥ ਰਖਿਆ, ਤੇ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਭਵਿਸ਼ ਵਿਚ ਵਡੇਰੇ ਲੇਖਕ ਬਨਣ ਦੀਆਂ ਸੰਭਾਵਨਾਵਾਂ ਨੂੰ ਪਹਿਚਾਣ ਲਿਆ ਸੀ, ਉਹ ਸਚਮੁਚ ਅਜ ਦੇ ਨਾਮਵਰ ਲੇਖਕ/ਕਵੀ ਹੋ ਨਿਬੜੇ ਹਨ ਜਿਵੇਂ : ਜਸਵੰਤ ਸਿੰਘ ਕੰਵਲ, ਸਰਿੰਦਰ ਸਿੰਘ ਨਰੂਲਾ, ਕੇਸਰ ਸਿੰਘ ਨਾਵਲਿਸਟ (ਕੈਨੇਡੀਅਨ), ਸੁਜਾਨ ਸਿੰਘ, ਬਾਵਾ ਬਲਵੰਤ, ਅਜੀਤ ਕੌਰ, ਡਾਕਟਰ ਜਗਤਾਰ, ਸ਼ਿਵ ਕੁਮਾਰ ਬਟਾਲਵੀ, ਬਲਬੀਰ ਸਿੰਘ ਦਿਲ ਆਦਿ।

ਜਿਉਂ ਜਿਉਂ ਤੁਹਾਡੀ ਉਮਰ ਵਧਦੀ ਗਈ, ਤਿਉਂ ਤਿਉਂ ਤੁਹਾਡੇ ਅੰਦਰ ਨਾਵਲਾਂ ਦੇ ਪਲਾਟਾਂ ਦਾ ਜ਼ਖ਼ੀਰਾ ਵਧਦਾ ਗਿਆ। ਤੁਸੀ ਲਿਖਣ ਲਈ ਪਹਿਲਾਂ ਨਾਲੋਂ ਵਧ ਉਤਾਵਲੇ ਹੋਣ ਲਗ ਪਏ। ਆਪਣੀ ਸਿਹਤ ਦੀ ਕੀਮਤ ਤੇ ਵੀ ਤੁਸੀਂ ਸਮਰਥੋਂ ਵਧ ਲਿਖਣ ਲੱਗੇ। ਤੁਹਾਨੂੰ ਘਰ ਦੇ ਰੋਕਦੇ ਰਹੇ। ਪਰ ਤੁਹਾਨੂੰ ਤਾਂ ਇਕ ਲਗਨ ਲੱਗੀ ਹੋਈ ਸੀ, ਇਕ ਧੁੰਨ ਸਵਾਰ ਸੀ, ਵਧ ਤੋਂ ਵਧ, ਜਲਦੀ ਤੋਂ ਜਲਦੀ ਲਿਖਣ ਦੀ। ਤੁਸੀਂ ਕਹਿੰਦੇ ਸੋ ਕਿ ਜ਼ਿੰਦਗੀ ਥੋੜ-ਚਿਰੀ ਹੈ ਤੇ ਕੰਮ ਕਰਨ ਵਾਲਾ ਬਹੁਤ ਜ਼ਿਆਦਾ ਹੈ।

ਤੁਸੀਂ ਬੇਤਹਾਸ਼ਾ ਲਿਖਦੇ ਗਏ। ਸਰੀਰਕ ਸਮਰੱਥਾ ਤੋਂ ਵਧ ਕੰਮ ਕਰਨ ਨਾਲ ਇਕ ਵਾਰੀ ਤਹਾਡੇ ਦਿਮਾਗ਼ ਦੀ ਨਾੜੀ ਫਟ ਗਈ, ਬਹੁਤ ਖ਼ੂਨ ਵਹਿ ਗਿਆ। ਡਾਕਟਰਾਂ ਨੂੰ ਤੁਹਾਡੇ ਬਚਣ ਦੀ ਆਸ ਬਹੁਤ ਘਟ ਸੀ। ਪਰ ਤੁਸੀਂ ਤਾਂ ਅਜੇ ਹੋਰ ਲਿਖਣਾ ਸੀ। ਤੁਹਾਡੇ ਅੰਦਰ ਤਾਂ ਵਿਚਾਰਾਂ ਦਾ ਹੜ ਉਮਡਿਆ ਚਲਿਆ ਆ ਰਿਹਾ ਸੀ। ਤੁਸੀਂ ਠੀਕ ਹੋ ਗਏ, ਪਰ ਕਮਜ਼ੋਰੀ ਬਹੁਤ ਸੀ। ਡਾਕਟਰਾਂ ਨੇ ਲਿਖਣ ਤੇ ਪਾਬੰਦੀ ਲਾ ਦਿੱਤੀ। ਪਰ ਤੁਸੀਂ ਇਨ੍ਹਾਂ ਪਾਬੰਦੀਆਂ ਵਿਚ ਕਿਵੇਂ ਬੱਝ ਸਕਦੇ ਸੋ। ਤੁਸੀਂ ਲਿਖਦੇ ਰਹੇ, ਸਰੀਰ ਹੋਰ ਕਮਜ਼ੋਰ ਹੁੰਦਾ ਗਿਆ ਤੇ ਕੁਝ ਹੀ ਸਾਲਾਂ ਬਾਦ ਤੁਸੀ ਲਿਖਦੇ ਲਿਖਦੇ ਹੀ ਇਸ ਫ਼ਾਨੀ ਦੁਨੀਆਂ ਤੋਂ ਟੁਰ ਗਏ 28 ਦਸੰਬਰ 1971 ਦੀ ਇਕ ਰਾਤ ਨੂੰ। ਉਸੇ ਦਿਨ (28 ਦਸੰਬਰ) ਨੂੰ ਤੁਸੀ ਆਪਣੇ ਮਿਤਰਾਂ ਤੇ ਅਜ਼ੀਜ਼ਾਂ ਨੂੰ ਆਪਣੇ ਹੱਥਾਂ ਨਾਲ, ਚੜ੍ਹਨ ਵਾਲੇ ਨਵੇਂ ਸਾਲ ਲਈ ਸ਼ੁਭ ਇਛਾਵਾਂ ਦੇ ਖ਼ਤ ਲਿਖੇ, ਜੋ ਇਨ੍ਹਾਂ ਨੂੰ, ਤੁਹਾਡੇ ਸਦਾ ਲਈ ਟੁਰ ਜਾਣ ਤੋਂ ਬਾਦ ਮਿਲੇ।

ਬਾਊ ਜੀ, ਤੁਸੀਂ ਟੁਰ ਗਏ। ਪਰ ਤੁਹਾਡੀਆਂ ਲਿਖਤਾਂ ਅਮਰ ਹਨ, ਉਹ ਕਦੇ ਮਰ ਨਹੀਂ ਸਕਦੀਆਂ। ਤੁਸੀਂ ਹਮੇਸ਼ਾ ਆਪਣੀਆਂ ਲਿਖਤਾਂ ਵਿਚ ਜਿਉਂਦੇ ਰਹਿਣਾ ਹੈ, ਸਗੋਂ ਪਹਿਲਾਂ ਨਾਲੋਂ ਵੀ ਵਧ ਸ਼ਾਨੋ-ਸ਼ੌਕਤ ਨਾਲ, ਪਹਿਲਾਂ ਨਾਲੋਂ ਵੀ ਵਧ ਮਾਨਾਂ-ਸਨਮਾਨਾਂ ਨਾਲ।

ਪਿਛਲਾ ਸਾਰਾ ਵਰ੍ਹਾ ਤੁਹਾਡੀ ਜਨਮ ਸ਼ਤਾਬਦੀ ਦਾ ਵਰ੍ਹਾ ਸੀ। ਤੁਸੀਂ ਸ਼ਾਇਦ ਪੰਜਾਬੀ ਦੇ ਪਹਿਲੇ ਸਾਹਿਤਕਾਰ ਹੋ, ਜਿਨ੍ਹਾਂ ਦੀ ਜਨਮ-ਸ਼ਤਾਬਦੀ ਨਾਂ ਕੇਵਲ ਭਾਰਤ ਵਿਚ ਸਗੋਂ ਬਾਹਰਲੇ ਮੁਲਕਾਂ ਵਿਚ ਵੀ ਮਨਾਈ ਗਈ ਤੇ ਮਨਾਈ ਜਾ ਰਹੀ ਹੈ। ਅਮਰੀਕਾ ਦੀਆਂ ਵਖ ਵਖ ਸਟੇਟਾਂ- ਕੈਲੀਫ਼ੋਰਨੀਆ, ਨਿਊਯਾਰਕ ਤੇ ਵਾਸ਼ਿੰਗਟਨ ਵਿਚ ਤੁਹਾਡੀ ਜਨਮ ਸ਼ਤਾਬਦੀ ਦੇ ਯਾਦਗਾਰੀ ਸਮਾਗਮ ਤੇ ਸਮਾਰੋਹ ਕੀਤੇ ਗਏ, ਕੈਨੇਡਾ ਤੇ ਇੰਗਲੈਂਡ ਵਿਚ ਵੀ ਹੋ ਰਹੇ ਹਨ। ਭਾਰਤ ਵਿਚ, ਜੰਮੂ ਕਸ਼ਮੀਰ, ਨਾਗਪੁਰ (ਮਧਪ੍ਰਦੇਸ਼) ਰੁਦਰਪੁਰ (ਯੂ.ਪੀ.) ਬੰਬਈ (ਮਹਾਰਾਸ਼ਟਰ), ਦਿੱਲੀ, ਯਮੁਨਾਨਗਰ (ਹਰਿਆਣਾ) ਤੇ ਪੰਜਾਬ ਵਿਚ, ਜਲੰਧਰ, ਅੰਮ੍ਰਿਤਸਰ ਤੇ ਪਟਿਆਲਾ ਵਿਚ ਵੱਖ ਵੱਖ ਯੂਨੀਵਰਸਟੀਆਂ ਤੇ ਸੰਸਥਾਵਾਂ ਵੱਲੋਂ ਆਪ ਦੇ ਸੌ ਸਾਲਾ ਜਨਮ ਦਿਨ ਦੇ ਸਮਾਗਮ ਬੜੀ ਧੂਮਧਾਮ ਨਾਲ ਹੋਏ।

ਪਰ ਸਭ ਤੋਂ ਵਧ ਖ਼ੁਸ਼ੀ ਤੇ ਫ਼ਖ਼ਰ ਵਾਲੀ ਗੱਲ ਤਾਂ ਇਹ ਹੈ ਕਿ ਭਾਰਤ ਸਰਕਾਰ ਨੇ ਤੁਹਾਡੀ ਜਨਮ-ਸ਼ਤਾਬਦੀ ਉਤੇ ਤੁਹਾਡੀ ਯਾਦ ਵਿਚ ਦੋ ਰੁਪਏ ਦੀ ਇਕ ਡਾਕ-ਟਿਕਟ ਜਾਰੀ ਕੀਤੀ ਹੈ ਜੋ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ ਨੇ ਰਿਲੀਜ਼ ਕੀਤੀ। ਇਸ ਨਾਲ ਪੰਜਾਬ ਦਾ, ਪੰਜਾਬੀਆਂ ਦਾ ਤੇ ਤੁਹਾਡੇ ਪਰਵਾਰ ਦਾ ਸਿਰ ਮਾਣ ਤੇ ਗੌਰਵ ਨਾਲ ਉੱਚਾ ਹੋ ਗਿਆ ਹੈ।

ਇਸਤੋਂ ਛੁੱਟ ਤੁਹਾਡੀ ਛਪੀਆਂ ਸਮੂਹ ਰਚਨਾਵਾਂ ਨੂੰ ਬਹੁਤ ਮਿਹਨਤ ਤੇ ਲਗਨ ਨਾਲ ਸੰਪਾਦਿਤ ਕਰਕੇ ਭਾਪਾ ਪ੍ਰੀਤਮ ਸਿੰਘ ਨੇ ਬਹੁਤ ਖ਼ੂਬਸੂਰਤ ਦਸਾਂ ਜਿਲਦਾਂ ਵਿਚ ਛਾਪਿਆ ਹੈ। ਇਹ ਇਕ ਮਹਾਨ ਕਾਰਜ ਸੀ, ਜੋ ਕੇਵਲ ਤੁਹਾਡਾ ਸਮਰੱਥ ਮਿਤਰ ਹੀ ਕਰ ਸਕਦਾ ਸੀ। ਇਨ੍ਹਾਂ ਦੱਸਾਂ ਜਿਲਦਾਂ ਵਿਚ ਤੁਹਾਡੀਆਂ ਉਹ ਰਚਨਾਵਾਂ ਵੀ ਸ਼ਾਮਲ ਹਨ ਜੋ ਅੰਗਰੇਜੀ ਸਰਕਾਰ ਨੇ ਜ਼ਬਤ ਕਰ ਲਈਆਂ ਸਨ।

ਤੁਹਾਡੀ ਕਲਮ ਨੂੰ ਪ੍ਰਣਾਮ!

ਤੁਹਾਡਾ ਬੇਟਾ,
ਕਰਤਾਰ
(ਕਰਤਾਰ ਸਿੰਘ ਸੂਰੀ)

ਦੀਵਾਰ

—ਡਾ. ਰਮੇਸ਼ ਕੁਮਾਰ

ਉਹ ਵੀ ਤਾਂ ਵਕਤ ਸਨ
ਜਦ
ਦੀਵਾਰਾਂ ਦੇ ਸਿਰਫ਼ ਕੰਨ ਹੋਇਆਂ ਕਰਦੇ ਸਨ
ਅੱਜ ਦੀਵਾਰਾਂ !
ਦਿਓਆਂ ਚੁੜੇਲਾਂ ਵਾਂਗ ਝਾਕਦੀਆਂ ਝਿੰਗਾੜਦੀਆਂ ਹਨ
ਇਨਾਂ ਦੇ
ਦੰਦ ਹਨ – ਸਿੰਗ ਹਨ
ਨੌਦਰ੍ਹਾਂ ਅਤੇ ਛਿਲਤਰਾਂ ਉਗ ਆਈਆਂ ਹਨ।
ਦੀਵਾਰ
ਜੋ ਮੇਰੇ ਬਾਪ ਨੇ
ਬਾਪ ਦੇ ਬਾਪ ਨੇ
ਅਤੇ ਉਸ ਦੇ ਬਾਪ ਨੇ ਬਣਵਾਈ ਸੀ
– ਉਹ ਕੇਹੀ ਚੰਗੀ ਸੀ।
ਬੰਦਿਆਂ ਦੀ ਜੂਨ ਹੰਢਾਉਂਦੀਆਂ ਇੱਟਾਂ
ਖਿੜੇ ਹੋਏ ਦਰਵਾਜ਼ੇ
ਸੈਨਤਾਂ ਕਰਦੀਆਂ ਖਿੜਕੀਆਂ
ਝਾਤ ਝਾਤ ਕਰਦੇ ਝਰੋਖੇ
ਅਤੇ ਖੁੱਡਾਂ ਮਘੋਰਿਆਂ ਵਿਚ ਚਹਿਕਦੇ
ਤੋਤੇ, ਕਬੂਤਰ, ਚਿੜੀਆਂ ਅਤੇ ਕਾਂ
ਪਰ ਅੱਜ
ਮੈਂ ਖ਼ੁਦ
ਕਿਸੇ ਡਰੀ ਠਿੱਠਬਰੀ ਕੰਧ ਜਿਹਾ
ਕੰਧਾਂ ਦੀਵਾਰਾਂ ਦੇ ਜੰਗਲ ਵਿਚ ਆਣ ਘਿਰਿਆ ਹਾਂ
ਕੰਧਾਂ
ਜੋ ਮੇਰੇ ਹੱਥ ਤੇ ਖਿਚੀਆਂ ਰੇਖਾਵਾਂ ਵਾਂਗ
ਮੇਰੇ ਆਪਣੇ ਹੀ ਵਿਹੜੇ ਵਿਚ ਉੱਗ ਆਈਆਂ ਹਨ
ਮੂੰਹ ਚਿੜ੍ਹਾਉਂਦੀਆਂ
ਖਹਿੰਦੀਆਂ ਤੇ ਫਹਿੰਦੀਆਂ
ਦਿਓਆਂ ਚੁੜੇਲਾਂ ਵਾਂਗ ਝਾਕਦੀਆਂ ਝਿੰਘਾੜਦੀਆਂ ਹਨ।
ਉਹ ਕੇਹੇ ਵਕਤ ਸਨ
ਜਦ
ਦੀਵਾਰਾਂ ਦੇ ਸਿਰਫ਼ ਕੰਨ ਹੋਇਆ ਕਰਦੇ ਸਨ।

* * *

ਦੋ ਗ਼ਜ਼ਲਾਂ

—ਪ੍ਰੋ. ਦੀਵਾਨ ਸਿੰਘ (ਡਾ.)

ਸੱਜਨ ਜੇ ਮਿਲੇ ਤੈਨੂੰ, ਮੇਰਾ ਵੀ ਸਲਾਮ ਆਖੀਂ,
ਇਸ ਇਸ਼ਕ ਦੇ ਕੁੱਠੇ ਦਾ ਦੁਖ ਭਰਿਆ ਪਿਆਮ ਆਖੀਂ।
ਭੁੱਲਿਆ ਜੇ ਹੋਵੇ ਮੈਨੂੰ, ਇਹ ਪਤਾ ਨਿਸ਼ਾਂ ਦੱਸੀਂ।
ਆਖੀਂ ਤੇਰਾ ਦੀਵਾਨਾ, ਇਕ ਅਦਨਾ ਗ਼ੁਲਾਮ ਆਖੀਂ।
ਜੇ ਹਾਲ ਮੇਰਾ ਪੁੱਛੇ, ਦਸੀਂ ਕਿ ਬੇਹਾਲ ਹੋਇਆ,
ਜੇ ਨਾਮ ਮੇਰਾ ਪੁੱਛੇ, ਬੇਘਰ ਤੇ ਬੇਨਾਮ ਆਖੀਂ।
ਜੇ ਪੁੱਛੇ ਕਿ ਇਸ਼ਕ ਦੀ ਅੱਗ ਕਿੰਨੀ ਕੁ ਹੈ ਦਿਲ ਅੰਦਰ,
ਮੈਅ ਜਿਸ ਵਿਚੋਂ ਮੁੱਕ ਜਾਏ, ਉਲਟਾ ਪਿਆ ਜਾਮ ਆਖੀਂ।
ਜੇ ਮਿਲਣ ਦੀ ਗੱਲ ਤੋਰੇ ਆਖੀਂ ਹੁਣ ਕੀਅ ਫ਼ਾਇਦਾ,
ਬੇਰੁੱਤੇ ਸਮਰ[1] ਵਾਂਗੂ, ਇਸ ਖ਼ਿਆਲ ਨੂੰ ਖ਼ਾਮ[2] ਆਖੀਂ।

* * *

ਗ਼ਮ ਦਾ ਭਰਿਆ ਸਾਗ਼ਰ ਪੀਣਾ ਔਖਾ ਏ,
ਇਸ਼ਕ ਦਾ ਭਾਰ ਉਠਾਕੇ ਜੀਣਾ ਔਖਾ ਏ।
ਤਨ ਦਾ ਕੱਜਣ ਲੀਰਾਂ ਲੀਰਾਂ ਹੋਇਆ ਏ,
ਅੱਜ ਤਾਂ ਚਾਕ ਜਿਗਰ ਦਾ ਸੀਣਾ ਔਖਾ ਏ।
ਭੁਖ ਜੋ ਸਾਨੂੰ ਅੰਦਰੋਂ ਖਾਈ ਜਾਂਦੀ ਏ,
ਉਸਦਾ ਗੱਲਾਂ ਨਾਲ ਪਤੀਣਾ ਔਖਾ ਏ।
ਜਿੰਦ ਜਦੋਂ ਚੌਰਾਹੇ ਤੇ ਆ ਖੜ੍ਹਦੀ ਏ,
ਓਦੋਂ ਸੱਚ ਦਾ ਰਾਹ ਲਭੀਣਾ ਔਖਾ ਏ।
ਕਿਹੜਾ ਹੈ ਜੋ ਝੂਠ ਤੋਂ ਸੱਚ ਤਕ ਜਾ ਪਹੁੰਚੇ ?
ਜ਼ਹਿਰ ਨੂੰ ਛੱਡਕੇ ਅੰਮ੍ਰਿਤ ਪੀਣਾ ਔਖਾ ਏ।

* * *

1 ਫਲ 2 ਕੱਚਾ

ਲੈਅ

—ਡਾ. ਮਹੀਪ ਸਿੰਘ

ਉਹ ਲਗਾਤਾਰ ਖਿਝ ਰਹੀ ਸੀ।

ਪਿਛਲੇ ਕੁਝ ਦਿਨਾਂ ਤੋਂ ਉਸਦਾ ਇਹੋ ਹਾਲ ਸੀ।

ਉਹ ਜਾਣਦਾ ਹੈ। ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਕਰਕੇ ਰਿਤੂ ਖਿਝਦੀ ਹੈ, ਫਿਰ ਖਿਝਦੀ ਹੀ ਰਹਿੰਦੀ ਹੈ। ਕਦੀ–ਕਦੀ ਇਹ ਖਿਝਣਾ ਦੋ–ਚਾਰ ਘੰਟਿਆਂ ਦਾ ਹੁੰਦਾ ਹੈ। ਕਦੀ–ਕਦੀ ਇਹ ਮਿਆਦ ਦੋ–ਚਾਰ ਦਿਨ ਵੀ ਹੋ ਜਾਂਦੀ ਹੈ, ਅਤੇ ਕਦੀ–ਕਦੀ ਇਹ ਦੌਰ ਲੰਮਾ ਹੋ ਜਾਂਦਾ ਹੈ। ਉਸਦੀ ਇਹ ਖਿਝ ਬੱਚਿਆਂ ਤੇ ਲਹਿੰਦੀ ਹੈ, ਘਰ ਦੇ ਨੌਕਰ ਰੁਲਦੂ ਤੇ ਲਹਿੰਦੀ ਹੈ। ਰੁਲਦੂ ਚੁਪ–ਚਪੀਤੇ ਉਸਦੀਆਂ ਝਿੜਕਾਂ ਸੁਣਦਾ ਰਹਿੰਦਾ ਹੈ ਤੇ ਆਪਣੇ ਕੰਮ ਵਿਚ ਰੁੱਝਿਆ ਰਹਿੰਦਾ ਹੈ। ਉਸਨੂੰ ਇਸ ਘਰ ਵਿਚ ਕੰਮ ਕਰਦੇ ਦਸ ਵਰ੍ਹੇ ਹੋ ਗਏ ਹਨ। ਉਸਨੂੰ ਫਿਟਕਾਰ ਇਸ ਗਲ ਤੇ ਵੀ ਪੈਂਦੀ ਹੈ ਕਿ ਉਹ ਰਿੱਕੀ ਦੀ ਉਡੀਕ ਵਿਚ ਰਾਤ ਨੂੰ ਕਦੀ ਗਿਆਰਾਂ, ਕਦੀ ਬਾਰਾਂ ਵਜੇ ਤੀਕ ਰਸੋਈ ਵਿਚ ਭੁੱਖਾ–ਭਾਣਾ ਕਿਉਂ ਬੈਠਾ ਰਹਿੰਦਾ ਹੈ।

ਰਿਤੂ ਆਖਦੀ ਹੈ "ਰੁਲਦੂ, ਤੈਨੂੰ ਕਿਸੇ ਲਈ ਇੰਨੀ ਦੇਰ ਭੁੱਖਾ ਰਹਿਣ ਦੀ ਲੋੜ ਨਹੀਂ। ਵਕਤ ਸਿਰ ਜਿਹੜਾ ਘਰ ਆ ਜਾਏ, ਵੱਧ ਤੋਂ ਵੱਧ ਦਸ ਵਜੇ ਤੀਕ, ਉਸ ਲਈ ਸਬਜੀ–ਭਾਜੀ ਗਰਮ ਰੱਖ ਤੇ ਤਵੇ ਤੇ ਸਜਰੇ ਫੁਲਕੇ ਬਣਾ ਦੇ। ਇਸ ਪਿੱਛੋਂ ਤੂੰ ਉਹਨਾਂ ਦੀ ਰੋਟੀ ਬਣਾ ਕੇ ਰੱਖ ਦੇ ਤੇ ਆਪਣੀ ਰੋਟੀ ਬਣਾ ਕੇ ਖਾ ਲੈ। ਆਖ਼ਿਰ ਰਸੋਈ ਸੰਭਾਲਣ ਵਿਚ ਵੀ ਤਾਂ ਘੰਟਾ ਕੁ ਲਗ ਜਾਂਦਾ ਹੈ। ਗਿਆਰਾਂ ਵਜੇ ਪਿਛੋਂ ਤੂੰ ਮੈਨੂੰ ਜਾਗਦਾ ਨਜ਼ਰ ਨਹੀਂ ਆਉਣਾ ਚਾਹੀਦਾ।"

ਰੁਲਦੂ ਉਸਦੀ ਗੱਲ ਸੁਣ ਲੈਂਦਾ ਹੈ, ਪਰ ਕਰਦੈ ਆਪਣੇ ਮਨ ਦੀ। ਰਿਤੂ ਸੌਣ ਤੁਰ ਜਾਂਦੀ ਹੈ। ਰੀਮਾ ਵੀ ਆਪਣੇ ਕਮਰੇ ਵਿਚ ਜਾ ਕੇ ਇਮਤਿਹਾਨਾਂ ਦੀ ਤਿਆਰੀ ਵਿਚ ਲਗ ਜਾਂਦੀ ਹੈ। ਉਹ ਵੀ ਆਪਣੀ 'ਸਟਡੀ' ਵਿੱਚੋਂ ਨਿਕਲ ਕੇ ਬੈਡਰੂਮ ਵਿਚ ਲੇਟੇ–ਲੇਟੇ ਕੁਝ ਪੜ੍ਹਦਾ ਰਹਿੰਦਾ ਹੈ, ਫਿਰ ਸੌਂ ਜਾਂਦਾ ਹੈ। ਐਪਰ ਰਿੱਕੀ.... ਹਫਤੇ ਵਿਚ ਘੱਟ ਤੋਂ ਘੱਟ ਦੋ ਤਿੰਨ ਵਾਰੀ ਗਿਆਰਾਂ ਵਜੇ ਤੋਂ ਪਿੱਛੋਂ ਪਰਤਦਾ ਹੈ। ਉਸਦੇ ਆਉਣ ਤੋਂ ਪਹਿਲਾਂ ਰੁਲਦੂ ਰੋਟੀ ਖਾ ਲੈਂਦਾ ਹੈ, ਭਾਂਡੇ ਮਾਂਜਕੇ ਸਾਂਭ ਛੱਡਦਾ ਹੈ, ਰਸੋਈ ਦੀ ਸਫਾਈ ਕਰ ਦਿੰਦਾ ਹੈ ਤੇ ਫਿਰ ਡਰਾਇੰਗ ਰੂਮ ਵਿਚ ਬਹਿਕੇ ਟੀ.ਵੀ. ਵੇਖਦਾ ਹੈ। ਜਦੋਂ ਤੋਂ ਕੇਬਲ ਟੀ.ਵੀ. ਆ ਗਿਆ ਹੈ, ਉਹ ਬਾਰਾਂ–ਸਾਢੇ ਬਾਰਾਂ ਵਜੇ ਖ਼ਤਮ ਹੋਣ ਵਾਲੀ ਹਿੰਦੀ ਫਿਲਮ ਵੇਖਕੇ ਹੀ ਸੌਂਦਾ ਹੈ। ਫਿਰ ਜਦੋਂ ਰਿੱਕੀ ਆਉਂਦਾ ਹੈ ਤਾਂ ਉਸ ਲਈ ਤਵੇ ਤੇ ਗਰਮ–ਗਰਮ ਫੁਲਕੇ ਬਣਾ ਦਿੰਦਾ ਹੈ।

ਜਦੋਂ ਰਿਤੂ ਖਿਝਦੀ ਹੈ ਤਾਂ ਉਸਦੇ ਤਣਾਅ ਦੇ ਰੰਗ ਵਿਚ ਸਾਰੇ ਰੰਗੇ ਜਾਂਦੇ ਹਨ। ਉਸਦੇ ਦੋਨੋਂ ਬੱਚੇ, ਰਿੱਕੂ ਤੇ ਰੀਮਾ, ਇਹ ਮੰਨ ਲੈਂਦੇ ਹਨ ਕਿ ਅਜ ਮੰਮੀ ਦਾ ਮੂਡ ਚੰਗਾ ਨਹੀਂ। ਫਿਰ ਉਹ ਉਸ ਤੋਂ ਕਤਰਾਂਦੇ ਰਹਿੰਦੇ ਹਨ, ਜਦੋਂ ਤੀਕ ਉਹ ਨਾਰਮਲ ਨਹੀਂ ਹੋ ਜਾਂਦੀ। ਪਰ ਇਹ ਤਣਾਅ ਨੂੰ ਅਮਿਤੋਜ ਨੂੰ ਕੁਝ ਜ਼ਿਆਦਾ ਵਕਤ ਤੀਕ ਝੱਲਣਾ ਪੈਂਦਾ ਹੈ। ਇਹਨਾਂ ਦਿਨਾਂ ਵਿਚ ਰਿਤੂ ਉਸ ਨਾਲ ਸਿਰਫ ਜ਼ਰੂਰੀ ਕੰਮ ਦੀ ਗੱਲ ਕਰਦੀ ਹੈ, ਰਾਤ ਨੂੰ ਚਾਦਰ ਲੈ ਕੇ, ਮੂੰਹ ਦੂਜੇ ਪਾਸੇ ਕਰਕੇ ਸੌਂ ਜਾਂਦੀ ਹੈ, ਦਿਨ ਵਿਚ ਉਸਦੀਆਂ ਸਾਰੀਆਂ ਲੋੜਾਂ ਬੜੇ ਮਸ਼ੀਨੀ ਢੰਗ ਨਾਲ ਪੂਰੀਆਂ ਕਰ ਦਿੰਦੀ ਹੈ।

ਇਹ ਵੀ ਸਹੀ ਹੈ ਕਿ ਬਹੁਤਾ ਕਰਕੇ ਰਿਤੂ ਦੀ ਖਿਝ ਦਾ ਕਾਰਨ ਉਹ ਆਪ ਹੁੰਦਾ ਹੈ।

ਇਸ ਵੇਰ ਵੀ ਇਹੋ ਹੋਇਆ। ਲਖਨਊ ਤੋਂ ਨੀਲਾ ਨੇ ਲਿਖਿਆ ਸੀ — ਦੀਪਾ ਦਾ ਵਿਆਹ ਪੱਕਾ ਹੋ ਗਿਆ ਹੈ.... ਤੁਹਾਨੂੰ, ਰਿਤੂ ਨੂੰ ਤੇ ਦੋਨਾਂ ਬੱਚਿਆਂ ਨੂੰ ਇਸ ਮੌਕੇ ਤੇ ਜ਼ਰੂਰ ਆਉਣਾ ਹੈ। ਦੀਪਾ ਨੂੰ ਇਸ ਵੇਲੇ ਪਿਉ ਦੀ ਕਮੀ ਬੜਾ ਖਲੇਗੀ...... ਆਖ਼ਿਰ ਦੀਪਾ ਵੀ ਤਾਂ ਤੁਹਾਡੀ ਧੀ ਹੈ....।

ਕੁਝ ਇਹੋ ਜਿਹੀਆਂ ਗੱਲਾਂ ਨੀਲਾ ਨੇ ਆਪਣੇ ਖ਼ਤ ਵਿਚ ਲਿਖੀਆਂ ਸਨ। ਸਾਰੀਆਂ ਗੱਲਾਂ ਬੜੀਆਂ ਸਾਦ ਮੁਰਾਦੀਆਂ ਸਨ। ਪਰ ਇਸ ਖ਼ਤ ਨੇ ਰਿਤੂ ਦਾ ਮੂਡ ਵਿਗਾੜ ਦਿੱਤਾ ਸੀ।

ਸ਼ਾਮੀ ਅਮਿਤੋਜ ਵਾਪਸ ਆਇਆ ਤਾਂ ਰਿਤੂ ਨੇ ਕਿਹਾ — "ਤੁਹਾਡੀ ਸਹੇਲੀ ਦਾ ਖ਼ਤ ਆਇਐ।"

"ਕਿਸਦਾ ਏ.....?" ਖੁੱਲਾ ਲਿਫਾਫਾ ਹੱਥ ਵਿਚ ਲੈਂਦਿਆਂ ਉਸਨੇ ਪੁੱਛਿਆ।

ਰਿਤੂ ਦੀਆਂ ਅੱਖਾਂ ਵਿਚ ਵੱਲ ਪੈ ਗਏ–"ਕਿੰਨੀਆਂ ਨੇ ?"

"ਕਦੀ ਗਿਣਤੀ ਨਹੀਂ ਕੀਤੀ।" ਉਹ ਲਿਫਾਫੇ ਵਿਚੋਂ ਚਿੱਠੀ ਕੱਢ ਕੇ ਪੜ੍ਹਨ ਲਗ ਪਿਆ।

"ਦੀਪਾ ਦਾ ਵਿਆਹ ਪੱਕਾ ਹੋ ਗਿਆ..... ਇਹ ਬੜਾ ਚੰਗਾ ਹੋਇਆ।" ਉਹ ਬੋਲਿਆ – "ਨੀਲਾ ਦੀ ਇੱਕ ਵੱਡੀ ਚਿੰਤਾ ਦੂਰ ਹੋਈ।"

ਰਿਤੂ ਕੁਝ ਨਾ ਬੋਲੀ। ਬਸ ਨਿੱਕੇ-ਮੋਟੇ ਕੰਮ ਕਰਦੀ ਉਸਦੇ ਆਲੇ-ਦੁਆਲੇ ਫਿਰਦੀ ਰਹੀ।

ਉਸਨੂੰ ਰਿਤੂ ਦੀ ਚੁੱਪ ਚੁਭ ਰਹੀ ਸੀ ਉਹ ਜਾਣਦਾ ਸੀ ਕਿ ਰਿਤੂ ਅੰਦਰੋਂ ਅੰਦਰ ਘੁਲ ਰਹੀ ਹੋਣੀ ਹੈ। ਘਰ ਵਿਚ ਇਕ ਨਿੱਕਾ ਜਿਹਾ ਚਿੱਟੇ ਵਾਲਾਂ ਵਾਲਾ ਕੁੱਤਾ ਹੈ – ਪੱਪੀ। ਜਦੋਂ ਕਦੀ ਅਜਿਹੀ ਗੱਲ ਹੁੰਦੀ ਹੈ ਰਿਤੂ ਉਸਨੂੰ ਗੋਦ ਵਿਚ ਚੁੱਕ ਲੈਂਦੀ ਹੈ। ਉਹ ਛੁੱਟ ਕੇ ਬਾਹਰ ਨੱਸਣਾ ਚਾਹੁੰਦਾ ਹੈ, ਪਰ ਰਿਤੂ ਉਸਨੂੰ ਫੜੀ ਰਖਦੀ ਹੈ। ਉਹ ਭੌਂਕਦਾ ਹੈ, ਆਪਣੇ ਨਿੱਕੇ-ਨਿੱਕੇ ਦੰਦਾਂ ਨਾਲ ਉਸਨੂੰ ਹੱਥਾਂ-ਬਾਹਵਾਂ ਤੇ ਕਟਦਾ ਹੈ। ਰਿਤੂ ਉਸਨੂੰ ਗਾਲ੍ਹਾਂ ਕੱਢਦੀ ਹੈ, ਹੌਲੇ ਹੱਥਾਂ ਨਾਲ ਮਾਰਦੀ ਹੈ, ਪਰ ਬੜਾ ਚਿਰ ਛੱਡਦੀ ਨਹੀਂ।

ਅੱਜ ਵੀ ਇਹੋ ਹੋ ਰਿਹਾ ਸੀ।

ਉਹ ਬੋਲਿਆ–"ਲਖਨਊ ਤਾਂ ਜਾਣਾ ਹੀ ਪੈਣੈ.... ਇਸ ਵੇਲੇ ਨੀਲਾ ਨੂੰ ਸਹਾਰੇ ਦੀ ਬੜੀ ਲੋੜ ਹੋਣੀ ਏ।"

"ਤੁਹਾਥੋਂ ਵੱਡਾ ਉਸਦਾ ਸਹਾਰਾ ਹੋਰ ਹੈ ਵੀ ਕੌਣ।"

ਭੌਂਕਦੇ ਹੋਏ ਪੱਪੀ ਨੂੰ ਰਿਤੂ ਨੇ ਜ਼ੋਰ ਦਾ ਥੱਪੜ ਮਾਰਿਆ।

"ਤੂੰ ਇਸਨੂੰ ਛੱਡ ਕਿਉਂ ਨਹੀਂ ਦਿੰਦੀ।"

ਰਿਤੂ ਨੇ ਪੱਪੀ ਨੂੰ ਦੋਨਾਂ ਹੱਥਾਂ ਤੋਂ ਉਤਾਂਹ ਚੁੱਕ ਕੇ ਵਗਾਹ ਮਾਰਿਆ। ਉਹ ਕੀਂ ਕੀਂ ਕੀਂ ਕਰਦਾ ਬਾਹਰ ਦੌੜ ਗਿਆ।

ਉਹ ਬਿਲਕੁਲ ਸਹਿਜ ਬਣਿਆ ਰਿਹਾ। ਉਸਨੂੰ ਪਤਾ ਸੀ ਕਿ ਰਿਤੂ ਦੀਆਂ ਬੜੀਆਂ ਤੱਤੀਆਂ ਵਾਛਣਾਂ ਦਾ ਉਸਨੂੰ ਸਾਹਮਣਾ ਕਰਨਾ ਪਵੇਗਾ।

"ਨੀਲਾ ਬੜੀ ਬਦਕਿਸਮਤ ਹੈ।" ਉਹ ਬੋਲਿਆ– "ਪਹਿਲਾਂ ਤਾਂ ਕੁਲਜੀਤ ਨਾਲ ਵਿਆਹ ਵਿਚ ਹੀ ਬੇਹਿਸਾਬ ਔਕੜਾਂ ਆਈਆਂ.... ਫਿਰ ਗ੍ਰਹਿਸਥੀ ਬਣਨ ਵਿਚ ਹੀ ਵਰ੍ਹਿਆਂ ਬੱਧੀ ਸਮਾਂ ਲੰਘ ਗਿਆ। ਜਦੋਂ ਇਹ ਜਾਪਿਆ ਕਿ ਹੁਣ ਸਭ ਕੁਝ ਚੰਗੀ ਤਰ੍ਹਾਂ ਚਲਣ ਲੱਗ ਪਿਐ.... ਤਾਂ ਅਚਨਚੇਤ ਕੁਲਜੀਤ ਉਸਨੂੰ ਛੱਡਕੇ ਦੂਜੀ ਦੁਨੀਆਂ ਵਿਚ ਤੁਰ ਗਿਆ।"

ਰਿਤੂ ਨੇ ਉਸਨੂੰ ਬੜਾ ਘੂਰ ਕੇ ਵੇਖਿਆ–"ਕੀ ਕੁਲਜੀਤ ਆਪਣੇ ਮਨ ਤੇ ਕੋਈ ਭਾਰ ਲੈ ਕੇ ਨਹੀਂ ਮੋਇਆ?"

"ਭਾਰ ਕਿਸ ਦੇ ਮਨ ਤੇ ਨਹੀਂ ਹੁੰਦਾ?" ਉਹ ਰਿਤੂ ਦੀ ਗੱਲ ਸੁਣਕੇ ਮਨ ਹੀ ਮਨ ਖੁਸ਼ ਹੋਇਆ ਸੀ–ਚਲੋ.... ਕੁਝ ਬੋਲੀ ਤਾਂ.....। ਉਸਨੂੰ ਬੋਲਣਾ, ਲੜਨਾ, ਝਗੜਨਾ, ਉਲਾਂਭੇ ਕੱਢਣਾ ਚੰਗਾ ਲਗਦਾ ਹੈ। ਇਸ ਤੋਂ ਇਹ ਤਾਂ ਪਤਾ ਲਗ ਹੀ ਜਾਂਦਾ ਹੈ ਕਿ ਦੋ ਪ੍ਰਾਣੀਆਂ ਵਿਚ ਸੰਵਾਦ ਬਣਿਆ ਹੋਇਆ ਹੈ। ਪਰ ਰਿਤੂ ਤਾਂ ਇਕ ਦਮ ਚੁੱਪ ਹੋ ਜਾਂਦੀ ਹੈ। ਉਸਦੀ ਚੁੱਪ ਤੋਂ ਜਾਂ ਤਾਂ ਖਿੰਝ ਵਗਦੀ ਹੈ ਜਾਂ ਕਿਸੇ ਭੂਤਾਂ ਵਾਲੇ ਘਰ ਦਾ ਸੰਨਾਟਾ ਸੁਣੀਂਦਾ ਹੈ। ਇਹਨਾਂ ਦਿਨਾਂ ਵਿਚ ਦੋਵੇਂ ਬੱਚੇਵੀ ਆਪਣੇ ਆਪ ਵਿਚ ਵਧੇਰੇ ਸੁੰਗੜ ਜਾਂਦੇ ਹਨ ਸਿਰਫ ਪੱਪੀ ਭੌਂਕਦਾ ਹੈ ਜਾਂ ਰਸੋਈ ਵਿਚੋਂ ਭਾਂਡਿਆਂ ਦੇ ਡਿੱਗਣ-ਟੁੱਟਣ ਦੀਆਂ ਆਵਾਜ਼ਾਂ ਆਉਂਦੀਆਂ ਹਨ।

"ਭਾਰ ਇਕੋ ਤਰ੍ਹਾਂ ਦਾ ਤਾਂ ਨਹੀਂ ਹੁੰਦਾ।" ਰਿਤੂ ਅੱਖਾਂ ਨੀਵੀਆਂ ਕਰਕੇ ਰਾਤ ਦੀ ਰੋਟੀ ਲਈ ਸਬਜ਼ੀ ਕਟ ਰਹੀ ਸੀ। ਐਪਰ ਉਹ ਵੇਖ ਸਕਦਾ ਸੀ ਕਿ ਉਸਦੀਆਂ ਅੱਖਾਂ ਕਿੰਨਾਂ ਬੋਲ ਰਹੀਆਂ ਹਨ।

"ਭਾਰ ਕਿੰਨੇ ਵੀ ਤਰ੍ਹਾਂ ਦੇ ਕਿਉਂ ਨਾ ਹੋਣ.... ਚੁੱਕਣੇ ਤਾਂ ਪੈਂਦੇ ਹੀ ਹਨ।"

"ਹਾਂ ਚੁੱਕਣੇ ਤਾਂ ਪੈਂਦੇ ਹੀ ਹਨ।" ਆਖਦੀ ਹੋਈ ਰਿਤੂ ਕੱਟੀ ਸਬਜ਼ੀ ਦੀ ਟੋਕਰੀ ਲੈ ਕੇ ਰਸੋਈ ਵੱਲ ਤੁਰ ਪਈ।

ਰਿਤੂ ਦੀ ਗੱਲ ਸੁਣਕੇ ਉਹ ਕਿੰਨਾ ਚਿਰ ਗੁਮਸੁਮ ਬੈਠਿਆ ਰਿਹਾ।

✧ ✧ ✧

ਦੋਵੇਂ ਵਿਆਹ ਤੋਂ ਇਕ ਦਿਨ ਪਹਿਲਾਂ ਲਖਨਊ ਪੁੱਜੇ।

ਦੀਪਾ ਬੜੀ ਖੁਸ਼ ਹੋਈ–"ਅੰਕਲ..ਆਂਟੀ... ਨਾਲ ਰਿੰਕੂ ਤੇ ਰੀਮਾ ਨੂੰ ਕਿਉਂ ਨਹੀਂ ਲਿਆਏ? ਮੈਂ ਕੋਈ ਰੋਜ਼-ਰੋਜ਼ ਵਿਆਹ ਤਾਂ ਨਹੀਂ ਕਰਾਉਣ ਲੱਗੀ.....।"

ਉਸਦੀ ਗੱਲ ਸੁਣ ਕੇ ਰਿਤੂ ਦੇ ਚਿਹਰੇ ਤੇ ਮੁਸਕਰਾਹਟ ਉਭਰ ਆਈ ?

ਅਮਿਤੋਜ ਦੀਪਾ ਦੇ ਸਿਰ ਤੇ ਹੌਲੀ ਧੌਲ ਮਾਰਦਾ ਹੋਇਆ ਬੋਲਿਆ – "ਝੱਲੀ ਨਾ ਹੋਵੇ, ਕਿਹੋ ਜਿਹੀਆਂ

ਬੇਵਕੂਫਾਂ ਵਾਲੀਆਂ ਗੱਲਾਂ ਕਰਦੀ ਏ।"

ਉਹ ਨੀਲਾ ਵੱਲ ਮੁੜਿਆ ਜੋ ਰਿਤੂ ਦਾ ਹੱਥ ਆਪਣੇ ਹੱਥਾਂ ਵਿਚ ਫੜੀ ਆਖ ਰਹੀ ਸੀ—"ਰਿਤੂ ਭਾਬੀ....ਤੁਸੀਂ ਆ ਕੇ ਮੇਰਾ ਦਿਲ ਰਖ ਲਿਆ। ਅਮਿਤੋਜ ਆਉਣਗੇ ਇਹ ਤਾਂ ਮੈਂ ਜਾਣਦੀ ਸਾਂ। ਤੁਸੀਂ ਨਾ ਆਉਂਦੇ ਤਾਂ ਮੇਰੇ ਮਨ ਤੇ ਮਣਾਂ ਭਾਰ ਲਟਕਿਆ ਰਹਿਣਾ ਸੀ।"

ਰਿਤੂ ਨੇ ਨੀਲਾ ਦਾ ਹੱਥ ਘੁਟਿਆ—"ਤੂੰ ਇਹ ਕਿਵੇਂ ਸੋਚਿਆ ਕਿ ਮੈਂ ਨਹੀਂ ਆਵਾਂਗੀ?"

ਨੀਲਾ ਦੀਆਂ ਅੱਖਾਂ ਅਚਨਚੇਤ ਭਰ ਆਈਆਂ। ਦੀਪਾ ਨੇ ਵੇਖਿਆ ਤੇ ਦੋਨਾਂ ਦੇ ਵਿਚਕਾਰ ਆ ਖਲੋਤੀ।

"ਮੈਂ ਜਾਣਦੀ ਸੀ ਕਿ ਅੰਕਲ—ਆਂਟੀ ਦੋਵੇਂ ਆਉਣਗੇ ... ਆਖ਼ਿਰ ਮੈਂ ਅੰਕਲ ਦੀ ਧੀ ਹਾਂ.... ਕਿਉਂ ਅੰਕਲ?

ਅਮਿਤੋਜ ਨੇ ਦੀਪਾ ਨੂੰ ਆਪਣੇ ਨਾਲ ਲਾ ਲਿਆ — "ਤੂੰ ਤੇ ਮੇਰੀ ਹੀ ਧੀ ਏਂ।"

ਇਕ ਪਲ ਲਈ ਚੁਪ ਛਾ ਗਈ। ਫਿਰ ਨੀਲਾ ਰਿਤੂ ਨੂੰ ਧਰੂੰਦੀ ਹੋਈ ਬੋਲੀ—"ਚਲੋ ਭਾਬੀ....ਸਾਰੀਆਂ ਚੀਜਾਂ ਨੂੰ ਇਕ ਵਾਰ ਵੇਖ—ਪਰਖ ਲਓ।"

ਸਵੇਰੇ ਜੰਞ ਦੇ ਸੁਆਗਤ ਦੀਆ ਤਿਆਰੀਆਂ ਵਿਚ ਸਾਰੇ ਰੁੱਝੇ ਹੋਏ ਸਨ। ਜੰਞ ਦਾ ਢੁਕਾਅ ਘਰ ਦੇ ਨੇੜੇ ਹੀ ਵੱਡੇ ਪੰਡਾਲ ਵਿਚ ਹੋਣਾ ਸੀ ਤੇ ਲਾਵਾਂ ਗੁਰਦੁਆਰੇ ਵਿਚ ਹੋਣੀਆਂ ਸਨ। ਨੀਲਾ ਗਲ੍ਹ ਵਿਚ ਪਏ ਦੁੱਪਟੇ ਤੇ ਮੱਥੇ ਦੇ ਆਏ ਵਾਲਾਂ ਨੂੰ ਸੰਭਾਲਦੀ ਹੋਈ ਉਸਦੇ ਅੱਗੇ ਆ ਖਲੋਤੀ।

"ਮਿਲਣੀ ਵੇਲੇ ਮੁੰਡੇ ਦੇ ਪਿਓ ਨਾਲ ਤੁਸੀਂ ਮਿਲਣੀ ਕਰੋਗੇ।"

ਉਹ ਹਲਵਾਈ ਕੋਲ ਖੜਾ ਸਵੇਰ ਦੇ ਨਾਸ਼ਤੇ ਤੇ ਲਾਵਾਂ ਪਿੱਛੋਂ ਦਿੱਤੀ ਜਾਣ ਵਾਲੀ ਰੋਟੀ ਦੀਆਂ ਚੀਜ਼ਾਂ ਦੀ ਜਾਂਚ—ਪਰਖ ਕਰ ਰਿਹਾ ਸੀ।

ਉਸਨੇ ਬੜੇ ਗਹੁ ਨਾਲ ਨੀਲਾ ਨੂੰ ਵੇਖਿਆ—"ਕੀ ਇਹ ਚੰਗਾ ਲੱਗੇਗਾ?"

"ਇਹੋ ਠੀਕ ਏ.... ਤੇ ਚੰਗਾ ਵੀ।" ਉਸਨੇ ਆਪਣਾ ਫੈਸਲਾ ਸੁਣਾ ਦਿੱਤਾ—"ਤੁਸੀਂ ਜਾਣਦੇ ਹੀ ਹੋ ਕਿ ਕੁਲਜੀਤ ਦਾ ਆਪਣਾ ਕੋਈ ਸੱਕਾ ਭਰਾ ਨਹੀਂ। ਉਸਦੀ ਥਾਂ ਤੇ ਕਿਸੇ ਐਰੇ ਗੈਰੇ ਨੂੰ ਕਿਵੇਂ ਅੱਗੇ ਕਰ ਦੇਵਾਂ?"

ਉਹ ਇਕ ਤੇਜ ਲਹਿਰ ਵਾਂਗ ਆਈ ਸੀ ਤੇ ਉਸਨੂੰ ਛੋਹ ਕੇ ਕੰਮ—ਕਾਜ ਦੇ ਸਮੁੰਦਰ ਵਿਚ ਵਾਪਸ ਪਰਤ ਗਈ।

ਮਿਲਣੀ ਵੇਲੇ ਜਦੋਂ ਉਹ ਕੁੜੀ ਦੇ ਪਿਉ ਦਾ ਰੋਲ ਨਿਭਾਉਂਦਾ ਹੋਇਆ ਮੁੰਡੇ ਦੇ ਪਿਉ ਦੇ ਗਲੇ ਵਿਚ ਹਾਰ ਪਾ ਕੇ ਉਸਨੂੰ ਜੱਫੀ ਪਾ ਰਿਹਾ ਸੀ, ਰਿਤੂ ਉਸਨੂੰ ਵੇਖ ਰਹੀ ਸੀ ਤੇ ਅਣਵੇਖਿਆ ਵੀ ਕਰ ਰਹੀ ਸੀ।

ਇਹੋ ਗਲ ਗੁਰਦੁਆਰੇ ਵਿਚ ਹੋਈ।

ਕੀਰਤਨ ਕਰਣ ਵਾਲੇ ਰਾਗੀ ਨੇ ਆਖਿਆ — "ਮੁੰਡੇ ਤੇ ਕੁੜੀ ਦੇ ਮਾਤਾ—ਪਿਤਾ ਅਰਦਾਸ ਲਈ ਖਲੋ ਜਾਣ। ਫਿਰ ਸਭ ਤੋਂ ਅਹਿਮ ਜ਼ਿੰਮੇਵਾਰੀ ਦਾ ਉਹ ਪਲ ਆ ਗਿਆ ਜਦੋਂ ਕੁੜੀ ਦੇ ਪਿਓ ਨੂੰ ਲਾਵਾਂ ਵਾਲੇ ਦੁੱਪਟੇ ਦਾ ਇਕ ਪੱਲਾ ਕੁੜੀ ਦੇ ਹੱਥ ਵਿਚ ਦੇ ਕੇ ਦੂਜਾ ਮੁੰਡੇ ਦੇ ਹੱਥ ਫੜਾਉਣਾ ਸੀ।

ਉਸਨੇ ਬੜੇ ਸਹਿਜ ਢੰਗ ਨਾਲ ਇਹ ਕੰਮ ਨਿਭਾ ਦਿੱਤੇ।

ਰਾਗੀਆਂ ਨੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ :

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵੰਞਾਈ।
ਛੋਡੀਆਂ ਹਮ ਕਿਛੁ ਤਿਆਗੀ।
ਹਭੇ ਸਾਕ ਕੁੜਾਵੇ ਡਿੱਠੇ ਤਓ ਪੱਲੇ ਤੈਂਡੇ ਲਾਗੀ...

ਵਿਦਾਈ ਵੇਲੇ ਦੀਪਾ ਨੀਲਾ ਦੇ ਗਲੀਂ ਲਗ ਕੇ ਬੜਾ ਰੋਈ, ਰਿਤੂ ਦੇ ਗਲੀਂ ਲੱਗੀ, ਰਿਸ਼ਤੇ ਦੀਆਂ ਭੈਣਾਂ ਤੇ ਸਹੇਲੀਆਂ ਦੇ ਗਲੀਂ ਲੱਗੀ। ਪਰ ਜਦੋਂ ਅਮਿਤੋਜ ਦੇ ਗਲੀਂ ਲੱਗੀ ਤਾਂ ਉਸਦੀਆਂ ਭੁੱਬਾਂ ਨਿਕਲ ਗਈਆਂ।

ਉਹਵੀ ਹੰਝੂ ਪੂੰਝਦਾ ਹੋਇਆ, ਉਸਨੂੰ ਸਹਾਰਾ ਦੇ ਕੇ ਫੁੱਲਾਂ ਨਾਲ ਸਜੀ ਕਾਰ ਵੱਲ ਲੈ ਗਿਆ।

✧ ✧ ✧

ਇਹ ਗੱਲ ਪਹਿਲਾਂ ਤੋਂ ਤੈਅ ਸੀ ਕਿ ਮੁੜਦੇ ਵੇਲੇ ਉਹ ਇਕ ਦਿਨ ਲਈ ਕਾਨਪੁਰ ਰੁਕਣਗੇ। ਰਿਤੂ ਦੀ ਵੱਡੀ ਭੈਣ ਬੜੇ ਚਿਰ ਤੋਂ ਬੀਮਾਰ ਸੀ। ਉਸਨੂੰ ਮਿਲਕੇ ਰਾਤ ਦੀ ਕਿਸੇ ਗੱਡੀ ਤੋਂ ਦਿੱਲੀ ਵਾਪਸ ਆਉਣ ਦਾ ਪ੍ਰੋਗਰਾਮ ਬਣਿਆ ਸੀ।

ਤੁਰਨ ਲੱਗੇ ਤਾਂ ਨੀਲਾ ਰੋ ਪਈ—"ਦੀਪਾ ਵੀ ਤਰ ਗਈ........ ਹੁਣ ਮੈਂ ਬਿਲਕੁਲ ਇੱਕਲੀ ਹੋ ਗਈ ਹਾਂ।"

ਰਿਤੂ ਨੇ ਉਸਦੇ ਮੋਢੇ ਤੇ ਹੱਥ ਰਖਿਆ—"ਤੈਨੂੰ ਜਦੋਂ ਵੀ ਛੁੱਟੀਆਂ ਹੋਣ ਸਾਡੇ ਕੋਲ ਦਿੱਲੀ ਆ ਜਾਇਆ ਕਰੀਂ. ਤੇ ....।" ਉਸਨੇ ਅਮਿਤੋਜ ਵੱਲ ਤੱਕਿਆ—"ਕੰਪਨੀ ਦੇ ਕੰਮ ਨਾਲ ਇਹ ਲਖਨਊ ਤਾਂ ਆਉਂਦੇ ਜਾਂਦੇ ਰਹਿੰਦੇ ਨੇ। ਜਦੋਂ ਵੀ ਇੱਥੇ ਆਉਣਗੇ ਤੈਨੂੰ ਮਿਲੇ ਬਗੈਰ ਤਾਂ ਜਾਣ ਨਹੀਂ ਲੱਗੇ।"

ਇਕ ਪਲ ਲਈ ਫਿਰ ਸੁੰਨ ਆ ਗਈ। ਤਿੰਨਾਂ ਨੂੰ ਹੀ ਜਾਪਿਆ, ਉਹਨਾਂ ਕੋਲ ਕਹਿਣ-ਸੁਣਨ ਲਈ ਕੁਝ ਨਹੀਂ।

ਕਾਨਪੁਰ ਆਉਂਦੇ ਵੇਲੇ ਦੋਵੇਂ ਚੁੱਪ ਸਨ। ਰਿਤੂ ਬਸ ਵਿਚ ਬਾਰੀ ਵਾਲੀ ਸੀਟ ਤੇ ਬੈਠੀ ਸੀ। ਤੇ ਬਾਹਰ ਵੇਖ ਰਹੀ ਸੀ। ਵਿਚਕਾਰ ਇਕ ਥਾਂ ਬਸ ਰੁਕੀ ਤਾਂ ਉਸਨੇ ਪੁੱਛਿਆ — "ਕੁਝ ਖਾਵੇਂਗੀ?"

"ਨਹੀਂ....।" ਰਿਤੂ ਨੇ ਜਵਾਬ ਦਿੱਤਾ।

"ਇਥੇ ਦੇ ਪੇੜੇ ਬੜੇ ਮਸ਼ਹੂਰ ਹਨ।" ਉਸਨੇ ਮੁਸਕਰਾਉਣ ਦਾ ਜਤਨ ਕੀਤਾ।

ਰਿਤੂ ਨੇ ਬੜੀ ਤਿੱਖੀ ਨਜ਼ਰ ਨਾਲ ਉਸਨੂੰ ਵੇਖਿਆ— "ਮਖੌਲ ਕਰਦੇ ਹੋ....ਸ਼ੱਕਰ ਦੇ ਮਰੀਜ਼ ਨੂੰ ਪੇੜਿਆਂ ਦਾ ਲਾਲਚ ਦਿੰਦੇ ਹੋ।"

"ਚੰਗਾ ਸਮੋਸੇ ਖਾ ਲੈ.....ਵੇਖ.....ਸਾਹਮਣੇ ਹਲਵਾਈ ਇਕ ਦਮ ਗਰਮ-ਗਰਮ ਸਮੋਸੇ ਕੱਢ ਰਿਹਾ ਹੈ।"

"ਤੁਸੀਂ ਖਾ ਲਓ.... ਦੀਪਾ ਦੇ ਵਿਆਹ ਵਿਚ ਪਹਿਲਾਂ ਹੀ ਬੜੀ ਬਦਪਰਹੇਜ਼ੀ ਹੋ ਚੁਕੀ ਏ।" ਉਹ ਦੂਜੇ ਪਾਸੇ ਵੇਖਣ ਲਗ ਪਈ।

ਉਹ ਕੁਝ ਖਾਣਾ ਚਾਹੁੰਦਾ ਸੀ। ਗਰਮ-ਗਰਮ ਸਮੋਸੇ ਉਸਨੂੰ ਬੜਾ ਲੁਭਾ ਰਹੇ ਸਨ। ਪਰ ਉਹ ਚੁਪ ਬੈਠਾ ਰਿਹਾ। ਉਸਨੂੰ ਜਾਪਿਆ, ਰਿਤੂ ਦੀ ਖਿਝ ਦਾ ਦੌਰ ਅਜੇ ਪੂਰੀ ਤਰ੍ਹਾਂ ਕਾਇਮ ਹੈ। ਉਸਨੇ ਕੁਝ ਖਾਦਾ ਤਾਂ ਉਸਦੀ ਖਿਝ ਹੋਰ ਵੱਧ ਜਾਏਗੀ।

ਬਸ ਤੁਰ ਪਈ। ਉਸਨੇ ਮਹਿਸੂਸ ਕੀਤਾ, ਰਿਤੂ ਬੜਾ ਕਸਮਸਾ ਰਹੀ ਹੈ। ਕੋਈ ਚੀਜ਼ ਹੈ ਜਿਹੜੀ ਉਸਨੂੰ ਰੜਕ ਰਹੀ ਹੈ, ਤੰਗ ਕਰ ਰਹੀ ਹੈ।

ਕੁਝ ਦੇਰ ਵਿਚ ਉਸਨੇ ਮੂੰਹ ਘੁਮਾਇਆ ਤੇ ਬੋਲੀ— "ਪਿਉ ਦਾ ਫਰਜ਼ ਤਾਂ ਤੁਸੀਂ ਪੂਰਾ, ਨਿਭਾਇਆ।"

ਉਹ ਹਸ ਪਿਆ। ਉਹ ਜਾਣਦਾ ਸੀ ਰਿਤੂ ਕਿਉਂ ਤੰਗ ਹੋ ਰਹੀ ਹੈ, ਉਸਨੂੰ ਕਿਹੜੀ ਚੀਜ਼ ਰੜਕ ਰਹੀ ਹੈ।

"ਇਹ ਫਰਜ਼ ਤਾਂ ਮੈਂ ਨਿਭਾਉਣਾ ਹੀ ਸੀ।"

"ਕਿਉਂ ਨਹੀਂ.....? ਆਖਿਰ ਤੁਸੀਂ ਦੀਪਾ ਦੇ ਪਿਉ ਜੁ ਹੋਏ।" ਆਖ ਕੇ ਰਿਤੂ ਸਾਹਮਣੇ ਬਸ ਚਲਾਂਦੇ ਡਰਾਈਵਰ ਵਲ ਵੇਖਣ ਲਗ ਪਈ।

ਉਸਨੇ ਆਪਣਾ ਮੋਢਾ ਰਿਤੂ ਦੇ ਮੋਢੇ ਨਾਲ ਸਟਾ ਦਿਤਾ। ਇਕ ਬੜੀ-ਜਾਣੀ ਪਛਾਣੀ ਮਹਿਕ ਉਸਦੀਆਂ ਨਾਸਾਂ ਵਿਚ ਤਿਰਨ ਲਗ ਪਈ।

"ਰਿਤੂ...... ਕੀ ਤੂੰ ਇਹ ਨਹੀਂ ਮੰਨਦੀ ਕਿ ਮੇਰੇ ਇੰਨੇ ਜਿਹੇ ਕੰਮ ਨਾਲ ਨੀਲਾ ਨੂੰ ਕਿੰਨੀ ਖੁਸ਼ੀ ਮਿਲੀ।"

ਉਸਨੇ ਸੁਣ ਲਿਆ। ਇੰਜ ਜਾਪਿਆ ਜਿਵੇਂ ਉਹ ਕੁਝ ਨਹੀਂ ਬੋਲੇਗੀ......ਬਸ ਚੁਪ ਚੁਪੀਤੀ ਬੈਠੀ ਰਹੇਗੀ। ਪਰ ਉਹ ਬੋਲੀ—"ਇਹ ਕੰਮ ਇੰਨਾ ਜਿਹਾ ਤਾਂ ਨਹੀਂ ਸੀ। ਤੇ ਖੁਸ਼ੀ ਸਿਰਫ ਨੀਲਾ ਨੂੰ ਹੀ ਨਹੀਂ ਮਿਲੀ.... ਤੁਹਾਨੂੰ ਵੀ ਤਾਂ ਮਿਲੀ।"

"ਇਕ ਠੀਕ ਏ....।" ਉਸਨੇ ਕਿਹਾ—"ਮੈਨੂੰ ਵੀ ਮਿਲੀ....ਬੜੀ ਸਾਰੀ।"

ਫਿਰ ਕਾਨਪੁਰ ਤੀਕ ਕੋਈ ਕੁਝ ਨਹੀਂ ਬੋਲਿਆ।

ਉੱਥੇ ਭੈਣ ਮਿਲੀ, ਭਣਵਈਆ ਮਿਲਿਆ, ਬੱਚੇ ਵੀ ਮਿਲੇ।

ਭੈਣ ਡਾਈਬਿਟੀਜ਼ ਦੀ ਪੁਰਾਣੀ ਮਰੀਜ਼ ਹੈ। ਰੋਜ਼ ਇੰਸੁਲੀਨ ਦਾ ਟੀਕਾ ਲਗਾਂਦੀ ਹੈ, ਪਰ ਲਹੂ ਵਿਚੋਂ ਸ਼ੱਕਰ ਘੱਟਦੀ ਹੀ ਨਹੀਂ।

ਭਣਵਈਏ ਨੇ ਸ਼ਿਕਾਇਤ ਕੀਤੀ—"ਸ਼ੱਕਰ ਦੇ ਮਰੀਜ਼ ਲਈ ਪਰਹੇਜ਼ ਦੁਆਈ ਤੋਂ ਵੱਧ ਜ਼ਰੂਰੀ ਏ.... ਪਰ ਤੇਰੀ ਭੈਣ ਬਦਪਰੇਜ਼ੀ ਕਰਣ ਤੋਂ ਬਾਜ ਨਹੀਂ ਆਉਂਦੀ। ਮੌਕਾ ਮਿਲੇ ਤਾਂ ਤਿੰਨ-ਚਾਰ ਲੱਡੂ ਜਾਂ ਪੇੜੇ ਫਟਾਫਟ ਅੰਦਰ ਲੰਘਾ ਜਾਂਦੀ ਏ......ਛੇ-ਛੇ ਕੇਲੇ ਖਾ ਜਾਂਦੀ ਏ। ਦੁਸੈਹਰੀ ਅੰਬਾਂ ਤੇ ਇੰਜ ਝਪੱਟਾ ਮਾਰਦੀ ਏ ਜਿਵੇਂ ਇੱਲ ਮਾਸ ਤੇ....।"

ਰਿਤੂ ਬੜਾ ਗੁੱਸੇ ਹੋਈ—"ਦੀਦੀ... ਪਰਹੇਜ਼ ਨਹੀਂ ਕਰੋਂਗੀ ਤਾਂ ਛੇਤੀ ਮਰ ਜਾਏਂਗੀ। ਘੱਟ ਤੋਂ ਘੱਟ ਆਪਣੇ ਬੱਚਿਆਂ ਦਾ ਤਾਂ ਖਿਆਲ ਕੀਤਾ ਕਰ।"

ਭੈਣ ਬੜਾ ਮੂੰਹ ਬਣਾ ਕੇ ਬੋਲੀ—"ਹੁਣ ਮੈਥੋਂ ਮਰ-ਮਰ ਕੇ ਤੇ ਨਹੀਂ ਜੀਉਣ ਹੁੰਦਾ। ਮਿਠਿਆਈ ਦਾ ਇਕ ਟੁਕੜਾ ਮੂੰਹ ਵਿਚ ਪਾ ਲਵਾਂ ਜਾਂ ਅੰਬ ਦੀ ਇਕ ਫਾੜੀ ਲੈ ਲਵਾਂ ਤਾਂ ਸਾਰੇ ਘਰ ਵਿਚ ਰੌਲਾ ਪੈ ਜਾਂਦੈ...... ਜਿਸਨੂੰ ਵੇਖੋ.... ਬਸ ਸੋਟੀ ਲੈ ਕੇ ਮਗਰ ਪੈ ਜਾਂਦੈ......।"

ਉਹਨਾਂ ਨੂੰ ਪ੍ਰਯਾਗਰਾਜ ਐਕਸਪ੍ਰੈਸ ਦੀ ਰਿਜ਼ਰਵੇਸ਼ਨ ਮਿਲ ਗਈ ਸੀ। ਰਿਤੂ ਇਸ ਗੱਲ ਤੇ ਬੜਾ ਖਿਝ ਰਹੀ ਸੀ—"ਇਹ ਵੀ ਗੱਡੀ ਦਾ ਕੋਈ ਵਕਤ ਏ.... ਰਾਤ ਨੂੰ ਬਾਰ੍ਹਾਂ ਵੱਜ ਕੇ ਦਸ ਮਿੰਟ ....ਨਾ ਇਸ ਪਾਸੇ ਦੇ ਨਾ ਉਸ ਪਾਸੇ ਦੇ.....।"

ਪੁਲ ਦੀਆਂ ਪੌੜੀਆਂ ਲਹਿੰਦੇ ਹੋਏ, ਉਹਨ੍ਹਾਂ ਨੇ ਵੇਖਿਆ, ਪਲੇਟਫਾਰਮ ਤੇ ਬੜੀ ਭੀੜ ਹੈ।

ਅਮਿਤਤੇਜ ਨੇ ਕੁਲੀ ਨੂੰ ਪੁਛਿਆ–"ਐਸ–ਫੋਰ ਦਾ ਡੱਬਾ ਕਿੱਥੇ ਲੱਗੇਗਾ?"

ਕੁਲੀ ਨੇ ਪੌੜੀਆਂ ਨਾਲ ਸੱਜੇ ਪਾਸੇ ਵਲ ਇਸ਼ਾਰਾ ਕੀਤਾ।

ਪਿਛਲੇ ਦੋ ਦਿਨਾਂ ਵਿਚ ਮੱਠਾ ਜਿਹਾ ਮੀਂਹ ਪਿਆ ਸੀ। ਉਸ ਕਰਕੇ ਗਰਮੀ ਕੁਝ ਘੱਟ ਗਈ ਸੀ, ਪਰ ਅੱਜ ਹੁੰਮ ਬੜੀ ਸੀ। ਲੋਕੀ ਪਸੀਨੋ ਪਸੀਨਾ ਹੋ ਰਹੇ ਸਨ। ਪਲੇਟ ਫਾਰਮ ਤੇ ਲੱਗੇ ਪੱਖਿਆਂ ਥੱਲੇ ਖਲੋਤੇ ਲੋਕਾਂ ਦੇ ਮੋਢੇ ਇਕ–ਦੂਜੇ ਨਾਲ ਰਗੜ ਖਾ ਰਹੇ ਸਨ।

ਉਹ ਰੁਮਾਲ ਕੱਢ ਕੇ ਪਸੀਨਾ ਪੂੰਝਣ ਲਗ ਪਿਆ। ਰਿਤੂ ਆਪਣੀ ਸਾੜੀ ਦੇ ਪੱਲੇ ਨੂੰ ਪੱਖਾ ਬਣਾਉਣ ਦਾ ਜਤਨ ਕਰ ਰਹੀ ਸੀ।

ਉਸਨੇ ਵੇਖਿਆ ਰਿਤੂ ਪੰਜ–ਸੱਤ ਕਦਮ ਦੂਰ ਖੜੇ ਇਕ ਛਾਬੜੀ ਵਾਲੇ ਨੂੰ ਵਾਰ–ਵਾਰ ਵੇਖ ਰਹੀ ਹੈ। ਨਿੱਕੀ ਜਿਹੀ ਚਿੱਟੀ ਬਕਰਾ ਦਾੜ੍ਹੀ ਵਾਲਾ ਇਕ ਬੁੱਢਾ ਛਾਬੇ ਤੇ ਹੱਥ ਹਿਲਾ–ਹਿਲਾ ਕੇ ਮੱਖੀਆਂ ਉਡਾਂਦਾ ਸੀ, ਫਿਰ ਉਂਘਣ ਲਗ ਪੈਂਦਾ ਸੀ। ਉਸਨੇ ਵੇਖਿਆ ਸਾਰਾ ਛਾਬਾ ਖਾਲੀ ਹੈ, ਇਕ ਪਾਸੇ ਸਿਰਫ ਪੰਜ–ਛੇ ਕੇਲੇ ਰਖੇ ਹੋਏ ਹਨ।

ਰਿਤੂ ਉਸਨੂੰ ਵਾਰ–ਵਾਰ ਵੇਖ ਰਹੀ ਸੀ ਤੇ ਕਸਮਸਾ ਰਹੀ ਸੀ। ਆਪਣੇ ਪੱਲੇ ਨਾਲ ਉਹ ਵਾਰ–ਵਾਰ ਪਸੀਨਾ ਪੂੰਝ ਰਹੀ ਸੀ – ਉਸਨੂੰ ਪੱਖਾ ਬਣਾ ਕੇ ਝੱਲ ਰਹੀ ਸੀ। ਵਿਚ–ਵਿਚ ਉਹ ਉਸ ਪਾਸੇ ਵਲ ਵੇਖਣ ਲਗ ਪੈਂਦੀ ਜਿੱਧਰੋਂ ਗੱਡੀ ਨੇ ਆਉਣਾ ਸੀ।

"ਬੜੀ ਸੜੀ ਗਰਮੀ ਏ।" ਉਸਨੇ ਕਿਹਾ।

ਉਹ ਕੁਝ ਨਹੀਂ ਬੋਲੀ। ਉਸਦੇ ਚਿਹਰੇ ਤੇ ਕਸਮਸਾਹਟ ਤੇ ਬੇਚੈਨੀ ਹੋਰ ਵੱਧ ਗਈ। ਫਿਰ ਉਹ ਝਪਟ ਕੇ ਛਾਬੇ ਵਾਲੇ ਕੋਲ ਜਾ ਖਲੋਤੀ।

"ਮੀਆਂ ਜੀ, ਰਾਤ ਦੇ ਬਾਰਾਂ ਵੱਜਣ ਲੱਗੇ ਨੇ.... ਇੰਨੀ ਗਰਮੀ ਏ..... ਤੁਸੀਂ ਇਹ ਥੋੜੇ ਜਿਹੇ ਕੇਲੇ ਲੈ ਕੇ ਖਲੋਤੇ ਹੋ। ਘਰ ਕਿਉਂ ਨਹੀਂ ਜਾਂਦੇ.... ਆਪਣੇ ਬਾਲ–ਬੱਚਿਆਂ ਵਿਚ.....?"

ਛਾਬੜੀਵਾਲੇ ਨੇ ਬੜੀ ਉਦਾਸ ਤੇ ਉਨੀਂਦੀ ਅੱਖਾਂ ਨਾਲ ਉਹਨੂੰ ਵੇਖਿਆ–"ਬੀਬੀ....ਸੋਚਦਾਂ....ਇਹ ਕੇਲੇ ਵੀ ਵਿਕ ਜਾਣ ਤਾਂ ਘਰ ਜਾਵਾਂ.....। ਚਾਰ–ਪੰਜ ਰੁਪਏ ਹੋਰ ਮਿਲ ਜਾਣ ਤਾਂ ਬੱਚਿਆਂ ਦੇ ਮੂੰਹ ਵਿਚ ਦੋ ਗਰਾਹੀਆਂ ਵਾਧੂ ਪਾ ਸਕਾਗਾਂ।"

ਅਮਿਤੇਜ ਵੀ ਕੋਲ ਆ ਖਲੋਤਾ।

ਰਿਤੂ ਦੇ ਚਿਹਰੇ ਤੇ ਖਿੱਝ ਇਕਦਮ ਵੱਧ ਗਈ। ਉਹ ਵਾਰ–ਵਾਰ ਸਾੜੀ ਨਾਲ ਆਪਣਾ ਮੂੰਹ ਪੂੰਝਣ ਲਗ ਪਈ।

ਫਿਰ ਉਸਨੇ ਆਪਣਾ ਪਰਸ ਖੋਲਿਆ। ਪੰਜ ਰੁਪਏ ਦਾ ਇਕ ਨੋਟ ਛਾਬੇ ਤੇ ਰਖਦੇ ਹੋਏ ਉਸਨੇ ਝਪਟਾ ਮਾਰਕੇ ਸਾਰੇ ਕੇਲੇ ਚੁੱਕ ਲਏ.... "ਹੁਣ ਤੁਸੀਂ ਘਰ ਜਾਓ।"

ਛਾਬੜੀ ਵਾਲੇ ਨੇ ਉਸਨੂੰ ਬੜੀਆਂ ਸਿੱਜੀਆਂ ਅੱਖਾਂ ਨਾਲ ਵੇਖਿਆ ਤੇ ਆਪਣਾ ਛਾਬਾ ਸੰਭਾਲਣ ਲਗ ਪਿਆ।

ਉਹ ਆਪਣੀ ਥਾਂ ਤੇ ਆ ਕੇ ਖਲੋ ਗਈ। ਦੋ ਪਲ ਉਸਨੇ ਕੇਲਿਆਂ ਵਲ ਤਕਿਆ ਫਿਰ ਇਕ ਛਿੱਲ ਕੇ ਖਾਣ ਲਗ ਪਈ।

"ਇਹ ਸਾਰੇ ਕੇਲੇ ਤੂੰ ਖਾਏਂਗੀ?" ਉਸਨੇ ਪੁਛਿਆ।

"ਤੁਸੀਂ ਵੀ ਖਾ ਲਓ!" ਰਿਤੂ ਨੇ ਬੜੇ ਸਹਿਜ ਢੰਗ ਨਾਲ ਕੇਲੇ ਉਸ ਵਲ ਵਧਾ ਦਿੱਤੇ।

"ਤੂੰ ਜਾਣਦੀ ਏਂ, ਮੈਂ ਰਾਤ ਨੂੰ ਕੇਲਾ ਨਹੀਂ ਖਾਂਦਾ.... ਮੇਰੇ ਢਿੱਡ ਪੀੜ ਸ਼ੁਰੂ ਹੋ ਜਾਂਦੀ ਏ।"

"ਠੀਕ ਏ.... ਫਿਰ ਮੌਜ ਕਰੋ ਤੇ ਮੈਨੂੰ ਖਾਂਦਾ ਵੇਖੋ।" ਆਖਕੇ ਰਿਤੂ ਖਿੜ–ਖਿੜ ਕਰਕੇ ਹੱਸ ਪਈ।

ਉਸਨੇ ਬੜੇ ਗਹੁ ਨਾਲ ਉਸਦਾ ਚਿਹਰਾ ਵੇਖਿਆ। ਇਹ ਉਹ ਰਿਤੂ ਨਹੀਂ ਜਿਹੜੀ ਕੁਝ ਮਿੰਟ ਪਹਿਲਾਂ ਸੀ।

"ਤੂੰ ਜਾਣਦੀ ਏਂ ਨਾ ਕਿ ਤੂੰ ਡਾਈਬਿਟਿਕ ਏਂ? ਇੰਨੇ ਕੇਲੇ ਖਾਏਂਗੀ ਤਾਂ ਕਿੰਨੀ ਬਦਪਰ੍ਹੇਜੀ ਹੋਵੇਗੀ।"

ਰਿਤੂ ਤੀਜਾ ਕੇਲਾ ਛਿੱਲ ਰਹੀ ਸੀ।

"ਕਦੀ–ਕਦੀ ਬਦਪਰ੍ਹੇਜ਼ੀ ਕਰਣ ਵਿਚ ਬੜਾ ਸੁਆਦ ਆਉਂਦੈ।" ਉਹ ਫਿਰ ਖਿੜ–ਖਿੜ ਕਰਕੇ ਹੱਸੀ।

ਪਲੇਟਫਾਰਮ ਤੇ ਐਲਾਨ ਹੋ ਰਿਹਾ ਸੀ ਕਿ ਪ੍ਰਯਾਗਰਾਜ ਐਕਸਪ੍ਰੈਸ ਪਲੇਟਫਾਰਮ ਨੰਬਰ ਦੋ ਤੇ ਆਉਣ ਵਾਲੀ ਹੈ।

"ਸੁਣੋ.....।" ਰਿਤੂ ਬੋਲੀ–"ਕੀ ਨੀਲਾ ਦੀ ਬਦਲੀ ਦਿੱਲੀ ਨਹੀਂ ਹੋ ਸਕਦੀ। ਵਿਚਾਰੀ ਬਿਲਕੁਲ ਇੱਕਲੀ ਰਹਿ ਗਈ ਏ।"

ਉਸਨੇ ਰਿਤੂ ਵੱਲ ਵੇਖਿਆ।

ਤਾਂ ਹੀ ਪਿੱਛੋਂ ਸੀਟੀ ਵਜਾਂਦੀ ਤੇ ਸ਼ੋਰ ਕਰਦੀ ਹੋਈ ਗੱਡੀ ਆਉਂਦੀ ਨਜ਼ਰ ਆਈ।

✧ ✧ ✧

ਸੰਕਟ ਦੇ ਦਿਨ

–ਡਾ. ਕਰਤਾਰ ਸਿੰਘ ਸੂਰੀ

ਪਾਕਿਸਤਾਨ ਬਣਨ ਤੋਂ ਲਗਪਗ ਇਕ ਸਾਲ ਬਾਦ ਸੰਨ 1948 ਵਿਚ ਸਰਦਾਰ ਗੁਰਬਖ਼ਸ਼ ਸਿੰਘ ਤੇ ਉਹਨ੍ਹਾਂ ਦਾ ਪ੍ਰੀਤ–ਕਾਫ਼ਲਾ ਪ੍ਰੀਤ ਨਗਰ ਛੱਡ ਕੇ ਮਹਿਰੌਲੀ (ਦਿੱਲੀ) ਚਲਾ ਗਿਆ। ਸਰਦਾਰ ਮਹਿੰਦਰ ਸਿੰਘ ਰੰਧਾਵਾ ਉਸ ਸਮੇ ਦਿੱਲੀ ਦੇ ਡਿਪਟੀ ਕਮਿਸ਼ਨਰ ਸਨ। ਉਨ੍ਹਾਂ ਨੇ ਸ੍ਰ. ਗੁਰਬਖ਼ਸ਼ ਸਿੰਘ ਤੇ ਉਨ੍ਹਾਂ ਦੇ ਨਾਲ ਆਏ ਸਾਥੀਆਂ ਨੂੰ ਇਕ ਵੱਡੀ ਕੋਠੀ ਸਸਤੇ ਕਿਰਾਏ ਤੇ ਲੈ ਦਿੱਤੀ ਤੇ ਕੁਝ ਪਾਕਿਸਤਾਨ ਚਲੇ ਗਏ ਮੁਸਲਮਾਨਾਂ ਦੇ ਮਕਾਨ ਆਰਜ਼ੀ ਤੌਰ ਤੇ ਐਲਾਟ ਕਰ ਦਿੱਤੇ। ਭਾਪਾ ਪ੍ਰੀਤਮ ਸਿੰਘ, ਪਿਆਰਾ ਸਿੰਘ ਸਹਿਰਾਈ, ਨੌਰੰਗ ਸਿੰਘ, ਗੁਰਬਚਨ ਸਿੰਘ ਖੁਰਾਣਾ ਤੇ ਜਸਵੰਤ ਸਿੰਘ ਦੋਸਤ ਆਦਿ ਕਈ ਲੋਕ ਸ੍ਰ. ਗੁਰਬਖ਼ਸ਼ ਸਿੰਘ ਹੁਰਾਂ ਨਾਲ ਮਹਿਰੌਲੀ ਜਾ ਵੱਸੇ। ਬਾਊ ਜੀ (ਸ੍ਰ. ਨਾਨਕ ਸਿੰਘ) ਨੂੰ ਵੀ ਸਰਦਾਰ ਜੀ ਨੇ ਮਹਿਰੌਲੀ ਆਉਣ ਦਾ ਸੱਦਾ ਦਿੱਤਾ। ਮੇਰੇ ਭੂਆ ਜੀ ਹੁਰੀਂ ਵੀ ਮਹਿਰੌਲੀ ਰਹਿੰਦੇ ਸਨ, ਜਿਸ ਲਈ ਅਸੀਂ ਉਨ੍ਹਾਂ ਨੂੰ ਮਿਲਣ, ਤੇ ਮਹਿਰੌਲੀ ਵਿਚ ਵਸੇ ਨਵੇਂ ਪ੍ਰੀਤ ਨਗਰ ਨੂੰ ਦੇਖਣ ਪਹੁੰਚ ਗਏ। ਇਸੇ ਦੌਰਾਨ ਬਾਊ ਜੀ ਦੀ ਮੁਲਾਕਾਤ ਰੰਧਾਵਾ ਸਾਹਿਬ ਨਾਲ ਹੋਈ। ਰੰਧਾਵਾ ਸਾਹਿਬ ਦੇ ਦਿਲ ਵਿਚ ਸਾਹਿਤਕਾਰਾਂ ਤੇ ਕਲਾਕਾਰਾਂ ਲਈ ਅਥਾਹ ਸਤਿਕਾਰ ਸੀ। ਬਾਊ ਜੀ ਦੀ ਉਹ ਬਹੁਤ ਇੱਜ਼ਤ ਕਰਦੇ ਸਨ। ਜਦੋਂ ਉਨ੍ਹਾਂ ਨੂੰ ਬਾਊ ਜੀ ਦੀ ਮਾਇਕ ਤੰਗੀਆਂ ਅਥਵਾ ਦੇਸ਼–ਵੰਡ ਕਾਰਨ ਕੰਮਕਾਰ ਦੇ ਠੱਪ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਚਾਂਦਨੀ ਚੌਕ ਵਿਚ ਨਵੀਂ ਮਾਰਕਿਟ (ਪਲੱਈਅਰ ਗਾਰਡਨ ਮਾਰਕਿਟ) ਵਿਚ ਬਾਊ ਜੀ ਨੂੰ ਇਕ ਦੁਕਾਨ ਐਲਾਟ ਕਰ ਦਿੱਤੀ। ਇਸੇ ਮਾਰਕਿਟ ਵਿਚ ਪਿਆਰਾ ਸਿੰਘ ਦਾਤਾ ਨੂੰ ਵੀ ਦੁਕਾਨ ਐਲਾਟ ਕੀਤੀ।

ਸਾਡੀ ਦੁਕਾਨ ਕਾਫ਼ੀ ਵੱਡੀ ਸੀ। ਅਸੀ ਅੱਧੀ ਦੁਕਾਨ ਵਿਚ ਕਿਤਾਬਾਂ ਦਾ ਕੰਮ ਸ਼ੁਰੂ ਕੀਤਾ ਤੇ ਪਿਛਲੇ ਪਾਸੇ ਦਾ ਅੱਧਾ ਹਿੱਸਾ ਰਿਹਾਇਸ਼ ਲਈ ਬਣਾ ਲਿਆ। ਮੈਨੂੰ ਤੇ ਮੇਰੇ ਭਰਾ ਕੁਲਵੰਤ ਨੂੰ, ਬਾਊ ਜੀ ਨੇ ਦੁਕਾਨ ਦਾ ਕੰਮ ਸਪੁਰਦ ਕਰ ਦਿੱਤਾ ਤੇ ਆਪ ਅੰਮ੍ਰਿਤਸਰ ਚਲੇ ਗਏ। ਪਲੱਈਅਰ ਗਾਰਡਨ ਮਾਰਕਿਟ ਦੇ ਸਾਹਮਣੇ ਲਾਜਪਤ ਰਾਇ ਮਾਰਕਿਟ ਨਾਂ ਦੀ ਜਿਹੜੀ ਇਕ ਹੋਰ ਮਾਰਕਿਟ ਰੰਧਾਵਾ ਸਾਹਿਬ ਨੇ ਬਣਵਾਈ ਸੀ, ਉਹ ਤਾਂ ਦੇਖਦੇ ਦੇਖਦੇ ਚਲ ਪਈ ਅਤੇ ਉੱਥੇ ਦਿਨਾਂ ਵਿਚ ਹੀ ਗਹਿਮਾ ਗਹਿਮ ਹੋ ਗਈ, ਪਰ ਪਲੱਈਅਰ ਗਾਰਡਨ ਮਾਰਕਿਟ ਕਸੂਤੇ ਜਿਹੇ ਥਾਂ ਹੋਣ ਕਰਕੇ ਤੇ ਖ਼ਾਸ ਤੌਰ ਤੇ ਸਾਡੀ ਦੁਕਾਨ ਪਸੇਤੇ ਜਿਹੀ ਇਕ ਨੁੱਕਰ ਵਿਚ ਹੋਣ ਕਰਕੇ ਚਲ ਨਾ ਸਕੀ। ਬਹੁਤ ਚਿਰ ਤਕ ਉਸ ਮਾਰਕਿਟ ਵਿਚ ਗਾਹਕ ਨੇ ਪੈਰ ਨਾਂ ਧਰੇ। ਤੇ ਜੇ ਕਦੇ ਕਦਾਈਂ, ਭੁੱਲ ਭੁਲੇਖੇ ਕੋਈ ਆ ਵੀ ਜਾਂਦਾ, ਉਹ ਸਾਡੀ ਕਿਤਾਬਾਂ ਦੀ (ਤੇ ਉਹ ਵੀ ਪੰਜਾਬੀ ਕਿਤਾਬਾਂ ਦੀ) ਦੁਕਾਨ ਵਲ ਮੂੰਹ ਨਾ ਕਰਦਾ। ਮੈਂ ਤੇ ਮੇਰਾ ਭਰਾ ਇਸ ਖ਼ਿਆਲ ਨਾਲ ਇੱਥੇ ਆਏ ਸਾਂ ਕਿ ਦਿੱਲੀ ਵਰਗੇ ਸ਼ਹਿਰ ਵਿਚ ਮਿਲੀ ਦੁਕਾਨ ਰਾਹੀਂ ਬਹੁਤ ਜਲਦੀ ਅਸੀਂ ਮੁੜ ਪੈਰਾਂ ਤੇ ਖਲੋ ਜਾਵਾਂਗੇ। ਪਰ ਦੋ ਕੁ ਮਹੀਨੇ ਬੀਤ ਜਾਣ ਤੇ ਵੀ ਜਦੋਂ ਅਸੀਂ ਗਾਹਕ ਦਾ ਮੂੰਹ ਤਕ ਨਾ ਦੇਖਿਆ ਅਤੇ ਜੋ ਕੁਝ ਵੀ ਸਾਡੇ ਪਾਸ ਨਕਦ ਸੀ, ਖ਼ਤਮ ਹੋ ਗਿਆ ਤਾਂ ਸਾਨੂੰ ਚਿੰਤਾ ਹੋਣ ਲੱਗੀ। ਅੰਮ੍ਰਿਤਸਰ ਵੀ ਸਾਡਾ ਕੋਈ ਕੰਮਕਾਰ ਨਹੀਂ ਸੀ, ਜਿਸ ਲਈ ਘਰਦਿਆਂ ਨੂੰ ਸਿਰਫ਼ ਸਾਡੇ ਤੇ ਹੀ ਆਸ ਸੀ। ਅਸੀਂ ਸ਼ਰਮ ਦੇ ਮਾਰੇ ਘਰ ਇਹ ਵੀ ਨਾ ਲਿਖਦੇ ਕਿ ਅਸੀਂ ਇੱਥੇ ਬੈਠੇ ਸਿਰਫ ਮੱਖੀਆਂ ਹੀ ਮਾਰ ਰਹੇ ਹਾਂ। ਅਸੀਂ ਕਿਤਾਬਾਂ ਦੇ ਬੰਡਲ ਬੰਨ੍ਹ ਕੇ ਦਰੀਬਾਂ ਕਲਾਂ, ਪਹਾੜਗੰਜ ਅਤੇ ਕਰੋਲਬਾਗ਼ ਦੇ ਦੁਕਾਨਦਾਰਾਂ ਪਾਸ ਲੈ ਜਾਇਆ ਕਰਦੇ ਸਾਂ। ਹਫ਼ਤੇ, ਦੋ ਹਫ਼ਤੇ ਬਾਦ ਜਿੰਨੀਆਂ ਕੁ ਉਨ੍ਹਾਂ ਵਿਚੋਂ ਵਿਕ ਗਈਆਂ ਹੁੰਦੀਆਂ, ਉਨ੍ਹਾਂ ਦੇ ਪੈਸੇ ਉਹ ਸਾਨੂੰ ਦੇ ਦੇਂਦੇ ਸਨ, ਜਿਸ ਨਾਲ ਮਸਾਂ ਆਈ ਚਲਾਈ ਹੋ ਜਾਇਆ ਕਰਦੀ ਸੀ। ਪਰ ਹੁਣ ਨੌਬਤ ਇੱਥੋਂ ਤਕ ਆ ਗਈ ਕਿ ਕੋਈ ਵੀ ਦੁਕਾਨਦਾਰ ਕਿਤਾਬਾਂ ਰੱਖਣ ਨੂੰ ਤਿਆਰ ਨਹੀਂ ਸੀ ਤੇ ਜਿਨ੍ਹਾਂ ਪਾਸ ਕਿਤਾਬਾਂ ਰੱਖ ਆਏ ਹੋਏ ਸਾਂ, ਉਗਰਾਹੀ ਵੇਲੇ ਉਨ੍ਹਾਂ ਵੱਲੋਂ ਇਹੀ ਜਵਾਬ ਮਿਲਦਾ ਕਿ ਕਿਤਾਬਾਂ ਉਸੇ

ਜਾਣ ਵਾਲੀ ਅਦਾ ਨਾਲ ਉਹਦੇ ਨੇੜੇ ਪੁੱਜੀ ਹੋਈ ਹੁੰਦੀ, ਅਤੇ ਹਿਰਦੇਪਾਲ ਗੱਦ ਗੱਦ ਹੋ ਜਾਂਦਾ।

"ਹਾਂ, ਰਲ ਕੇ ਰਹਿਣ ਵਿਚ ਈ ਭਲਾ ਐ।" ਪਤੀ ਵੀ ਕਹਿੰਦਾ ਤੇ ਦਫ਼ਤਰ ਵੱਲ ਚੱਲ ਪੈਂਦਾ। ਉਸ ਵੇਲੇ ਉਹਦਾ ਗੁਆਂਢੀ ਸਰਦਾਰ ਅਮਰੀਕ ਸਿੰਘ ਉਹਨੂੰ ਆਪਣੇ ਘਰ ਦੇ ਗੇਟ ਕੋਲ ਉਡੀਕ ਰਿਹਾ ਹੁੰਦਾ। ਹਿਰਦੇਪਾਲ ਨੂੰ ਘਰੋਂ ਬਾਹਰ ਨਿਕਲਦਾ ਦੇਖ ਕੇ ਉਹ ਟਿੱਚਰ ਨਾਲ ਕਹਿੰਦਾ – "ਬੜੀ ਦੇਰ ਕਰਕੇ ਨਿਕਲਿਆ ਏਂ! ਭਰਜਾਈ ਆਰਤੀ ਉਤਾਰ ਰਹੀ ਸੀ ਬਾਹਮਣਾ!"

"ਆਹੋ ਸਿੱਖੜਿਆ!" ਹਿਰਦੇਪਾਲ ਹੱਸ ਕੇ ਜਵਾਬ ਦਿੰਦਾ ਤੇ ਉਹ ਇੱਕਠੇ ਹੀ ਦਫ਼ਤਰ ਵੱਲ ਟੁਰ ਪੈਂਦੇ। ਜਿਵੇਂ ਸਕੇ ਭਰਾ ਹੋਣ।

ਹਿਰਦੇਪਾਲ ਤੇ ਅਮਰੀਕ ਸਿੰਘ ਨੇ ਇਕੱਠਿਆਂ ਹੀ ਪਲਾਟ ਲਏ ਸਨ, ਪਰ ਹਾਲਾਤ ਖ਼ਰਾਬ ਹੁੰਦਿਆਂ ਦੇਖ ਕੇ ਹਿਰਦੇਪਾਲ ਨੇ ਮਕਾਨ ਨਾ ਬਣਾਇਆ। ਜਦੋਂ ਅਮਰੀਕ ਸਿੰਘ ਤਿੰਨ ਕਮਰਿਆਂ ਦਾ ਸੈੱਟ ਤਿਆਰ ਕਰਕੇ ਆਪਣੇ ਘਰ ਵਿਚ ਆ ਵੱਸਿਆ, ਤਦ ਉਹਨੇ ਹਿਰਦੇਪਾਲ ਨੂੰ ਵੀ ਮਕਾਨ ਬਣਾਨ ਵਾਸਤੇ ਖੁੰਦਕ ਦੇਣੀ ਸ਼ੁਰੂ ਕਰ ਦਿੱਤੀ। ਪਰ ਹਿਰਦੇਪਾਲ ਫ਼ਿਕਰਮੰਦ ਹੋ ਕੇ ਕਹਿੰਦਾ – "ਯਾਰ! ਪਤਾ ਨਹੀਂ ਹਾਲਾਤ ਨੇ ਕੇ ਰੁੱਖ ਬਦਲਨਾ ਹੈ...... ਐਵੇਂ ਕਿਉਂ ਪੈਸੇ ਜ਼ਾਇਆ ਕਰਾਂ?"

"ਕੁਝ ਨਹੀਂ ਹੁੰਦਾ, ਹਿਰਦੇਪਾਲ!"

"ਤੈਨੂੰ ਕਿਵੇਂ ਪਤੈ?"

"ਤੂੰ ਦੇਖ ਲਵੀਂ!"

"ਪਰ ਤੱਕੇਂ ਨਾ.....ਹਰ ਥਾਂ ਗੋਲੀ ਚੱਲ ਰਹੀ ਐ।"

ਅਮਰੀਕ ਸਿੰਘ ਹੱਸ ਕੇ ਕਹਿੰਦਾ–"ਤੇਰੇ ਵੱਲ ਜਿਹੜੀ ਗੋਲੀ ਆਈ, ਉਹ ਪਹਿਲਾਂ ਮੇਰੀ ਹਿੱਕ ਵਿਚ ਲੱਗੇਗੀ.... ਸਮਝ ਗਿਆ ਕਿ ਨਹੀਂ ..... ਬਾਹਮਣਾ! ਐਵੇਂ ਨਾਂ ਡਰੀ ਜਾ।"

ਅਮਰੀਕ ਸਿੰਘ ਦੀ ਪਤਨੀ ਸਤਵੰਤੀ ਨੇ ਪ੍ਰੀਤੀ ਨੂੰ ਪ੍ਰੇਰਿਆ, ਅਤੇ ਉਹ ਲੋਕ ਵੀ ਤਿੰਨ ਕਮਰਿਆਂ ਦਾ ਸੈੱਟ ਤਿਆਰ ਕਰਕੇ ਅੰਤ ਨੂੰ ਆਪਣੇ ਘਰ ਆ ਗਏ। ਕਾਲੋਨੀ ਦੇ ਨੇੜੇ ਖੇਤੀਬਾੜੀ ਯੂਨੀਵਰਸਿਟੀ ਦਾ ਫਾਰਮ ਵੀ ਸੀ, ਜਿਸ ਵਿਚ ਹਰ ਰੋਜ਼ ਸਵੇਰੇ ਸੈਰ ਕੀਤੀ ਜਾ ਸਕਦੀ ਸੀ। ਪਰ ਹਾਲਾਤ ਦਿਨੋਂ ਦਿਨ ਖ਼ਰਾਬ ਹੁੰਦੇ ਜਾ ਰਹੇ ਸਨ।

ਹੌਲੀ–ਹੌਲੀ ਕਰਕੇ ਜਿਹੜਾ ਉੱਥੇ ਮੁਹੱਲਾ ਵੱਸ ਗਿਆ ਸੀ, ਉਨ੍ਹਾਂ ਲੋਕਾਂ ਨੇ ਪਤਾ ਨਹੀਂ ਕਿੱਥੋਂ ਕਿਥੋਂ ਆ ਕੇ ਘਰ ਬਣਾਏ ਸਨ ਤੇ ਭਵਿੱਖ ਦੇ ਸੁਨਹਿਰੀ ਸੁਪਨੇ ਬੁਣੇ ਸਨ। ਪਰ ਹਾਲਾਤ ਖ਼ਰਾਬ ਹੋਣ ਕਰਕੇ ਹਰ ਕੋਈ ਇਕ ਦੂਸਰੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗ ਪਿਆ ਸੀ। ਇਸ ਮੌਕੇ ਤੇ ਵੀ ਅਮਰੀਕ ਸਿੰਘ ਨੇ ਹਿਰਦੇਪਾਲ ਨੂੰ ਨਾਲ ਲੈ ਕੇ ਮੁਹੱਲੇ ਦੇ ਲੋਕਾਂ ਦੀ ਸਭਾ ਕੀਤੀ ਅਤੇ ਇਕ ਸਦਭਾਵਨਾ ਕਮੇਟੀ ਕਾਇਮ ਕਰ ਲਈ। ਅਮਰੀਕ ਸਿੰਘ ਦੀ ਪ੍ਰੇਰਨਾ ਨਾਲ ਮੁਹੱਲੇ ਵਾਲਿਆਂ ਨੇ ਹਿਰਦੇਪਾਲ ਨੂੰ ਹੀ ਪ੍ਰਧਾਨ ਬਣਾ ਦਿੱਤਾ। ਉਸ ਵੇਲੇ ਵੀ ਅਮਰੀਕ ਸਿੰਘ ਨੇ ਉਹਨੂੰ ਕਿਹਾ "ਹੁਣ ਕਿੱਥੇ ਜਾਵੇਂਗਾ, ਬ੍ਰਾਹਮਣਾ!"

ਜਵਾਬ ਵਿਚ ਹਿਰਦੇਪਾਲ ਨੇ ਹੱਥ ਜੋੜ ਕੇ ਸਭ ਨੂੰ ਕਿਹਾ ਸੀ– "ਮੈਂ ਕਿੱਥੇ ਜਾਣਾ ਹੈ..... ਜਿਸ ਧਰਤੀ ਤੇ ਮੈਂ ਜੰਮਿਆ ਪਲਿਆ ਤੇ ਜਿੱਥੋਂ ਦੀ ਹਵਾ ਵਿਚ ਸਾਹ ਲੈ ਰਿਹਾਂ ...ਉੱਥੇ ਹੀ ਰਹਾਂਗਾ.... ਇਸ ਧਰਤੀ ਵਾਲਾ ਮਿੱਠਾ ਪਾਣੀ ਮੇਰੇ ਲਈ ਹੋਰ ਕਿੱਥੇ ਐ ?"

ਧੁੰਦ ਸੀ, ਹਰ ਪਾਸੇ ਧੁੰਦ ! ਅਤੇ ਮੂੰਹ ਨੂੰ ਮੂੰਹ ਵੀ ਦਿਖਾਈ ਨਹੀਂ ਸੀ ਦਿੰਦਾ। ਫਾਰਮ ਵਿਚ ਦੂਰ ਤਕ ਖਲੋਤੇ ਹੋਏ ਬ੍ਰਿਛ ਵੀ ਧੁੰਦ ਦੀ ਸੰਘਣੀ ਚਾਦਰ ਵਿਚ ਲੁਕੇ ਹੋਏ ਸਨ। ਜਿਸ ਵੇਲੇ ਹਿਰਦੇਪਾਲ ਘਰੋਂ ਨਿਕਲ ਕੇ ਫਾਰਮ ਵੱਲ ਵਧਿਆ, ਤਦ ਧੁੰਦ ਹੋਰ ਵੀ ਗੂੜ੍ਹੀ ਹੋ ਗਈ ਸੀ... ਜਿਵੇਂ ਬਰਫ਼ ਦੇ ਕਿਣਕੇ ਹੌਲੀ ਹੌਲੀ ਆਕਾਸ਼ ਵਿਚੋਂ ਡਿੱਗ ਰਹੇ ਹੋਣ।

"ਕੀ ਇਹ ਬਰਫ਼ੀਲੇ ਕਿਣਕੇ ਆਕਾਸ਼ ਦੇ ਹੰਝੂ ਨੇ?" ਉਹਨੂੰ ਖ਼ਿਆਲ ਆਇਆ। ਉਸ ਵੇਲੇ ਉਹ ਦੂਰ ਤਕ ਵਾਤਾਵਰਣ ਨੂੰ ਘੂਰ ਰਿਹਾ ਸੀ।

"ਕੀ ਇਹ ਵੀ ਖ਼ਰਾਬ ਦਿਨਾਂ ਦਾ ਮਾਤਮ ਕਰ ਰਹੇ ਨੇ?" ਹਿਰਦੇਪਾਲ ਨੇ ਪਤਾ ਨਹੀਂ ਕਿਸ ਨੂੰ ਸਵਾਲ ਕੀਤਾ। ਫੇਰ ਉਹ ਸੋਚਦਾ ਰਿਹਾ ਕਿ ਇਸ ਸਵਾਲ ਦਾ ਜਵਾਬ ਕੀ ਹੋ ਸਕਦਾ ਹੈ!

ਹਿਰਦੇਪਾਲ ਨੇ ਦੂਰ ਤਕ ਘੂਰ ਕੇ ਦੇਖਿਆ, ਤਾਂ ਉਹਨੂੰ ਦੂਰ ਪਰੇ ਇਕ ਮਨੁੱਖੀ ਆਕਾਰ ਖਲੋਤਾ ਨਜ਼ਰ ਆਇਆ। ਹਿਰਦੇਪਾਲ ਨੇ ਹੋਰ ਨੀਝ ਨਾਲ ਦੇਖਣ ਦਾ ਯਤਨ ਕੀਤਾ ਕਿ ਉਹ ਮਨੁੱਖੀ ਆਕਾਰ ਪਗੜੀ ਵਾਲਾ ਸੀ ਕਿ ਸਿਰੋਂ ਰੋਡਾ ਸੀ। ਪਰ ਉਹ ਚੰਗੀ ਤਰ੍ਹਾਂ ਨਾ ਪਛਾਣ ਸਕਿਆ ਅਤੇ ਫਾਰਮ ਦੇ ਉਸ ਪਾਸੇ ਵੱਲ ਟੁਰ ਪਿਆ ਜਿੱਧਰ ਉਹੋ ਜਿਹਾ ਕੋਈ ਮਨੁੱਖੀ ਆਕਾਰ ਨਹੀਂ ਸੀ।

ਨਾਲੋਂ ਤਾਂ ਚੰਗਾ ਸੀ ਕਿ ਕੇਲਿਆਂ ਦੀ, ਸਬਜ਼ੀ ਦੀ ਜਾਂ ਖਿਡੌਣਿਆਂ ਆਦਿ ਦੀ ਕੋਈ ਵੀ ਰੇੜ੍ਹੀ ਲਾ ਲੈਂਦੇ। ਵਿਕਰੀ ਵੀ ਹੁੰਦੀ ਤੇ ਤਮਾਸ਼ਾ ਵੀ ਨਾ ਬਣਦੇ। ਇਕ ਦੋ ਦਿਨ ਤਾਂ ਸਵੇਰੇ ਤੋਂ ਸ਼ਾਮ ਤਕ ਰੇੜ੍ਹੀ ਰੇੜ੍ਹਨ ਤੋਂ ਬਾਦ ਵੀ ਇਕ ਪੈਸੇ ਦੀ ਵੀ ਵੱਟਕ ਨਾ ਹੋਈ। ਇਕ ਦਿਨ ਅਸੀਂ ਚਾਂਦਨੀ ਚੌਕ ਦੀ ਇਕ ਨੁੱਕਰ ਵਿਚ ਰੇੜ੍ਹੀ ਲਾ ਕੇ ਖੜੇ ਸਾਂ ਕਿ ਪੁਲਸ ਦਾ ਇਕ ਦਰੋਗਾ ਆ ਪਹੁੰਚਿਆ। ਕਈ ਤਰ੍ਹਾਂ ਦੀਆਂ ਗਾਲ੍ਹਾਂ ਨਾਲ ਭਰਪੂਰ ਭਾਸ਼ਾ ਉਸ ਬੋਲਣੀ ਸ਼ੁਰੂ ਕਰ ਦਿੱਤੀ ਅਤੇ ਸਾਡਾ ਚਲਾਨ ਕਰਨ ਦੀ ਧਮਕੀ ਦਿੱਤੀ। ਸਾਡੇ ਪਾਸ ਰੇੜ੍ਹੀ ਦਾ ਲਾਇਸੈਂਸ ਨਹੀਂ ਸੀ ਤੇ ਸਾਨੂੰ ਇਹ ਬਿਲਕੁਲ ਪਤਾ ਨਹੀਂ ਸੀ ਕਿ ਰੇੜ੍ਹੀ ਚਲਾਣ ਲਈ ਵੀ ਲਾਇਸੈਂਸ ਦੀ ਜ਼ਰੂਰਤ ਹੁੰਦੀ ਹੈ। ਦਰੋਗਾ ਸਾਡੇ ਨਾਲ ਕੁਰਖ਼ਤਗੀ ਨਾਲ ਪੇਸ਼ ਆ ਰਿਹਾ ਸੀ, ਜਿਵੇਂ ਕਿਸੇ ਅਨਪੜ੍ਹ ਚੋਰ ਉਚੱਕੇ ਅਤੇ ਸਮਾਜ–ਵਿਰੋਧੀ ਲੋਕਾਂ ਨਾਲ ਆਈਦਾ ਹੈ। ਪਹਿਲਾਂ ਤਾਂ ਸਾਡੀ ਅਣਖ ਤੇ ਸ੍ਵੈਮਾਣ ਨੂੰ ਸਖ਼ਤ ਧੱਕਾ ਲੱਗਾ ਤੇ ਅਸੀਂ ਉਸ ਤੋਂ ਸਾਊਪੁਣੇ ਦੀ ਮੰਗ ਕੀਤੀ, ਪਰ ਜਦੋਂ ਸਾਨੂੰ ਇਹ ਅਹਿਸਾਸ ਹੋ ਗਿਆ ਕਿ ਲਾਇਸੈਂਸ ਨਾ ਹੋਣ ਦੀ ਸੂਰਤ ਵਿਚ ਇਹ ਸਾਨੂੰ ਅੰਦਰ ਵੀ ਕਰਾ ਸਕਦਾ ਹੈ ਤਾਂ ਅਸੀਂ ਆਪਣੀ ਖ਼ੁਦੀ ਨੂੰ ਮਿਟਾ ਕੇ ਨਰਮ ਹੋ ਗਏ। ਜਿੰਨੇ ਕੁ ਪੈਸੇ ਜੇਬ ਵਿਚ ਸਨ ਉਸਨੂੰ ਦੇ ਕੇ ਮਸਾਂ ਜਾਨ ਛੁਡਾਈ।

ਕੁਝ ਦਿਨਾਂ ਵਿਚ ਲਾਇਸੈਂਸ ਵੀ ਅਸੀਂ ਲੈ ਲਿਆ ਤੇ ਖੁਲ੍ਹੇ ਆਮ ਰੇੜ੍ਹੀ ਚਲਾਣੀ ਸ਼ੁਰੂ ਕਰ ਦਿੱਤੀ। ਹੌਲੀ ਹੌਲੀ ਲੋਕਾਂ ਨੂੰ ਸਾਡੀ ਚਲਦੀ ਫਿਰਦੀ ਕਿਤਾਬੀ ਦੁਕਾਨ ਦਾ ਪਤਾ ਲੱਗ ਗਿਆ ਤੇ ਕੋਈ ਕੋਈ ਗਾਹਕ ਵੀ ਆਉਣ ਲੱਗ ਪਿਆ। ਪੰਜ ਸਤ ਰੁਪਏ ਰੋਜ਼ ਦੀ ਵੱਟਕ ਹੋਣੀ ਸ਼ੁਰੂ ਹੋ ਗਈ। ਰੇੜ੍ਹੀ ਬਹੁਤ ਭਾਰੀ ਸੀ, ਦੋਵੇਂ ਭਰਾ ਉਸਨੂੰ ਰੇੜ੍ਹਦੇ ਥਕ ਜਾਂਦੇ ਸਾਂ, ਫਿਰ ਵੀ ਅਸੀਂ ਚਾਂਦਨੀ ਚੌਕ ਤੋਂ ਪਹਾੜ ਗੰਜ ਜਾਣਾ ਸ਼ੁਰੂ ਕਰ ਦਿੱਤਾ। ਮੂੰਹ ਹਨੇਰੇ ਹੀ ਅਸੀਂ ਚਲ ਪੈਂਦੇ ਤੇ ਪੁਲ ਦੀ ਚੜ੍ਹਾਈ ਚੜ੍ਹਦੇ ਹੋਏ ਹਫਦੇ ਹੋਏ, ਕੜਕਦੀਆਂ ਧੁੱਪਾਂ ਵਿਚ ਪਸੀਨਾ ਪਸੀਨਾ ਹੋਏ ਪਹਾੜਗੰਜ ਪੁਜਦੇ – ਏਨਾਂ ਸਫ਼ਰ ਬਗ਼ੈਰ ਰੇੜ੍ਹੀ ਤੋਂ ਪੈਦਲ ਤਹਿ ਕਰ ਲੈਣਾ ਵੀ ਸੌਖਾ ਨਹੀਂ ਸੀ ਤੇਫਿਰ ਅਸੀਂ ਕਿਤਾਬਾਂ ਦੀ ਭਰੀ ਹੋਈ ਏਨੀ ਭਾਰੀ ਰੇੜ੍ਹੀ ਨੂੰ ਹਾਤੋਆਂ ਵਾਂਗ ਧਕਦੇ ਸਾਂ। ਪਹਾੜਗੰਜ ਵਿਚ ਸਾਡੀ ਵੱਟਕ ਵਿਚ ਕਾਫ਼ੀ ਵਾਧਾ ਹੋ ਗਿਆ, ਤੇ ਕੁਝ ਦਿਨਾਂ ਵਿਚ ਹੀ ਗਾਹਕ ਆਪਣੇ ਆਪ ਸਾਡੇ ਪਾਸ ਆਉਣੇ ਸ਼ੁਰੂ ਹੋ ਗਏ। ਕੋਈ ਪੰਦਰਾਂ–ਵੀਹ ਦਿਨ ਅਸੀਂ ਪਹਾੜਗੰਜ ਜਾਂਦੇ ਰਹੇ ਹੋਵਾਂਗੇ ਤੇ ਆਮਦਨ ਵੀ ਚੰਗੀ ਹੋ ਗਈ ਸੀ, ਪਰ ਕਹਿਰਾਂ ਦੀ ਗਰਮੀ ਵਿਚ ਏਨੀ ਮੁਸ਼ੱਕਤ ਕਰਨ ਕਾਰਣ ਕੁਲਵੰਤ ਬਿਮਾਰ ਪੈ ਗਿਆ। ਉਸਨੂੰ ਸਖ਼ਤ ਬੁਖਾਰ ਹੋ ਗਿਆ। ਇਕ ਤਾਂ ਉਸਦੇ ਦਵਾ ਦਾਰੂ ਕਾਰਨ ਅਤੇ ਦੂਸਰੇ ਇਕੱਲੇ ਪਾਸੋਂ ਰੇੜ੍ਹੀ ਨਾ ਚਲ ਸਕਣ ਕਾਰਣ ਮੈਂ ਵੀ ਕਈ ਦਿਨ ਰੇੜ੍ਹੀ ਨਾ ਲੈ ਜਾ ਸਕਿਆ। ਕੁਲਵੰਤ ਦਾ ਬੁਖ਼ਾਰ ਟਾਇਫਾਇਡ ਦਾ ਰੂਪ ਧਾਰਨ ਕਰ ਗਿਆ। ਕਈ ਵਾਰੀ ਡਾਕਟਰ ਨੂੰ ਘਰ (ਦੁਕਾਨ ਤੇ) ਵੀ ਬੁਲਾਣਾ ਪਿਆ। ਜਿੰਨੇ ਕੁ ਪੈਸੇ ਕੋਲ ਸਨ ਉਹ ਦਵਾ ਦਾਰੂ ਤੇ ਫੀਸਾਂ ਤੇ ਲਗ ਗਏ, ਕੰਮ ਅਗੋਂ ਬੰਦ ਹੋ ਗਿਆ, ਜਿਸ ਲਈ ਮੈਨੂੰ ਫਿਰ ਦੁਕਾਨਦਾਰਾਂ ਪਾਸੋਂ ਆਰਡਰ ਲੈਣ ਜਾਣਾ ਪਿਆ। ਕੁਲਵੰਤ ਠੀਕ ਹੋ ਗਿਆ ਤਾਂ ਅਸੀਂ ਇਕ ਮਜ਼ਦੂਰ ਨੂੰ ਦਿਹਾੜੀ ਤੇ ਲਾ ਕੇ ਰੇੜ੍ਹੀ ਚਲਵਾਣੀ ਸ਼ੁਰੂ ਕਰ ਦਿੱਤੀ। ਕੰਮ ਅਸੀਂ ਤਜਰਬੇ ਦੇ ਤੌਰ ਤੇ ਕੀਤਾ ਸੀ, ਪਰ ਇਸ ਵਿਚ ਸਾਨੂੰ ਬੜੀ ਕਾਮਯਾਬੀ ਹੋਈ। ਜਿਹੜੀ ਰੇੜ੍ਹੀ ਅਸੀਂ ਦੋਵੇਂ ਭਰਾ ਖਿਚਦੇ ਹੋਏ ਲਗਭਗ ਸਾਰੀ ਦਿਹਾੜੀ ਲਾ ਕੇ ਮੰਜ਼ਲ ਤੇ ਪਹੁੰਚਦੇ ਸਾਂ, ਉਸੇ ਨੂੰ ਹਾਤੋ ਅੱਧੇ ਤੋਂ ਵੀ ਘੱਟ ਸਮੇਂ ਵਿਚ ਪੁਚਾ ਦੇਂਦਾ ਤੇ ਇਸੇ ਤਰ੍ਹਾਂ ਵਾਪਸੀ ਵੇਲੇ ਵੀ ਟਾਈਮ ਦੀ ਬਹੁਤ ਬੱਚਤ ਹੋ ਜਾਂਦੀ – ਇਸ ਤਰ੍ਹਾਂ ਅਸੀਂ ਕਿਤਾਬਾਂ ਦੀ ਵਿਕਰੀ ਵਿਚ ਅੱਗੇ ਨਾਲੋਂ ਵਧੀਕ ਸਮਾਂ ਦੇਣ ਲਗ ਪਏ ਤੇ ਸਾਡੀ ਸੇਲ ਵੀ ਕਾਫ਼ੀ ਵਧ ਗਈ। ਦੂਸਰੀ ਗੱਲ ਇਹ ਵੀ ਸੀ ਕਿ ਅੱਗੇ ਅਸੀਂ ਥੱਕੇ ਟੁੱਟੇ ਪਹੁੰਚਦੇ ਸਾਂ ਤੇ ਸਾਡੇ ਵਿਚ ਕਿਤਾਬਾਂ ਵੇਚਣ ਦੀ ਵੀ ਹਿੰਮਤ ਨਹੀਂ ਸੀ ਹੁੰਦੀ। ਸਮਾਂ ਪਾ ਕੇ ਸਾਡਾ ਕੰਮ ਕਾਫ਼ੀ ਚੰਗਾ ਚਲ ਪਿਆ।

ਇਸੇ ਦੌਰਾਨ ਇਕ ਅਜੀਬ ਘਟਨਾ ਘਟੀ। ਬਾਊ ਜੀ ਨੇ ਅਮ੍ਰਿਤਸਰ ਤੋਂ ਸਾਨੂੰ ਲਿਖਿਆ ਕਿ ਇਕ ਉਰਦੂ ਕਿਤਾਬਾਂ ਦਾ ਵਪਾਰੀ, ਉਰਦੂ ਦੀਆਂ ਬਹੁਤ ਵਧੀਆ ਕਿਤਾਬਾਂ ਦੀਆਂ ਦੋ ਬੋਰੀਆਂ ਬਹੁਤ ਸਸਤੇ ਭਾਅ ਉਨ੍ਹਾਂ ਪਾਸ ਵੇਚ ਗਿਆ ਹੈ – ਸ਼ਾਇਦ ਉਸਨੂੰ ਪੈਸਿਆਂ ਦੀ ਲੋੜ ਸੀ। ਬਾਊ ਜੀ ਨੇ ਸਾਨੂੰ ਲਿਖਿਆ ਕਿ ਕਿਉਂਕਿ ਉਰਦੂ ਦੀਆਂ ਕਿਤਾਬਾਂ ਦੀ ਮਾਰਕਿਟ ਸਿਰਫ਼ ਦਿੱਲੀ ਵਿਚ ਹੀ ਹੈ, ਇਸ ਲਈ ਉਹ ਕਿਤਾਬਾਂ ਸਾਨੂੰ ਭੇਜ ਰਹੇ ਹਨ, ਤਾਂ ਜੁ ਅਸੀਂ ਦਿੱਲੀ ਦੇ ਉਰਦੂ ਬਾਜ਼ਾਰ ਵਿਚ ਇਨ੍ਹਾਂ ਨੂੰ ਵੇਚ ਕੇ ਕਾਫ਼ੀ ਮੁਨਾਫ਼ਾ ਕਮਾ ਸਕੀਏ।

ਕਿਤਾਬਾਂ ਮਿਲਣ 'ਤੇ ਉਨ੍ਹਾਂ ਦੀ ਇਕ ਇਕ ਕਾਪੀ ਲੈ ਕੇ ਮੈਂ ਉਰਦੂ ਬਜ਼ਾਰ ਦੀ ਇਕ ਮਸ਼ਹੂਰ ਦੁਕਾਨ ਤੇ ਪਹੁੰਚ

ਗਿਆ। ਜਦੋਂ ਮੈਂ ਕਿਤਾਬਾਂ ਖੋਲ ਕੇ ਦੁਕਾਨ ਦੇ ਮਾਲਕ ਸਾਹਮਣੇ ਰਖੀਆਂ ਤਾਂ ਉਸਦੇ ਚਿਹਰੇ ਤੇ ਅਜੀਬ ਤਰ੍ਹਾਂ ਦੀ ਖੁਸ਼ੀ ਤੇ ਹੈਰਾਨੀ ਦੇ ਭਾਵ ਦੇਖੇ। ਉਸਨੇ ਝਟਪਟ ਆਪਣੇ ਦੂਸਰੇ ਸਹਾਇਕਾਂ ਨੂੰ ਸੱਦਿਆ ਤੇ ਅੱਖ ਦੇ ਇਸ਼ਾਰੇ ਨਾਲ ਕੁਝ ਸਮਝਾਂਦਿਆਂ ਹੋਇਆਂ ਕਿਤਾਬਾਂ ਉਨ੍ਹਾਂ ਨੂੰ ਦਿਖਾਈਆਂ। ਉਨ੍ਹਾਂ ਸਭਨਾਂ ਦੇ ਚਿਹਰਿਆਂ 'ਤੇ ਵੀ ਉਹੋ ਜਿਹੇ ਪ੍ਰਭਾਵ ਮੈਨੂੰ ਦਿਸੇ। ਮੈਂ ਸਿਰਫ਼ ਏਨਾਂ ਹੀ ਅਨੁਮਾਨ ਲਾ ਸਕਿਆ ਕਿ ਇਨ੍ਹਾਂ ਲੋਕਾਂ ਨੂੰ ਕਿਤਾਬਾਂ ਬਹੁਤ ਪਸੰਦ ਆਈਆਂ ਹਨ। ਮਾਲਕ ਦੁਕਾਨਦਾਰ ਨੇ ਕੁਝ ਮਿੰਟ ਆਪਣੇ ਲੜਕੇ ਜਾਂ ਭਰਾ ਨਾਲ ਵਖ ਹੋ ਕੇ ਕੋਈ ਗਲਬਾਤ ਕੀਤੀ ਤੇ ਮੇਰੇ ਕੋਲ ਆ ਕੇ ਕਿਹਾ ਕਿ ਤੁਸੀਂ ਇਨ੍ਹਾ ਕਿਤਾਬਾਂ ਦਾ ਬਿਲ ਬਣਾ ਕੇ ਦੇ ਦਿਓ ਤੇ ਪੈਸੇ ਲੈ ਜਾਓ ਅਤੇ ਇਨ੍ਹਾਂ ਦੇ ਨਾਲ ਦੀਆਂ ਜਿੰਨੀਆਂ ਵੀ ਹੋਰ ਕਿਤਾਬਾਂ ਤੁਹਾਡੇ ਪਾਸ ਹੋਣ ਸਾਨੂੰ ਦੇ ਜਾਓ। ਮੈਂ 25 ਫੀ ਸਦੀ ਕਮਿਸ਼ਨ ਕੱਟ ਕੇ ਉਸ ਨੂੰ ਇਕ ਸੈਟ ਦਾ ਬਿੱਲ ਬਣਾ ਦਿੱਤਾ – ਲਗਭਗ ਦੋ ਸੋ ਰੁਪਏ ਦਾ ਬਿਲ ਸੀ, ਜਿਸਦੀ ਅਦਾਇਗੀ ਉਨ੍ਹਾਂ ਨੇ ਉਸੇ ਵਕਤ ਮੈਨੂੰ ਕਰ ਦਿੱਤੀ। ਆਪਣੀ ਦੁਕਾਨ ਤੇ ਪਹੁੰਚ ਕੇ ਮੈਂ ਸਾਰੀਆਂ ਕਿਤਾਬਾਂ ਦਾ ਬਿਲ ਬਣਾਇਆ ਤਾਂ ਉਹ ਕਈ ਹਜ਼ਾਰ ਰੁਪਏ ਦਾ ਬਣਿਆ, ਮੇਰੇ ਪੈਰ ਧਰਤੀ 'ਤੇ ਨਹੀਂ ਸਨ ਲਗਦੇ। ਏਨੀ ਰਕਮ ਤਾਂ ਅਸੀਂ ਪਿਛਲੇ ਛੇ ਮਹੀਨਿਆਂ ਵਿਚਨਹੀਂ ਸੀ ਕਮਾਈ। ਅਗਲੇ ਦਿਨ ਮੈਂ ਇਕ ਕੁਲੀ ਕੋਲੋਂ ਸਾਰਾ ਮਾਲ ਚੁਕਵਾ ਕੇ ਉਰਦੂ ਬਜ਼ਾਰ ਦੀ ਉਸੇ ਦੁਕਾਨ ਤੇ ਪਹੁੰਚ ਗਿਆ। ਮਾਲਕ ਤੇ ਉਸਦੇ ਸਾਥੀ ਬਾਕੀ ਸਾਰਾ ਕੰਮ ਛਡ ਕੇ ਕਿਤਾਬਾਂ ਦੇ ਬੰਡਲ ਖੋਲ੍ਹ ਖੋਲ੍ਹ ਕੇ ਦੇਖਣ ਲੱਗੇ। ਉਨ੍ਹਾਂ ਮੇਰੇ ਪਾਸੋਂ ਬਿਲ ਲੈ ਲਿਆ। ਤੇ ਆਪਸ ਵਿਚ ਫਿਰ ਘੁਰ ਘੁਰ ਕਰਨ ਲੱਗੇ। ਉਨ੍ਹਾਂ ਵਿਚੋਂ ਇਕ ਜਣਾ ਦੁਕਾਨ ਤੋਂ ਬਾਹਰ ਚਲਾ ਗਿਆ। ਮੈਨੂੰ ਉਨ੍ਹਾਂ ਨੇ ਚਾਹ ਪਿਆਈ ਤੇ ਉਰਦੂ ਦੀਆਂ ਇਨ੍ਹਾਂ ਕਿਤਾਬਾਂ ਨੂੰ ਪ੍ਰਾਪਤ ਕਰਨ ਦੇ ਵਸੀਲੇ ਬਾਰੇ ਪੁਛਦੇ ਰਹੇ। ਮੈਂ ਉਨ੍ਹਾਂ ਨੂੰ ਸਾਤਾਂ ਗਾਲ ਦੱਸ ਦਿੱਤੀ। ਏਨੇ ਵਿਚ ਇਕ ਥਾਣੇਦਾਰ ਤੇ ਸਿਪਾਹੀ ਦਕਾਨ ਤੇ ਆ ਚੜ੍ਹੇ ਤੇ ਆਉਂਦਿਆਂ ਹੀ ਦੁਕਾਨ ਦੇ ਮਾਲਕ ਨੇ ਉਨ੍ਹਾਂ ਨੂੰ ਮੇਰੇ ਵਲ ਸੰਬੋਧਨ ਕਰਕੇ ਕਿਹਾ 'ਲੀਜੀਏ ਸਾਹਿਬ, ਚੋਰ ਪਕੜਾ ਗਿਆ – ਚੋਰੀ ਕੀ ਸਾਰੀ ਕਿਤਾਬੇਂ ਬਰਾਮਦ ਹੋ ਗਈ ਹੈਂ। ਥਾਣੇਦਾਰ ਨੇ ਮੈਨੂੰ ਸਿਰ ਤੋਂ ਪੈਰਾਂ ਤਕ ਇਕ ਘੋਖਵੀ ਨਜ਼ਰ ਨਾਲ ਦੇਖਿਆ ਤੇ ਰੋਹਬ ਅਤੇ ਹੁਕਮਾਨਾ ਲਹਿਜੇ ਵਿਚ ਸਿਪਾਹੀ ਨੂੰ ਕਹਿਣ ਲੱਗਾ 'ਲੇ ਚਲੋ ਸਾਲੇ ਕੋ ਕੋਤਵਾਲੀ'।

ਮੈਂ ਤ੍ਰੇਲੀਓ ਤ੍ਰੇਲੀ ਹੋ ਗਿਆ ਤੇ ਮੇਰਾ ਦਿਲ ਧੱਕ ਧੱਕ ਕਰਨ ਲੱਗ ਪਿਆ। ਇਹ ਅਚਾਨਕ ਕੀ ਭਾਣਾ ਵਰਤ ਗਿਆ। ਮੈਂ ਥਾਣੇਦਾਰ ਅੱਗੇ ਗਿੜਗਿੜਾ ਕੇ ਆਪਣੀ ਸਫ਼ਾਈ ਦਿੱਤੀ ਕਿ ਮੈਂ ਚੋਰ ਨਹੀਂ, ਤੇ ਸਾਰੀ ਹਕੀਕਤ ਉਸਨੂੰ ਕੰਬਦੀ ਹੋਈ ਆਵਾਜ਼ ਵਿਚ ਕਹਿ ਸੁਣਾਈ ਤੇ ਕਿਹਾ ਕਿ ਤੁਸੀਂ ਆਪ ਹੀ ਸੋਚੋ ਕਿ ਜੇ ਮੈਂ ਤੁਹਾਡੀਆਂ ਕਿਤਾਬਾਂ ਚੁਰਾਈਆਂ ਹੁੰਦੀਆਂ ਤਾਂ ਕੀ ਤੁਹਾਡੇ ਪਾਸ ਹੀ ਵੇਚਣ ਲਈ ਆਉਣਾ ਸੀ। ਪਰ ਉਹ ਟਸ ਤੋਂ ਮਸ ਨਾ ਹੋਇਆ ਤੇ ਮੈਨੂੰ ਗਾਲ੍ਹਾਂ ਕੱਢਣ ਲੱਗਾ। ਸਿਪਾਹੀ ਨੇ ਮੈਨੂੰ ਜ਼ਬਰਦਸਤੀ ਖਿਚ ਕੇ ਖੜਾ ਕਰ ਦਿੱਤਾ। ਜਦੋਂ ਮੈਨੂੰ ਉਹ ਖਿਚਦਾ ਹੋਇਆ ਦੁਕਾਨ ਤੋਂ ਥੱਲੇ ਲਾਹ ਰਿਹਾ ਸੀ ਤਾਂ ਮੇਰੇ ਮੂੰਹੋਂ ਅਚਾਨਕ ਇਹ ਲਫ਼ਜ਼ ਨਿਕਲ ਗਏ – "ਤੁਸੀਂ ਰੰਧਾਵਾ ਸਾਹਿਬ ਨੂੰ ਟੈਲੀਫੂਨ ਕਰਕੇ ਮੇਰੇ ਬਾਰੇ ਪੁੱਛ ਸਕਦੇ ਹੋ", ਰੰਧਾਵਾ ਸਾਹਿਬ ਦਾ ਨਾਂ ਸੁਣ ਕੇ ਸਿਪਾਹੀ ਤੇ ਥਾਣੇਦਾਰ ਚੌਂਕ ਪਏ ਤੇ ਪੁੱਛਣ ਲੱਗੇ ਕਿਹੜੇ ਰੰਧਾਵਾ ਸਾਹਿਬ? ਤੇ ਜਦੋਂ ਮੈਂ ਦਸਿਆ ਕਿ ਮਹਿੰਦਰ ਸਿੰਘ ਰੰਧਾਵਾ ਦਿੱਲੀ ਦੇ ਡਿਪਟੀ ਕਮੀਸ਼ਨਰ ਸਾਡੇ ਬਹੁਤ ਨਜ਼ਦੀਕੀ ਹਨ, ਤਾਂ ਇਕ ਦਮ ਥਾਣੇਦਾਰ ਦਾ ਰਵੱਈਆ ਬਦਲ ਗਿਆ। ਉਸਦੇ ਚਿਹਰੇ ਦੀ ਘਬਰਾਹਟ ਨੇ ਮੈਨੂੰ ਮੁੜ ਨਾਰਮਲ ਅਵਸਥਾ ਵਿਚ ਲੈ ਆਂਦਾ। ਥਾਣੇਦਾਰ ਨੇ ਦੁਕਾਨਦਾਰ ਨਾਲ ਵਖਰੇ ਹੋਕੇ ਕੁਝ ਗੱਲ ਕੀਤੀ ਤੇ ਕਿਸੇ ਨਿਰਣੇ ਤੇ ਪਹੁੰਚ ਕੇ ਮੈਨੂੰ ਕਿਹਾ, "ਤੁਮੇਂ ਮਾਲੂਮ ਹੈ ਕਿ ਯੇ ਸਭ ਕਿਤਾਬੇਂ ਇਸੀ ਫ਼ਰਮ ਕੀ ਛਪੀ ਹੁਈ ਹੈਂ, ਜੋ ਕੁਝ ਦਿਨ ਪਹਿਲੇ ਯਹਾਂ ਸੇ ਚੋਰੀ ਹੁਈ ਥੀਂ। ਚਲੋ ਜਾਓ ਅਬ ਤੋਂ ਤੁਮਹੇਂ ਛੋੜ ਦੇਤੇ ਹੈਂ, ਆਇੰਦਾ ਐਸਾ ਕਾਮ ਮਤ ਕਰਨਾ।" ਮੈਂ ਜਾਨ ਬਚਾ ਕੇ ਉਥੋਂ ਦੌੜਨ ਦੀ ਕੀਤੀ। ਕਿਤਾਬਾਂ ਵੀ ਸਾਰੀਆਂ ਉਨ੍ਹਾਂ ਨੇ ਰਖ ਲਈਆਂ ਤੇ ਪੈਸਾ ਵੀ ਇਕ ਨਾ ਦਿੱਤਾ। ਦਿਲ ਹੀ ਦਿਲ ਵਿਚ ਮੈਂ ਬੁਰੀ ਤਰ੍ਹਾਂ ਤਿਲਮਿਲਾ ਰਿਹਾ ਸਾਂ। ਅਗਲੇ ਦਿਨ ਅਸੀਂ ਦੋਵੇਂ ਭਰਾ ਅੰਮ੍ਰਿਤਸਰ ਦੀ ਗੱਡੀ ਚੜ੍ਹ ਗਏ। ☐

ਨਹੀਂ ਮੌਤ ਨੇ ਜੇਕਰ ਇਕ ਪਲ ਵੀ ਦੇਣਾ
ਤਾਂ ਇਕ ਪਲ ਵੀ ਆਪਣਾ ਹੈ ਕਿਉ ਮੌਤ ਕਰਨਾ।
—ਬਾਵਾ ਬਲਵੰਤ

ਖ਼ੁਸ਼ੀਆਂ ਦਾ ਤਿਉਹਾਰ – ਵਿਸਾਖੀ

–ਡਾ. ਸੁਰਿੰਦਰ ਸਿੰਘ ਸ਼ੇਰਗਿਲ

ਵਿਸਾਖੀ ਪੰਜਾਬ ਦਾ ਪ੍ਰਸਿੱਧ ਮੌਸਮੀ ਅਤੇ ਇਤਿਹਾਸਕ ਤਿਉਹਾਰ ਹੈ ਕਿਉਂਕਿ ਇਸ ਦਾ ਸੰਬੰਧ ਜਲ੍ਹਿਆਂ ਵਾਲੇ ਬਾਗ਼ ਦੇ ਇਤਿਹਾਸਿਕ ਸਾਕੇ ਨਾਲ ਵੀ ਹੈ। ਇਹ ਦਿਨ ਸਿੱਖ ਇਤਿਹਾਸ ਵਿੱਚ ਇੱਕ ਮੀਲ ਪੱਥਰ ਹੈ ਕਿਉਂਕਿ ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਣਾ ਕੀਤੀ ਸੀ। ਇਹ ਪੰਜਾਬ ਦੇ ਕਿਸਾਨਾਂ ਲਈ ਖ਼ੁਸ਼ੀਆਂ ਖੇੜੇ ਅਤੇ ਆਸਾਂ ਭਰਪੂਰ ਤਿਉਹਾਰ ਹੈ ਕਿਉਂਕਿ ਇਸ ਦਿਨ ਸੁਨਹਿਰੀ ਦਾਣਿਆਂ ਵਾਲੇ ਭਰਪੂਰ ਸਿੱਟਿਆਂ ਨਾਲ ਲੱਦੀਆਂ ਕਣਕਾਂ ਦੀ ਫ਼ਸਲ ਨੂੰ ਦਾਤੀ ਪੈਂਦੀ ਹੈ। ਕਿਸਾਨਾਂ ਦੀ ਮਹੀਨਿਆਂ ਬੱਧੀ ਘਾਲਣਾ ਅਤੇ ਲੰਮੀ ਉਡੀਕ ਬਾਅਦ ਉਸ ਦੇ ਆਰਥਕ ਜੀਵਨ ਵਿੱਚ ਆਸਾਂ ਪੂਰੀਆਂ ਹੋਣ ਦੀ ਸੰਭਾਵਨਾ ਚਮਕਦੀ ਹੈ। ਇਸੇ ਕਾਰਨ ਇਹ ਤਿਉਹਾਰ ਪੰਜਾਬ ਦੇ ਪਿੰਡਾਂ ਦੀ ਸੰਸਕ੍ਰਿਤੀ ਦਾ ਅੰਗ ਬਣ ਗਿਆ ਹੈ। ਪਿੰਡਾਂ ਵਿੱਚ ਇਹ ਤਿਉਹਾਰ ਸ਼ਗਨਾਂ ਅਤੇ ਚਾਵਾਂ ਨਾਲ ਮਨਾਇਆ ਜਾਂਦਾ ਹੈ। ਵਾਢੀ ਦਾ ਆਰੰਭ ਇਸ ਦਿਨ ਕਰਨਾ ਸ਼ਗਨ ਸਮਝਿਆ ਜਾਂਦਾ ਹੈ ਜਿਵੇਂ ਕਿ ਇਸ ਲੋਕ ਅਖਾਣ ਤੋਂ ਪਤਾ ਲੱਗਦਾ ਹੈ :

ਆਈ ਜੱਟਾ ਮੇਖ
ਕੱਚੀ ਪੱਕੀ ਨਾ ਦੇਖ

ਵਾਢੀ ਦੀਆਂ ਤਿਆਰੀਆਂ ਉਦੋਂ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ ਜਦੋਂ ਕਣਕਾਂ ਪਾਕੇ ਪੈਂਦੀਆਂ ਹਨ ਪਰ ਵਾਢੀ ਦਾ ਆਰੰਭਕ ਸ਼ਗਨ ਵਿਸਾਖੀ ਵਾਲੇ ਦਿਨ ਹੀ ਹੁੰਦਾ ਹੈ। ਘਰੋ ਘਰੀ ਪਕਵਾਨ ਤੇ ਕੜਾਹ ਦੀਆਂ ਲਪਟਾਂ ਉਠਦੀਆਂ ਹਨ। ਪਿੰਡ ਦੇ ਲਗਭਗ ਸਾਰੇ ਮਰਦ ਖੇਤਾਂ ਵਿੱਚ ਪਹੁੰਚ ਜਾਂਦੇ ਹਨ। ਮੱਝੀਆਂ ਤੇ ਪਾਲੀਆਂ ਦੀ, ਵੱਢ ਖੁਲਣ ਦੀ ਉਡੀਕ ਮੁਕਦੀ ਹੈ ਅਤੇ ਉਹ ਪਸ਼ੂ ਲੈ ਕੇ ਵੱਢਾਂ ਵਿੱਚ ਪੁਜਦੇ ਹਨ।

ਪੰਜਾਬ ਵਿਚ ਖੇਤੀ ਦਾ ਮਸ਼ੀਨੀਕਰਨ ਹੋਣ ਤੋਂ ਪਹਿਲਾਂ ਵਾਢੀ ਲਈ ਉਤਸ਼ਾਹ ਅਤੇ ਖੇਤਾਂ ਵਿੱਚ ਇਸ ਦਾ ਦ੍ਰਿਸ਼ ਇਕ 'ਫਸਲੀ ਮੇਲੇ' ਵਾਲਾ ਜਾਪਿਆ ਕਰਦਾ ਸੀ। ਛੋਟੇ ਜ਼ਿਮੀਦਾਰ, ਪਰਿਵਾਰ ਦੇ ਮੈਂਬਰਾਂ ਅਤੇ ਖੇਤ ਮਜ਼ਦੂਰਾਂ ਦੀ ਸਹਾਇਤਾ ਨਾਲ, ਸਾਰੀ ਫ਼ਸਲ ਦੀ ਵਾਢੀ ਆਪਣੇ ਹੱਥੀ ਕਰਦੇ ਸਨ। ਕਿਉਂਕਿ ਇਹ ਕੰਮ ਦੋ ਤਿੰਨ ਹਫ਼ਤੇ ਲਗਾਤਾਰ ਚਲਦਾ ਸੀ ਇਸ ਲਈ ਇਹਨਾਂ ਦਿਨਾਂ ਵਿੱਚ ਵਾਢੀ ਕਰਨ ਵਾਲੇ ਕਿਸਾਨ ਮੁੰਡਿਆਂ ਲਈ ਕਈ ਮਹੀਨੇ ਪਹਿਲਾਂ ਦੇਸੀ ਘਿਉ ਤਿਆਰ ਕਰਕੇ ਰੱਖਿਆ ਜਾਂਦਾ ਸੀ। ਉਹ ਸ਼ੌਕ ਨਾਲ ਇਹਨਾਂ ਦਿਨਾਂ ਵਿੱਚ ਉਚੇਚੀ ਖੁਰਾਕ ਖਾ ਕੇ ਵਾਢੀ ਕਰਦੇ ਸਨ। ਸਾਰੇ ਕੰਮ ਨੂੰ ਰੌਚਕ ਬਣਾਉਣ ਲਈ ਉਹ ਵਾਢੀ ਦੀ ਗਤੀ ਦੇ ਮੁਕਾਬਲੇ ਕਰਦੇ ਵਿਘਾ ਜਾਂ ਢਾਂਟ ਪਹਿਲਾਂ ਮੁਕਾਉਣ ਬਾਰੇ ਸ਼ਰਤਾਂ ਲਗਾਉਂਦੇ। ਅਜਿਹੇ ਵਾਤਾਵਰਨ ਵਿੱਚ ਜਿੱਥੇ ਕੰਮ ਛੇਤੀ ਮੁਕਦਾ ਉੱਥੇ ਕੜਕਦੀ ਧੁੱਪ ਵਿੱਚ ਸ਼ਰੀਰਕ ਕੰਮ ਕਰਦਿਆਂ ਮਨੋਰੰਜਨ ਵੀ ਹੁੰਦਾ ਰਹਿੰਦਾ। ਇਸ ਮਨੋਰੰਜਨ ਵਿੱਚ ਵਾਧਾ ਇਹ ਸੀ ਕਿ ਖੇਤਾਂ ਵਿੱਚ ਵਾਢੀ ਕਰਦੇ ਕਿਸਾਨਾਂ ਦੀ ਰੌਚਕਤਾ ਲਈ ਖੇਤਾਂ ਵਿਚ ਢੋਲਚੀ ਪੁੱਜ ਜਾਂਦੇ ਅਤੇ ਵਾਢੀ ਕਰਦੀ ਟੋਲੀ ਦੇ ਪਿੱਛੇ ਪਿੱਛੇ ਢੋਲ ਵਜਾਉਂਦੇ। ਇਸ ਤੋਂ ਇਲਾਵਾ ਢੱਡ ਸਾਰੰਗੀ ਨਾਲ ਲੋਕ–ਗਾਥਾਵਾਂ ਗਾਉਣ ਵਾਲੇ ਗਵਈਏ ਵੀ ਵਾਢੀ ਕਰਦੀਆਂ ਟੋਲੀਆਂ ਪਾਸ ਪਹੁੰਚ ਜਾਂਦੇ। ਕਿਰਤ ਕਰਦੇ ਕਿਸਾਨ ਦੇ ਸ਼ੁਭਚਿੰਤਕ ਪਿੰਡ ਦੇ ਗ਼ੈਰ ਕਾਸ਼ਤਕਾਰ ਵੀ ਆਪਣੀ ਹਾਜ਼ਰੀ ਭਰਦੇ। ਕੋਈ ਵਹਿੰਗੀ ਉੱਤੇ ਠੰਢੇ ਪਾਣੀ ਦੇ ਘੜੇ ਭਰੀ ਪਾਣੀ ਪਿਆਉਂਦਾ, ਕੋਈ ਹਰੇ ਪਿਆਜ ਵੰਡਦਾ, ਕੋਈ ਘੁਮਿਆਰ ਕੋਰੇ ਘੜੇ ਖੇਤਾਂ ਵਿੱਚ ਹੀ ਪੁੱਜਦੇ ਕਰਦਾ। ਇਸ ਤਿਉਹਾਰੀ ਨਾਟਕ ਦਾ ਨਾਇਕ ਕਿਸਾਨ, ਇਕ ਦਾਨੀ ਬਾਦਸ਼ਾਹ ਬਣ ਕੇ ਸਭ ਸ਼ੁਭਚਿੰਤਕਾਂ ਨੂੰ ਆਪਣੇ ਹੱਥੀ ਵੱਢੀ ਕਣਕ ਦੇ ਥੱਬੇ ਭਰ ਭਰ ਦੇਂਦਾ। ਇੰਝ ਪਰਤੀਤ ਹੁੰਦਾ ਜਿਵੇਂ ਸੱਚ ਮੁੱਚ 'ਅੰਨ ਦਾਤਾ' ਹੋਵੇ। ਖੁਲ੍ਹੇ ਵੱਢਾਂ ਵਿੱਚ ਚੁਗਦੇ ਪਸ਼ੂ ਰੌਣਕ ਨੂੰ ਹੋਰ ਵਧਾਉਂਦੇ। ਇਸ ਤਰ੍ਹਾਂ ਵਿਸਾਖੀ ਵਾਲੇ ਦਿਨ ਤੋਂ ਸ਼ੁਰੂ ਹੋਈ ਵਾਢੀ ਇੱਕ ਅਨੋਖੇ ਤਿਉਹਾਰ ਦਾ ਰੂਪ ਧਾਰਨ ਕਰਦੀ ਰਹੀ ਹੈ।

ਕਣਕਾਂ ਦੇ ਸੁਨਹਿਰੀ ਖੇਤ ਹੁਣ ਵੀ ਉਂਝ ਹੀ ਝੂਮਦੇ ਹਨ, ਸਗੋਂ ਸਿੱਟੇ ਪਹਿਲਾਂ ਨਾਲੋਂ ਵਧੇਰੇ ਭਾਰੀ ਹੋ ਗਏ ਹਨ। ਵਿਸਾਖੀ ਦਾ ਤਿਉਹਾਰ ਆਉਂਦਾ ਹੈ, ਮਨਾਇਆ

ਜਾਂਦਾ ਹੇ ਅਤੇ ਕਣਕਾਂ ਵੱਢੀਆਂ ਜਾਂਦੀਆਂ ਹਨ। ਸਭ ਕੁਝ ਉਸੇ ਤਰ੍ਹਾਂ ਹੁੰਦੇ ਹੋਏ ਵੀ ਰੂਪ ਉਹ ਨਹੀਂ ਰਿਹਾ, ਚਾਉ, ਸਾਂਝ, ਉਤਸ਼ਾਹ ਵਾਲੇ ਵਾਤਾਵਰਨ ਦੀ ਹੋਂਦ ਅਲੋਪ ਹੋ ਗਈ ਜਾਪਦੀ ਹੈ। ਉਪਜ ਵੱਧਣ ਦੇ ਬਾਵਜੂਦ ਵੀ ਕਿਸਾਨ ਦਾ ਦਾਨੀ ਸੁਭਾ ਕਹਾਣੀ ਬਣਦਾ ਜਾ ਰਿਹਾ ਹੈ। ਹੁਣ ਕਿਸਾਨ ਜਾਂ ਉਨ੍ਹਾਂ ਦੇ ਗਭਰੂ ਮੁੰਡੇ ਖੁਰਾਕ ਖਾ ਕੇ ਵਾਢੀ ਆਪਣੇ ਹੱਥੀ ਨਹੀਂ ਕਰਦੇ। ਹੁਣ ਸਾਰੇ ਕਿਸਾਨ ਆਪਣੇ ਹੱਥੀ ਵਾਢੀ ਕਰਨ ਦਾ ਕੰਮ ਛੱਡ ਚੁੱਕੇ ਹਨ। ਯੂ.ਪੀ. ਜਾਂ ਬਿਹਾਰ ਤੋਂ ਆਏ ਭਈਆਂ ਦੇ ਟੋਲੇ ਜਾਂ ਪਿੰਡ ਵਿੱਚ ਹੀ ਕੁੱਝ ਗੈਰ ਕਾਸ਼ਤ ਕਾਰਾਂ ਦੇ ਪਰਿਵਾਰ ਰਲ ਕੇ ਸਾਰੇ ਪਿੰਡ ਦੀ ਵਾਢੀ ਕਰਦੇ ਹਨ। ਵੱਡੇ ਜ਼ਿਮੀਦਾਰ ਜਾਂ ਹੋਰ ਸਰਦੇ ਪੁੱਜਦੇ ਜ਼ਿਮੀਦਾਰ ਕੰਬਾਈਨਾਂ ਨਾਲ ਫਸਲ ਦੀ ਕਟਾਈ ਕਰਵਾਉਣ ਲੱਗ ਪਏ ਹਨ। ਪੁਰਾਣੀਆਂ ਰੀਤਾਂ, ਉਤਸ਼ਾਹ ਭਰਪੂਰ ਮੁਕਾਬਲਿਆਂ ਦੀਆਂ ਰੌਣਕਾਂ, ਢੋਲ ਦੇ ਡੱਗੇ ਦੀ ਆਵਾਜ਼ ਖੇਤਾਂ ਵਿਚੋਂ ਅਲੋਪ ਹਨ। ਪਾਲੀਆਂ ਦੀਆਂ ਹੇਕਾਂ ਅਤੇ ਪਸ਼ੂਆਂ ਦੇ ਵੱਗ ਵੀ ਵੱਢਾ ਵਿਚ ਵਿਰਲੇ ਹੀ ਦਿਖਾਈ ਦੇ ਦੇ ਹਨ ਕਿਉਂਕਿ ਨਵੇਂ ਪੋਚ ਦੇ ਮੁੰਡੇ ਪਾੜ੍ਹੇ ਬਣ ਗਏ ਹਨ ਅਤੇ ਆਪਣੇ ਪਸ਼ੂ ਆਪਣੇ ਹੀ ਖੇਤਾਂ ਵਿੱਚ ਚਾਰਨ ਦੇ ਕੰਮ ਨੂੰ ਘ੍ਰਿਣਾ ਕਰਦੇ ਹਨ। ਨੌਕਰੀ ਨਾ ਮਿਲਣ ਕਾਰਨ ਵਿਹਲੇ ਫਿਰਨ ਦੇ ਸ਼ੁਕੀਨ ਹੁੰਦੇ ਜਾ ਰਹੇ ਹਨ।

ਕਣਕਾਂ ਦੀ ਵਾਢੀ ਹੁੰਦੇ ਹੋਏ ਵੀ ਇੰਝ ਪਰਤੀਤ ਹੁੰਦਾ ਹੈ ਜਿਵੇਂ ਵਾਢੀ ਦਾ ਰੂਪ ਬਦਲ ਕੇ ਸਾਰਾ ਮਾਹੌਲ ਬਦਲ ਗਿਆ ਹੋਵੇ। ਕਣਕ ਦੇ ਥੱਬੇ ਵੰਡਣ ਵਾਲਾ ਦਾਨੀ ਕਿਸਾਨ ਉਵੇਂ ਹੀ ਖੇਤ ਵਿੱਚ ਹੁੰਦਾ ਹੈ। ਪਰ ਉਹ ਸਾਰੀ ਫ਼ਸਲ ਨੂੰ ਕਾਹਲੀ ਵਿੱਚ ਸਮੇਟ ਕੇ ਥਰੈਸ਼ਰ ਨਾਲ ਗਾਹੁਣ ਲਈ ਉਤਾਵਲਾ ਹੁੰਦਾ ਹੈ ਤਾਂ ਜੋ ਛੇਤੀ ਮੰਡੀ ਵਿੱਚ ਪੁਚਾਈ ਜਾ ਸਕੇ। ਆਰਥਕ ਪੱਖੋਂ ਨਵੀਆਂ ਰੀਤਾਂ ਲਾਹੇਵੰਦ ਹਨ ਜਾਂ ਘਾਟੇ ਸ਼ਾਹੀ। ਅਜਿਹਾ ਲੇਖਾ ਜੋਖਾ ਤਾਂ ਸ਼ਾਇਦ ਕਿਸਾਨ ਕਰਦੇ ਹੀ ਨਹੀਂ ਪਰ ਬਦਲੇ ਹੋਏ ਰੂਪ ਵਿੱਚ ਜਿੱਥੇ ਕਿਸਾਨ ਨੂੰ ਸ਼ਰੀਰਕ ਸਹੂਲਤਾਂ ਮਿਲੀਆਂ ਹਨ ਉੱਥੇ ਵਾਢੀ ਦੇ ਇਸ ਤਿਓਹਾਰ ਵਾਲੇ ਦਿਨਾਂ ਵਿਚ ਕਿਸਾਨੀ ਸਮਾਜ ਵੀ ਆਪਸੀ ਸਾਂਝ, ਕੰਮ ਦੀ ਰੋਚਕਤਾ ਅਤੇ ਸਹਿਯੋਗ ਦੇ ਜਜ਼ਬੇ ਦੀ ਅਣਹੋਂਦ ਪ੍ਰਤੱਖ ਨਜ਼ਰ ਆ ਰਹੀ ਹੈ। ਵਾਢੀ ਦੀ ਪਰੰਪਰਾ ਆਧੁਨਿਕ ਯੁਗ ਦੇ ਮਸ਼ੀਨੀਕਰਨ ਅਨੁਸਾਰ ਵੀ ਪੂਰਨ ਰੂਪ ਵਿੱਚ ਨਹੀਂ ਢਲੀ ਪਰ ਕਿਸਾਨ ਦੀ ਨਿੱਜੀ ਛੂਹ ਨਾ ਹੋਣ ਸਦਕਾ ਇਸ ਪਰੰਪਰਾ ਵਿੱਚੋਂ ਖੁਸ਼ੀ, ਖੇੜੇ ਤੇ ਨਾਚ ਆਦਿ ਦੇ ਸੱਭਿਆਚਾਰਕ ਪੱਖ ਅਲੋਪ ਹੋ ਗਏ ਹਨ।

□

ਗ਼ਜ਼ਲ

—ਹਰਜਿੰਦਰ ਕੰਗ (ਅਮਰੀਕਾ)

ਜ਼ਖ਼ਮ ਵੀ ਹੈ ਦਰਦ ਵੀ ਹੈ ਹਾਦਸਾ ਚੇਤੇ ਨਹੀਂ।
ਕਤਲ ਹੋ ਕੇ ਵੀ ਕਿਵੇਂ ਹਾਂ ਬਚ ਗਿਆ ਚੇਤੇ ਨਹੀਂ।

ਜੋ ਦਿਸੇ ਸੀਨੇ 'ਚ ਮੇਰੇ ਹੈ ਫ਼ਕਤ ਦਿਲ ਦਾ ਨਿਸ਼ਾਂ,
ਕੌਣ ਮੇਰਾ ਦਿਲ ਚੁਰਾ ਕੇ ਲੈ ਗਿਆ ਚੇਤੇ ਨਹੀਂ।

ਯਾਦ ਹੈ ਕਿ ਆਪਣੇ ਵਾਅਦੇ ਤੇ ਉਹ ਆਇਆ ਤਾਂ ਸੀ,
ਕੀ ਕਿਹਾ ਮੈਨੂੰ ਕਦੋਂ ਸੀ ਤੁਰ ਗਿਆ ਚੇਤੇ ਨਹੀਂ।

ਆਦਮੀ ਨੂੰ ਭੁੱਲ ਚੁੱਕੈ ਜਾਂ ਖ਼ੁਦਾ ਦਾ ਥਾਂ ਪਤਾ,
ਜਾਂ ਖ਼ੁਦਾ ਨੂੰ ਆਦਮੀ ਦਾ ਥਾਂ ਪਤਾ ਚੇਤੇ ਨਹੀਂ।

ਜਾਣਦਾ ਹਾਂ ਸਿਰਫ਼ ਇਹ ਕਿ ਹੈ ਅਜੇ ਬਾਕੀ ਸਜ਼ਾ,
ਕੱਟ ਚੁੱਕਾਂ ਜੀਣ ਦੀ ਕਿੰਨੀ ਸਜ਼ਾਂ ਚੇਤੇ ਨਹੀਂ।

ਫਿਰ ਕੁਰਾਹੇ ਪੈ ਗਿਐ ਰਾਹੀ ਦੁਹਾਈ ਦੇ ਰਿਹੈ,
ਹੈ ਕਿਧਰ ਮੰਜ਼ਿਲ ਕਿਧਰ ਹੈ ਕਾਫ਼ਲਾ ਚੇਤੇ ਨਹੀਂ।

'ਕੰਗ' ਨੂੰ ਰਹਿੰਦੀ ਹੈ ਭਾਵੇਂ ਕੁਲ ਜ਼ਮਾਨੇ ਦੀ ਖ਼ਬਰ,
ਓਸ ਪਾਗਲ ਨੂੰ ਮਗਰ ਘਰ ਆਪਣਾ ਚੇਤੇ ਨਹੀਂ।

ਕਵਿਤਾ ਨਾਲ ਸੰਵਾਦ

—ਕੁਲਵੰਤ ਔਜਲਾ

ਬਚਪਨ ਦੀ ਸੁਰਤ ਤੋਂ ਲੈ ਕੇ
ਅੱਜ ਤਕ ਦੇ ਸਫ਼ਰ ਵਿਚ
ਮੇਰੇ ਅੰਗ ਸੰਗ ਧੁਖ਼ਦੀਏ ਕਵਿਤਾ
ਬਹੁਤ ਜੀਅ ਕਰਦਾ ਹੈ
ਤੈਨੂੰ ਇਸ ਤਰ੍ਹਾਂ ਲਿਖਾਂ ਕਿ ਮੁੱਕ ਜਾਵਾਂ —
ਮੇਰੇ ਵਿੱਚ ਹੁਣ ਏਨਾ ਜਜ਼ਬਾ ਨਹੀਂ ਰਿਹਾ
ਕਿ ਤੇਰੀ ਖ਼ਾਤਰ
ਮੈਂ ਆਪਣੇ ਆਪ ਨੂੰ ਨੀਹਾਂ ਵਿੱਚ ਚਿਣੀ ਰੱਖਾਂ।
ਮਨ ਜਿਸਮ ਵਿੱਚ 'ਬਾਤ' ਵਾਂਗੂ ਸਾਂਭੀਏ ਕਵਿਤਾ
ਮੇਰੇ ਅੰਦਰ ਤੇਰਾ ਜਨਮ ਉਦੋਂ ਹੋਇਆ ਸੀ
ਜਦੋਂ ਮੈਂ ਬਾਪੂ ਨੂੰ
ਖੇਤਾਂ ਦੇ ਸਿਆੜਾਂ ਵਿੱਚ ਮਹਾਂਕਾਵਿ ਬੀਜਦੇ
ਪਹਿਲੀ ਵੇਰ ਤੱਕਿਆ ਸੀ
ਤੇ ਛਿਟੀਆਂ ਦੀ ਅੱਗ ਵਿੱਚ ਮਘਦੇ ਮਾਂ ਦੇ ਚਿਹਰੇ ਤੋਂ
ਪੜ੍ਹ ਲਿਆ ਸੀ
ਕੱਚੇ ਘਰਾਂ 'ਤੇ ਝੁਲਣ ਵਾਲੀਆਂ ਹਨੇਰੀਆਂ ਦਾ ਇਤਿਹਾਸ।
ਮੈਂ ਤੈਨੂੰ ਆਪਣੇ ਅੰਦਰ ਇਸ ਤਰ੍ਹਾਂ ਨਿੱਘ ਦਿਤਾ
ਜਿਸ ਤਰ੍ਹਾਂ ਮੇਰੀ ਮਾਂ
ਠੰਢ ਵਿੱਚ ਕਣਕ ਕੇਰ ਕੇ ਆਏ
ਮੇਰੇ ਸਰਦ ਬਦਨ ਨੂੰ
ਆਪਣੀਆਂ ਆਂਦਰਾਂ ਨਾਲ ਪਲੋਸ ਕੇ ਗਰਮਾਉਂਦੀ ਰਹੀ ਹੈ।
ਬਾਪੂ ਖੇਤਾਂ ਨਾਲ ਯੁੱਧ ਕਰਦਾ ਰਿਹਾ
ਤੇ ਮਾਂ ਚੁੱਲੇ ਚੌਕੇ ਦੀ ਚਿਤਰਕਾਰੀ ਵਿੱਚੋਂ
ਮੇਰੇ ਭਵਿਖ ਦੇ ਸੁਪਨੇ ਉਲੀਕਦੀ ਰਹੀ
ਤੇ ਤੂੰ ਮੇਰੇ ਅੰਦਰ
ਮੁੜ ਮੁੜ ਉਗਦੀ, ਪਸੱਰਦੀ ਤੇ ਪਕਦੀ ਰਹੀ।
ਮੇਰੀ ਮੁਸ਼ਕੀ ਰੰਗ ਦੀਏ ਕਵਿਤਾ
ਮੈਂ ਤੈਨੂੰ ਇਸ ਤਰ੍ਹਾਂ ਲਿਖਣਾ ਚਾਹੁੰਦਾ ਹਾਂ
ਜਿਵੇਂ ਖੂਹ ਦਾ ਪਾਣੀ
ਸੱਜਰੀ ਵਾਹੀ ਜ਼ਮੀਨ ਵਿੱਚ ਹੌਲੀ ਹੌਲੀ ਫੈਲਦਾ ਹੈ—
ਜਾਂ ਜਿਵੇਂ ਚਿੜੀਆਂ ਬਾਜਰੇ ਦੇ ਸਿਟਿਆਂ ਨੂੰ
ਬੇਖੌਫ਼ ਕੁਤਰਦੀਆਂ ਹਨ—
ਤੇਰੇ ਬਹੁਤ ਸਾਰੇ ਗ੍ਰੰਥ
ਉਸ ਵੇਲੇ ਸਰਸਾ ਨਦੀ ਵਿੱਚ ਰੁੜ ਗਏ
ਜਦੋਂ ਮੈਂ ਤੇ ਤੂੰ ਉਦਾਸੀਆਂ ਦੇ ਰਟਨ ਸਮੇਂ
ਹਾਦਸਿਆਂ ਦੀ ਰਣਭੂਮੀ ਵਿੱਚ ਵਿਛੜ ਗਏ ਸਾਂ —
ਤੇ ਬੜਾ ਚਿਰ ਮੈਂ
ਬਾਬਾ ਦੀਪ ਸਿੰਘ ਦੇ ਖੰਡੇ ਕੋਲੋਂ
ਤੈਨੂੰ ਲਭਣ ਲਈ
ਆਤਮ—ਯੁੱਧ ਵਾਸਤੇ ਹੌਸਲਾ ਮੰਗਦਾ ਰਿਹਾ
ਤੇ ਫੇਰ ਮੈਂ ਆਪਣਾ ਪੋਟਾ ਪੋਟਾ ਜੋੜ ਕੇ
ਤੈਨੂੰ ਮੁੜ ਹੌਲੀ ਹੌਲੀ
ਖੇਤਾਂ ਦੇ ਸਿਮਟਦੇ ਆਕਾਰ ਵਿਚੋਂ
ਮਾਂ ਦੀਆਂ ਝੁਰੜੀਆਂ ਦੀ ਫਿਲਾਸਫ਼ੀ ਵਿੱਚੋਂ
ਬਾਪੂ ਦੇ ਪੈਰਾਂ ਦੀਆਂ ਬਿਆਈਆਂ ਦੇ ਭੂਗੋਲ ਵਿਚੋਂ
ਲੋਕ ਗੀਤਾਂ ਵਾਂਗ ਇੱਕਤਰ ਕਰ ਲਿਆ —
ਮੇਰੀ ਜਿੰਦਜਾਨ ਵਰਗੀਏ ਕਵਿਤਾ
ਏਸ ਤੋਂ ਪਹਿਲਾਂ ਕਿ ਆਪਾਂ ਫਿਰ
ਵਿਕ ਜਾਈਏ, ਵਿਛੜ ਜਾਈਏ
ਅੱਜ ਦੇ ਮੰਡੀ ਯੁੱਗ ਵਿਚ—
ਮੈਂ ਆਪਣੇ ਮਾਸ ਨਾਲੋਂ ਵੱਖ ਕਰਕੇ
ਲਿਖ ਦੇਣਾ ਚਾਹੁੰਦਾ ਹਾਂ ਤੈਨੂੰ
ਤਾਂ ਕਿ ਤੂੰ ਉਹਨਾਂ ਬੰਦਿਆਂ ਲਈ ਸ੍ਰੋਤ ਬਣ ਸਕੇਂ
ਜੋ ਜੀਵਨ ਨੂੰ ਪੜ੍ਹਨ, ਜੀਊਣ
ਤੇ ਪਿਆਰ ਕਰਨ ਵਿੱਚ ਯਕੀਨ ਰਖਦੇ ਹਨ।
●

ਹਵਾ ਦਾ ਰੁਖ

—ਕੁਲਦੀਪ ਸਿੰਘ ਸੂਰੀ

ਰਾਮੂ ਦਾਦਾ ਦੇ ਫ਼ਾਰਮ ਹਾਊਸ ਤੇ ਲਗਭਗ ਹਰ ਸ਼ਾਮ ਉਸਦੇ ਦੋਸਤਾਂ ਯਾਰਾਂ ਦੀ ਮਹਿਫ਼ਲ ਲਗਦੀ ਹੈ, ਜੋ ਕਈ ਕਈ ਘੰਟੇ ਚਲਦੀ ਰਹਿੰਦੀ ਹੈ। ਪੀਣ ਖਾਣ ਦਾ ਸਾਂਰਾ ਪ੍ਰਬੰਧ ਇਥੇ ਹੀ ਹੁੰਦਾ ਹੈ।

ਰਾਮੂ ਚਾਲੀਆਂ ਕੁ ਸਾਲਾਂ ਦਾ ਰਿਸ਼ਟ ਪੁਸ਼ਟ ਇਨਸਾਨ ਹੈ। ਆਪਣੇ ਇਲਾਕੇ ਦਾ ਉਹ "ਦਾਦਾ" ਹੈ। ਇਲਾਕੇ ਵਿਚ ਉਹ ਇਕ ਮਸ਼ਹੂਰ ਵਿਅਕਤੀ ਹੈ। ਹਰ ਕੋਈ ਉਸ ਨੂੰ ਜਾਣਦਾ ਹੈ। ਲੋਕਾਂ ਉਪਰ ਉਸ ਦਾ ਇਕ ਖਾਸ ਤਰ੍ਹਾਂ ਦਾ ਰੁਹਬ ਅਤੇ ਪ੍ਰਭਾਵ ਹੈ। ਪੁਲਸ ਠਾਣੇ ਤੋਂ ਲੈ ਕੇ ਚੰਗੇ ਚੰਗੇ ਲੀਡਰਾਂ ਤਕ ਉਸ ਦੀ ਸਿਧੀ ਪਹੁੰਚ ਹੈ। ਕਿਸੇ ਦਾ ਕੋਈ ਕੰਮ ਅੜਿਆ ਹੋਵੇ, ਕਿਸੇ ਦੀ ਜ਼ਮਾਨਤ ਕਰਵਾਣੀ ਹੋਵੇ, ਕਿਸੇ ਦੰਗੇ ਫਸਾਦ ਦਾ ਫ਼ੈਸਲਾ ਕਰਨਾ ਹੋਵੇ ਲੋਕ ਉਸ ਕੋਲ ਪਹੁੰਚ ਜਾਂਦੇ ਹਨ। ਸਭ ਦੇ ਕੰਮ ਲੈ ਦੇ ਕੇ ਨੇਮ ਅਨੁਸਾਰ ਹੋ ਜਾਂਦੇ ਹਨ। ਇਲਾਕੇ ਦੇ ਗਾਂਜਾ ਹਫ਼ੀਮ ਵੇਚਣ ਵਾਲੇ ਜਾਂ ਸ਼ਰਾਬ ਦੀਆਂ ਭਠੀਆਂ ਵਾਲੇ ਉਸ ਨੂੰ ਘਰ ਆ ਕੇ ਸਲਾਮਾਂ ਕਰਦੇ ਹਨ ਅਤੇ ਨਜ਼ਰਾਨੇ ਵੀ ਭੇਟ ਕਰਦੇ ਹਨ। ਕਈ ਵਾਰ ਬਸਤੀ ਦੇ ਚੰਗੇ ਅਤੇ ਇਜ਼ਤਦਾਰ ਬੰਦਿਆਂ ਨੂੰ ਵੀ ਰਾਮੂ ਦਾਦਾ ਦੀ ਸੇਵਾ ਦੀ ਲੋੜ ਪੈ ਜਾਂਦੀ ਹੈ — ਆਪਣੀ ਜੇਬ ਦਾ ਖਿਆਲ ਰਖਦਿਆਂ ਉਹ ਸਭ ਦੇ ਕੰਮ ਸਵਾਰਦਾ ਹੈ। ਜਦੋਂ ਦੀ ਸਿਆਸੀ ਲੀਡਰਾਂ ਨਾਲ ਉਸ ਦੀ ਨੇੜਤਾ ਅਤੇ ਘਨਿਸ਼ਟਤਾ ਵਧੀ ਹੈ, ਉਸਦੇ ਦਿਨ ਫਿਰ ਗਏ ਹਨ। ਪੈਸੇ ਧੇਲੇ ਵਲੋਂ ਉਹ ਬੜਾ ਸੌਖਾ ਹੋ ਗਿਆ ਹੈ ਅਤੇ ਇਲਾਕੇ ਵਿਚ ਉਸਦਾ ਇਜ਼ਤ ਮਾਣ ਵੀ ਵਧ ਗਿਆ ਹੈ। ਹੁਣ ਲੋਕ ਉਸ ਨੂੰ 'ਦਾਦਾ ਸਾਹਿਬ' ਕਹਿਕੇ ਬੁਲਾਂਦੇ ਹਨ।

ਰਾਮੂ ਦਾਦਾ ਸ਼ਹਿਰ ਵਿਚ ਆਪਣੇ ਨਿਕੇ ਜਿਹੇ ਪਰਿਵਾਰ ਨਾਲ ਰਹਿ ਰਿਹਾ ਹੈ। ਘਰ ਵਿਚ ਉਸਦੀ ਪਤਨੀ, ਲੜਕੀ ਰਾਣੋ ਅਤੇ ਲੜਕਾ ਚੰਨੀ ਹੈ। ਲੜਕੀ ਦਸਵੀਂ ਵਿਚ ਅਤੇ ਲੜਕਾ ਸਤਵੀਂ ਵਿਚ ਪੜ੍ਹਦਾ ਹੈ। ਰਾਮੂ ਦਾਦਾ ਦੀ ਇਹ ਦਿਲੀ ਖਾਹਿਸ਼ ਹੈ ਕਿ ਆਪਣੀ ਲੜਕੀ ਰਾਣੋ ਨੂੰ ਉਹ ਡਾਕਟਰ ਬਣਾਏ — ਵੈਸੇ ਵੀ ਲੜਕੀ ਪੜ੍ਹਾਈ ਵਿਚ ਚੰਗੀ ਹੈ। ਜਦੋਂ ਵੀ ਉਹ ਮੈਡੀਕਲ ਕਾਲਜ ਦੀਆਂ ਲੜਕੀਆਂ ਨੂੰ ਚਿੱਟੇ ਕੋਟ ਪਾਈ ਕਾਲਜ ਜਾਂ ਹਸਪਤਾਲ ਜਾਂਦੀਆਂ ਦੇਖਦਾ ਤਾਂ ਉਸਨੂੰ ਇੰਜ ਲਗਦਾ ਜਿਵੇਂ ਉਸ ਦੀ ਰਾਣੋ ਵੀ ਇਨ੍ਹਾਂ ਕੁੜੀਆਂ ਵਿਚ ਸ਼ਾਮਿਲ ਹੈ।

ਸ਼ਹਿਰ ਤੋਂ ਬਾਹਰ ਰਾਮੂ ਦਾਦਾ ਨੇ ਥੋੜੀ ਜਿਹੀ ਜ਼ਮੀਨ ਖਰੀਦ ਕੇ ਇਕ ਫ਼ਾਰਮ ਹਾਊਸ ਬਣਾ ਲਿਆ ਹੈ। ਇਹ ਇਕ ਤਰ੍ਹਾਂ ਨਾਲ ਰਾਮੂ ਦਾਦਾ ਦਾ ਆਏ ਗਏ ਲੋਕਾਂ ਨੂੰ ਮਿਲਣ ਦਾ ਅਤੇ ਬੈਠਣ ਉਠਣ ਦਾ ਅਤੇ ਨਾਲ ਹੀ ਖਾਣ ਪੀਣ ਦਾ ਅੱਡਾ ਹੈ। ਕਦੀ ਕਦੀ ਤਾਂ ਚੰਗੇ ਚੰਗੇ ਨੇਤਾ ਲੋਕ ਵੀ ਆਪਣੇ ਮੂੰਹ ਦਾ ਸਵਾਦ ਬਦਲਣ ਲਈ ਇਥੇ ਆ ਜਾਂਦੇ ਹਨ।

ਅਜ ਸੰਧਿਆ ਵੇਲੇ ਤੋਂ ਆਪਣੇ ਭਰੋਸੇ ਵਾਲੇ ਦੋ ਤਿੰਨ ਦੋਸਤਾਂ ਅਤੇ ਸਾਥੀਆਂ ਨਾਲ ਦਰਵਾਜ਼ੇ ਬੰਦ ਕਰਕੇ ਉਹ ਗੰਭੀਰ ਪਰ ਖੁੱਲੀ ਚਰਚਾ ਕਰ ਰਿਹਾ ਸੀ। ਉਹ ਆਪਣੇ ਮੁਖੀ ਵਰਕਰ ਪਾਸੋਂ ਉਸ ਦੀ ਕਾਰਗੁਜ਼ਾਰੀ ਦਾ ਵੇਰਵਾ ਲੈ ਰਿਹਾ ਸੀ। ਜੋ ਬੜੀ ਸੰਜੀਦਗੀ ਨਾਲ ਉਸ ਨੂੰ ਦਸ ਰਿਹਾ ਸੀ "ਉਸਤਾਦ ਮੈਂ ਉਸ ਕਬੂਤਰੀ ਉਤੇ ਦੋ ਦਿਨ ਬਕਾਇਦਾ ਨਜ਼ਰ ਰਖੀ ਹੈ। ਮੈਨੂੰ ਤਾਂ ਪੱਕਾ ਭਰੋਸਾ ਹੋ ਗਿਆ ਹੈ ਕਿ ਉਹ ਇਸ ਇਲਾਕੇ ਵਿਚ ਧੰਦਾ ਕਰਦੀ ਹੈ ...." ਰਾਮੂ ਦਾਦਾ ਨੇ ਵਿਚੋਂ ਹੀ ਗਲ ਟੋਕ ਕੇ ਕਿਹਾ "ਮੈਨੂੰ ਤਾਂ ਪਹਿਲਾਂ ਹੀ ਸ਼ਕ ਸੀ — ਕਿਉਂਕਿ ਕਿਹੜੀ ਜਵਾਨ ਜਹਾਨ ਕੁੜੀ ਸ਼ਹਿਰ ਵਿਚ ਇਕ਼ਲਾ ਮਕਾਨ ਲੈ ਕੇ ਰਹਿੰਦੀ ਹੈ। ਜਿਸ ਦਾ ਨਾ ਕੋਈ ਅਗਾ ਹੈ ਨਾ ਪਿੱਛਾ" ਉਸਦੇ ਸਾਥੀ ਨੇ ਮੁੜ ਗਲ ਤੋਰਦਿਆਂ ਕਹਿਣਾ ਸ਼ੁਰੂ ਕੀਤਾ "....ਉਹ ਕਿਤੋਂ ਬਾਹਰੋਂ ਆਈ ਹੈ ਅਤੇ ਪਿਛਲੇ ਕਰੀਬਨ ਇਕ ਮਹੀਨੇ ਤੋਂ ਸਾਡੇ ਇਲਾਕੇ ਵਿਚ ਇੱਕਲੀ ਰਹਿ ਰਹੀ ਹੈ। ਹੈ ਉਹ ਛੜੀ ਛਾਂਡ — ਰੋਟੀ ਪਾਣੀ ਆਪਣਾ ਆਪੇ ਹੀ ਪਕਾਂਦੀ ਹੈ। ਕਦੀ ਉਹ ਪੂਰਾ ਦਿਨ ਅਤੇ ਕਦੀ ਰਾਤ ਘਰੋਂ ਬਾਹਰ ਰਹਿੰਦੀ ਹੈ। ਕਲ ਦੀ ਗਲ ਹੈ ਸ਼ਾਮ ਛੇ ਵਜੇ ਦੇ ਕਰੀਬ

ਇਕ ਕਾਰ ਉਸ ਦੇ ਬੂਹੇ ਅੱਗੇ ਆਈ ਜਿਸ ਵਿਚ ਬੈਠ ਕੇ ਉਹ ਚਲੀ ਗਈ। ਉਹੋ ਕਾਰ ਰਾਤ ਦਸ ਵਜੇ ਤੋਂ ਮਗਰੋਂ ਉਸਨੂੰ ਛਡਣ ਆਈ। ਕਦੀ ਕਦੀ ਦਿਨ ਨੂੰ ਵੀ ਉਹ ਉਸੇ ਕਾਰ ਵਿਚ ਬੈਠ ਕੇ ਚਲੀ ਜਾਂਦੀ ਹੈ ਅਤੇ ਕਈ ਕਈ ਘੰਟੇ ਬਾਹਰ ਰਹਿੰਦੀ ਹੈ। ਪਰਸੋਂ ਐਤਵਾਰ ਸਵੇਰੇ ਗਿਰਜਾਘਰ ਵਿਚੋਂ ਨਿਕਲ ਕੇ ਕਿਨਾ ਚਿਰ ਇਕ ਪਾਦਰੀ ਜਿਹੇ ਨਾਲ ਘੁਸਰ ਮੁਸਰ ਕਰਦੀ ਰਹੀ ਅਤੇ ਫਿਰ ਉਸੇ ਦੇ ਸਕੂਟਰ ਦੇ ਪਿੱਛੇ ਬੈਠ ਕੇ ਉਸ ਨਾਲ ਕਿਧਰੇ ਚਲੀ ਗਈ।

ਰਾਮੂ ਦਾਦਾ ਨੇ ਗਲਾਸ ਵਿਚੋਂ ਦੋ ਤਿੰਨ ਘੁਟ ਭਰਦਿਆਂ ਕਿਹਾ "ਗੱਲ ਤੇਰੀ ਠੀਕ ਹੈ। ਕੁੜੀ ਕਾਫ਼ੀ ਤੇਜ਼ ਅਤੇ ਚਾਲੂ ਲਗਦੀ ਹੈ – ਪਰ ਸਹੁਰਿਓ, ਸਾਡੇ ਇਲਾਕੇ ਵਿਚ ਕੋਈ ਕੁੜੀ ਬਾਹਰੋਂ ਆ ਕੇ ਪੇਸ਼ਾ ਕਰੇ ਅਤੇ ਸਾਨੂੰ ਮਹੀਨਾ ਭਰ ਪਤਾ ਹੀ ਨਾ ਲਗੇ – ਤੇ ਉਹ ਵੀ ਏਨੀ ਸੁਹਣੀ ਕੁੜੀ – ਲੱਖ ਲਾਹਨਤ ਹੈ ਤੁਹਾਨੂੰ।" ਉਸ ਦੇ ਦੂਸਰੇ ਸਾਥੀ ਨੇ ਰਾਮੂਦਾਦਾ ਦੀ ਗਲ ਦੀ ਤਾਈਦ ਕਰਦਿਆਂ ਕਿਹਾ – ਉਸਤਾਦ ਉਹ ਕੁੜੀ ਤਾਂ ਨਿਰੀ ਕਿਆਮਤ ਹੈ, ਕਿਨਾ ਰੂਪ ਹੈ, ਕਿਨਾ ਭਖਦਾ ਹੈ ਉਸ ਦਾ ਚਿਹਰਾ। ਰਾਮੂ ਨੇ ਹਾਂ ਵਿਚ ਸਿਰ ਹਿਲਾਂਦਿਆਂ ਕਿਹਾ, "ਚਿਹਰਾ ਤਾਂ ਭਖਣਾ ਹੀ ਹੈ, ਹਰਾਮ ਦੀ ਕਮਾਈ ਜੁ ਹੋਈ। ਨਾ ਕੋਈ ਫਿਕਰ ਨਾ ਫਾਕਾ। ਸਾਨੂੰ ਤਾਂ ਕਬੀਲਦਾਰੀਆਂ ਮਾਰ ਜਾਂਦੀਆਂ ਨੇ।" ਫਿਰ ਗਲਾਸ ਵਿਚੋਂ ਇਕ ਘੁਟ ਭਰ ਕੇ ਕਹਿਣ ਲੱਗਾ "ਅਛਾ ਫ਼ਾਲਤੂ ਗੱਲਾਂ ਛਡੋ – ਹੁਣ ਸਕੀਮ ਬਣਾਓ ਉਸ ਪੰਛੀ ਨੂੰ ਕਾਬੂ ਕਿਵੇਂ ਕਰਨਾ ਹੈ। ਮੈਂ ਤਾਂ ਜਦੋਂ ਦਾ ਉਸ ਨੂੰ ਦੇਖਿਆ ਹੈ ਨੀਂਦਰ ਹਰਾਮ ਹੋ ਗਈ ਹੈ। ਇਕ ਗਲ ਹੋਰ ਸਮਝ ਲਵੋ, ਇਸੇ ਵੇਲੇ ਹਵਾ ਦਾ ਰੁਖ ਠੀਕ ਹੈ – ਸਾਰੇ ਅਫ਼ਸਰ ਅਤੇ ਲੀਡਰ ਹਥ ਵਿਚ ਹਨ, ਬੜੀ ਇੱਜ਼ਤ ਕਰਦੇ ਨੇ ਵਿਚਾਰੇ। ਸੋ ਜੋ ਵੀ ਕਰਨਾ ਹੈ ਹੁਣੇ ਕਰ ਲੈਣਾ ਚਾਹੀਦਾ ਹੈ। ਦੋ ਤਿੰਨ ਦਿਨਾਂ ਵਿਚ ਇਹ ਕੰਮ ਹੋ ਜਾਣਾ ਚਾਹੀਦਾ ਹੈ। ਇਸ ਕੰਮ ਵਿਚ ਬੜੀ ਦਲੇਰੀ ਅਤੇ ਹੁਸ਼ਿਆਰੀ ਦੀ ਲੋੜ ਹੈ। ਤੁਸੀਂ ਕਿਸੇ ਕਿਸਮ ਦਾ ਫਿਕਰ ਨਹੀਂ ਕਰਨਾ ਅਤੇ ਤਗੜੇ ਹੋ ਕੇ ਪੱਕੇ ਪੈਰਾਂ ਤੇ ਕੋਈ ਸਕੀਮ ਬਣਾਓ। ਪੈਸੇ ਧੇਲੇ ਦੀ ਚਿੰਤਾ ਨਾ ਕਰਨੀ, ਉਸ ਦਾ ਦਿੱਤਾ ਬੜਾ ਕੁਛ ਹੈ।" ਕੁਝ ਯਾਦ ਕਰਕੇ ਉਹ ਇਕ ਸਾਥੀ ਨੂੰ ਪੁਛਣ ਲਗਾ, ਕਿਉਂ ਬੀਰਿਆ, ਤੂੰ ਠਾਣੇ ਹਫ਼ਤਾ ਪੁਚਾ ਦਿਤਾ ਸੀ? ਅਗੋਂ ਜਵਾਬ ਮਿਲਿਆ "ਉਸਤਾਦ ਇਹ ਕੰਮ ਮੈਂ ਹਮੇਸ਼ਾ ਟਾਈਮ ਸਿਰ ਕਰ ਦਿੰਦਾ ਹਾਂ।" ਫਿਰ ਸਾਹਮਣੇ ਵਾਲੀ ਅਲਮਾਰੀ ਵਲ ਇਸ਼ਾਰਾ ਕਰਕੇ ਰਾਮੂ ਦਾਦਾ ਹਦਾਇਤ ਦੇਣ ਲਗਾ "ਉਹ ਉਪਰਲੇ ਖਾਨੇ ਵਿਚ ਦੋ ਬੋਤਲਾਂ ਬਾਹਰ ਦੀ ਵਿਸਕੀ ਦੀਆਂ ਰਖੀਆਂ ਹਨ ਅਜ ਹੀ ਸਵੇਰੇ ਸਾਡਾ ਕਸਟਮ ਵਾਲਾ ਦੋਸਤ ਦੇ ਗਿਆ ਸੀ। ਇਹ ਦੋਵੇਂ ਬੋਤਲਾਂ ਐਮ.ਐਲ.ਏ. ਸਾਹਿਬ ਦੇ ਘਰ ਪੁਚਾ ਦੇਣੀਆਂ।"

ਦੇਰ ਰਾਤ ਤਕ ਇਹ ਲੋਕ ਖਾਂਦੇ ਪੀਂਦੇ ਰਹੇ ਅਤੇ ਇਸ ਵਿਸ਼ੇ ਤੇ ਸਕੀਮਾਂ ਬਣਾਂਦੇ ਰਹੇ। ਅਗਲੇ ਦਿਨ ਫਿਰ ਮੀਟਿੰਗ ਦਾ ਪ੍ਰੋਗਰਾਮ ਬਣਾ ਕੇ ਸਭ ਘਰੋਂ ਘਰੀ ਚਲੇ ਗਏ। ਰਾਮੂ ਦਾਦਾ ਘਰ ਆਕੇ ਬਹੁਤ ਦੇਰ ਤਕ ਮੰਜੇ ਤੇ ਪਿਆ ਜਾਗਦਾ ਰਿਹਾ ਅਤੇ ਹਸੀਨ ਸੁਪਨੇ ਦੇਖਦਾ ਰਿਹਾ, ਇਨ੍ਹਾਂ ਸੁਪਨਿਆਂ ਦਾ ਅਨੰਦ ਮਾਣਦਾ ਹੋਇਆ ਪਤਾ ਨਹੀਂ ਕਦੋਂ ਉਸ ਨੂੰ ਨੀਂਦ ਆ ਗਈ।

ਅਗਲੇ ਦਿਨ ਮੀਟਿੰਗ ਨਾ ਹੋ ਸਕੀ। ਅਚਾਨਕ ਰਾਮੂ ਦਾਦਾ ਦੇ ਲੜਕੇ ਦਾ ਸੜਕ ਐਕਸੀਡੈਂਟ ਹੋ ਗਿਆ, ਸੱਟਾਂ ਤਾਂ ਲਗੀਆਂ ਪਰ ਲੜਕਾ ਬਚ ਗਿਆ। ਇਕ ਦਿਨ ਹਸਪਤਾਲ ਭਰਤੀ ਰਹਿਣ ਮਗਰੋਂ ਘਰ ਆ ਗਿਆ। ਰਾਮੂ ਅਤੇ ਉਸਦੇ ਪਰਿਵਾਰ ਨੇ ਰਬ ਦਾ ਲਖ ਲਖ ਸ਼ੁਕਰ ਕੀਤਾ ਜਿਸ ਨੇ ਬੱਚੇ ਨੂੰ ਹਥ ਦੇ ਕੇ ਬਚਾਇਆ। ਰਾਮੂ ਦਾਦਾ ਮੰਦਰ ਵਿਚ ਪ੍ਰਸ਼ਾਦ ਚੜ੍ਹਾ ਕੇ ਆਇਆ, ਗੁਰਦੁਆਰੇ ਦੀ ਗੋਲਕ ਵਿਚ ਢਾਈ ਸੌ ਰੁਪੇ ਗੁਪਤ ਦਾਨ ਪਾ ਕੇ ਆਇਆ ਅਤੇ ਗਰੀਬਾਂ ਨੂੰ ਰੋਟੀਆਂ ਵੀ ਵੰਡੀਆਂ। ਰਾਮੂ ਦੇ ਸਾਥੀ ਮਿੱਤਰ, ਰਿਸ਼ਤੇਦਾਰ ਅਤੇ ਸ਼ੁਭਚਿੰਤਕ ਸਾਰਾ ਦਿਨ ਬੱਚੇ ਦੀ ਖਬਰ ਲੈਣ ਅਤੇ ਸੁਖ ਸਾਂਦ ਪੁਛਣ ਆਂਦੇ ਰਹੇ। ਉਹ ਬੱਚੇ ਨੂੰ ਲਗੀਆਂ ਸੱਟਾਂ ਬਾਰੇ ਦੁਖ ਪ੍ਰਗਟ ਕਰਦੇ। ਕੋਈ ਰਬ ਦਾ ਸ਼ੁਕਰਾਨਾ ਕਰਦੇ ਅਤੇ ਬੱਚੇ ਦੇ ਬਚ ਜਾਣ ਦੀ ਵਧਾਈ ਦਿੰਦੇ ਕਿ ਏਡੇ ਖਤਰਨਾਕ ਕਿਸਮ ਦੇ ਐਕਸੀਡੈਂਟ ਵਿਚ ਬੱਚੇ ਦੀ ਜਾਨ ਬਚ ਗਈ ਹੈ। ਪਰ ਰਾਮੂ ਦਾਦਾ ਇਸ ਐਕਸੀਡੈਂਟ ਤੋਂ ਮਗਰੋਂ ਬਿਲਕੁਲ ਗੁਮ ਸੁਮ ਜਿਹਾ ਹੋ ਗਿਆ। ਬੱਚੇ ਦੀ ਖਬਰ ਲੈਣ ਆਏ ਲੋਕਾਂ ਨਾਲ ਵੀ ਬੜੀ ਸੰਖੇਪ ਜਿਹੀ ਗੱਲ ਕਰਦਾ। ਨਾ ਕਿਸੇ ਨਾਲ ਚੱਜ ਨਾਲ ਬੋਲਦਾ ਬਸ ਐਵੇਂ ਓਪਰੀ ਓਪਰ ਗਲ ਹੀ ਕਰਦਾ। ਹਰ ਵੇਲੇ ਚੁਪ ਚਾਪ ਅਤੇ ਗੁਆਚਾ ਗੁਆਚਾ ਰਹਿੰਦਾ। ਬਹੁਤੀ ਵਾਰ ਆਪਣੇ ਕਮਰੇ ਵਿਚ ਇਕਲਾ ਸਿਰ ਫੜ ਕੇ ਬੈਠਾ ਰਹਿੰਦਾ, ਪਤਾ ਨਹੀਂ ਕਿਹੜੀ ਸੋਚ ਵਿਚ ਡੁਬਾ ਰਹਿੰਦਾ। ਬੜਾ ਬੇਚੈਨ ਜਿਹਾ ਰਹਿੰਦਾ।

ਉਸ ਦੀ ਪਤਨੀ ਉਸ ਦੀ ਇਹ ਹਾਲਤ ਦੇਖ ਕੇ ਕਾਫ਼ੀ ਪਰੇਸ਼ਾਨ ਸੀ। ਬੱਚੇ ਨੂੰ ਸੱਟਾਂ ਲਗਣ ਦਾ ਏਨਾ ਡੂੰਘਾ ਅਸਰ ਉਸ ਦੇ ਦਿਲ ਤੇ ਹੋਵੇਗਾ, ਉਸ ਨੂੰ ਅੰਦਾਜ਼ਾ ਨਹੀਂ ਸੀ। ਪਰ ਦਿਲ ਦੀ ਕਿਸੇ ਲੁਕੀ ਤਹਿ ਵਿਚੋਂ ਸ਼ਾਇਦ ਉਸ ਨੂੰ ਗੁੱਝੀ ਜਿਹੀ ਖੁਸ਼ੀ ਵੀ ਮਹਿਸੂਸ ਹੋ ਰਹੀ ਸੀ ਕਿ ਪਿਛਲੇ ਦੋ ਦਿਨਾਂ ਤੋਂ ਉਹ ਰਾਤ ਨੂੰ ਆਪਣੀ ਮੰਡਲੀ ਵਿਚ ਨਹੀਂ ਜਾ ਰਿਹਾ ਅਤੇ ਬਚਿਆਂ ਵਿਚ ਬੈਠ ਕੇ ਘਰ ਰੋਟੀ ਖਾਂਦਾ ਹੈ। ਸ਼ਾਮ ਨੂੰ ਜਦੋਂ ਆਣ ਜਾਣ ਵਾਲੇ ਸਾਰੇ ਚਲੇ ਗਏ ਤਾਂ ਉਹ ਉਸ ਕੋਲ ਉਸਦੇ ਕਮਰੇ ਵਿਚ ਜਾ ਕੇ ਬੈਠ ਗਈ ਅਤੇ ਬੜੀ ਹਮਦਰਦੀ ਅਤੇ ਪਿਆਰ ਨਾਲ ਸਮਝਾਣ ਲਗੀ "ਤੁਸੀਂ ਚੰਨੀ ਬਾਰੇ ਏਨਾਂ ਗ਼ਮ ਕਿਉਂ ਲਗਾ ਲਿਆ ਹੈ? ਸ਼ੁਕਰ ਕਰੋ ਉਹ ਬਚ ਗਿਆ ਹੈ। ਕਿਤੇ ਦਾਨ ਪੁੰਨ, ਕੀਤਾ ਕੰਮ ਆ ਗਿਆ ਹੈ, ਤੁਹਾਨੂੰ ਤਾਂ ਸਗੋਂ ਖੁਸ਼ ਹੋਣਾ ਚਾਹੀਦਾ ਹੈ ਕਿ ਮੁੰਡਾ ਠੀਕ ਠਾਕ ਘਰ ਆ ਗਿਆ ਹੈ। ਹੁਣ ਉਹ ਬੜਾ ਸੁਹਣਾ ਹਸਦਾ ਬੋਲਦਾ ਹੈ ਖਾਂਦਾ ਪੀਂਦਾ ਹੈ। ਡਾਕਟਰਨੀ ਨੇ ਵੀ ਤੁਹਾਨੂੰ ਦਸਿਆ ਸੀ ਕਿ ਫਿਕਰ ਵਾਲੀ ਉਕਾ ਹੀ ਕੋਈ ਗੱਲ ਨਹੀਂ, ਫਿਰ ਤੁਸੀਂ ਕਿਉਂ ਏਨੀ ਢੇਰੀ ਢਾਹ ਕੇ ਬੈਠ ਗਏ ਹੋ, ਤੁਹਾਡਾ ਤਾਂ ਦਿਲ ਹੀ ਬੜਾ ਤਕੜਾ ਹੈ।" ਰਾਮੂ ਆਪਣੀ ਪਰੇਸ਼ਾਨੀ ਲੁਕਾਂਦਾ ਹੋਇਆ ਅਤੇ ਆਪਣੇ ਚਿਹਰੇ ਉਪਰ ਓਪਰੀ ਜਿਹੀ ਮੁਸਕ੍ਰਾਹਟ ਲਿਆਣ ਦਾ ਯਤਨ ਕਰਦਾ ਹੋਇਆ ਬੋਲਿਆ — ਐਸੀ ਕੋਈ ਗਲ ਨਹੀਂ। ਮੈਂ ਭਲਾ ਗਮ ਕਿਉਂ ਲਗਾਣਾ ਹੈ? ਮੈਂ ਤਾਂ ਸਗੋਂ ਬਹੁਤ ਹੀ ਖੁਸ਼ ਹਾਂ ਕਿ ਸਾਡੀ ਕਿਸਮਤ ਚੰਗੀ ਹੈ ਅਤੇ ਮੁੰਡਾ ਠੀਕ ਠਾਕ ਸਾਡੇ ਕੋਲ ਮੁੜ ਆਇਆ ਹੈ। ਪੱਟੀਆਂ ਵੀ ਦੋ ਚਾਰ ਦਿਨਾਂ ਤਕ ਖੁਲ ਜਾਣਗੀਆਂ। ਮੈਨੂੰ ਬਿਲਕੁਲ ਕੋਈ ਚਿੰਤਾ ਨਹੀਂ ਐਵੇਂ ਤੈਨੂੰ ਵਹਿਮ ਹੈ। ਵੈਸੇ ਹੀ ਤਬੀਅਤ ਕੁਝ ਢਿਲੀ ਜਿਹੀ ਹੈ ਕਲ ਦੀ। ਜਾ ਤੂੰ ਜਾ ਕੇ ਅਰਾਮ ਕਰ। ਸਵੇਰ ਦੀ ਆਏ ਗਏ ਦੀ ਸੇਵਾ ਕਰਕੇ ਤੂੰ ਵੀ ਥਕ ਗਈ ਹੋਵੇਂਗੀ। ਰਾਣੋ ਹਥ ਇਕ ਕਪ ਚਾਹ ਭੇਜ ਦੇਵੀਂ ਸਿਰ ਕੁਝ ਭਾਰਾ ਜਿਹਾ ਹੈ। ਪਤਨੀ ਦੇ ਜਾਣ ਮਗਰੋਂ ਉਹ ਮੰਜੇ ਤੇ ਲੇਟ ਗਿਆ ਅਤੇ ਅੱਖਾਂ ਬੰਦ ਕਰ ਲਈਆਂ। ਉਸ ਦੇ ਨਾ ਚਾਹੁਣ ਤੇ ਵੀ ਉਸ ਦੀ ਸੋਚ ਤਿੰਨ ਦਿਨ ਪਹਿਲਾਂ ਹੋਏ ਐਕਸੀਡੈਂਟ ਵਲ ਚਲੀ ਜਾਂਦੀ ਹੈ ਅਤੇ ਮੁੜ ਮੁੜ ਇਕੋ ਹੀ ਕੇਂਦਰ ਬਿੰਦੂ ਤੇ ਟਿਕ ਜਾਂਦੀ ਹੈ। ਚੰਨੀ ਦੇ ਐਕਸੀਡੈਂਟ ਦੀ ਖਬਰ ਉਸ ਨੂੰ ਐਕਸੀਡੈਂਟ ਹੋਣ ਤੋਂ ਪੰਜ ਛੇ ਘੰਟੇ ਬਾਦ ਮਿਲੀ। ਖਬਰ ਸੁਣਦਿਆਂ ਹੀ ਉਸਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਉਸਨੂੰ ਦਸਿਆਂ ਗਿਆ ਕਿ ਬੱਚਾ ਮਿਸ਼ਨ ਹਸਪਤਾਲ ਵਿਚ ਹੈ। ਉਹ ਦੌੜਦਾ ਹੋਇਆ ਸੜਕ ਤੇ ਪੁਜਦਾ ਹੈ ਅਤੇ ਇਕ ਆਟੋ ਰਿਕਸ਼ਾ ਕਰਕੇ ਹਸਪਤਾਲ ਵਲ ਚਲ ਪੈਂਦਾ ਹੈ। ਰਸਤੇ ਵਿਚ ਜਾਂਦਿਆਂ ਉਸ ਦੇ ਦਿਮਾਗ ਵਿਚ ਕਈ ਤਰ੍ਹਾਂ ਦੇ ਚੰਗੇ ਮਾੜੇ ਖਿਆਲ ਤੇਜ਼ੀ ਨਾਲ ਘੁੰਮਦੇ ਰਹੇ। ਬੜੀ ਘਬਰਾਈ ਹੋਈ ਹਾਲਤ ਵਿਚ ਉਹ ਹਸਪਤਾਲ ਪੁਜਦਾ ਹੈ। ਹਸਪਤਾਲ ਦਾ ਮਾਹੌਲ, ਦਵਾਈਆਂ ਦੀ ਇਕ ਖਾਸ ਕਿਸਮ ਦੀ ਗੰਧ ਅਤੇ ਮਰੀਜ਼ਾਂ ਦੀ ਭੀੜ ਦੇਖ ਕੇ ਉਹ ਹੋਰ ਵੀ ਭੈ ਭੀਤ ਹੋ ਜਾਂਦਾ ਹੈ। ਪੁਛ ਪੁਛਾ ਕੇ ਉਹ ਵਾਰਡ ਵਿਚ ਪਹੁੰਚਦਾ ਹੈ ਜਿਥੇ ਚੰਨੀ ਲਾਲ ਕੰਬਲ ਲਈ ਆਪਣੇ ਬੈੱਡ ਤੇ ਲੇਟਿਆ ਹੋਇਆ ਹੈ। ਰਾਮੂ ਦਾਦਾ ਦਾ ਦਿਲ ਧੜਕ ਰਿਹਾ ਹੈ, ਮੁੰਡੇ ਦਾ ਰੰਗ ਕੁਝ ਪੀਲਾ ਪੈ ਗਿਆ ਹੈ ਅਤੇ ਕੁਝ ਸਹਿਮਿਆ ਜਿਹਾ ਨਜ਼ਰ ਆਂਦਾ ਹੈ। "ਕੀ ਹਾਲ ਹੈ ਬੇਟਾ?" ਕੇਵਲ ਏਨੇ ਸ਼ਬਦ ਉਸ ਦੇ ਮੂੰਹੋਂ ਨਿਕਲਦੇ ਹਨ ਅਤੇ ਉਸਦਾ ਗਲਾ ਭਰ ਆਂਦਾ ਹੈ ਅਤੇ ਅਗੋਂ ਕੁਝ ਨਹੀਂ ਬੋਲ ਸਕਿਆ। ਉਹ ਕੋਲ ਪਏ ਸਟੂਲ ਤੇ ਬੈਠ ਜਾਂਦਾ ਹੈ ਅਤੇ ਬੱਚੇ ਦੇ ਸਿਰ ਤੇ ਹਥ ਫੇਰਨ ਲਗਦਾ ਹੈ। ਚੋਰੀ ਅੱਖਾਂ ਪੂੰਝਣ ਤੋਂ ਮਗਰੋਂ ਉਹ ਏਨਾ ਕੁ ਹੋਰ ਬੋਲ ਸਕਿਆ "ਹੁਣ ਠੀਕ ਹੈ ਨਾ ਚੰਨੀ?" ਬੱਚਾ ਹਾਂ ਵਿਚ ਸਿਰ ਹਿਲਾਂਦਾ ਹੈ ਏਨੇ ਵਿਚ ਇਕ ਨਰਸ ਆ ਕੇ ਕਹਿੰਦੀ ਹੈ ਕਿ ਮਰੀਜ਼ਾਂ ਨੂੰ ਮਿਲਣ ਦਾ ਵਕਤ ਖਤਮ ਹੋ ਚੁਕਾ ਹੈ, ਕਿਰਪਾ ਕਰਕੇ ਬਾਹਰ ਜਾਵੋ। ਜੇ ਕੋਈ ਗਲ ਪੁਛਣੀ ਹੈ ਤਾਂ ਵਡੇ ਡਾਕਟਰ ਸਾਹਿਬ ਕੋਲੋਂ ਪੁੱਛੋ, ਨਾਲ ਦੇ ਕਮਰੇ ਵਿਚ ਬੈਠੇ ਹਨ। ਇਹ ਕਹਿ ਕੇ ਨਰਸ ਉਸਦੇ ਉਠਣ ਦਾ ਇੰਤਜ਼ਾਰ ਕਰਦੀ ਹੈ। ਉਹ ਉਠ ਕੇ ਵਡੇ ਡਾਕਟਰ ਦੇ ਕਮਰੇ ਵਿਚ ਚਲਾ ਜਾਂਦਾ ਹੈ। ਡਾਕਟਰ ਨੂੰ ਆਦਰ ਨਾਲ ਨਮਸਤੇ ਬੁਲਾਂਦਾ ਹੈ, ਡਾਕਟਰ ਦੇ ਪੁਛਣ ਤੇ ਉਹ ਦਸਦਾ ਹੈ ਕਿ ਉਹ ਚੰਨੀ ਦਾ ਪਿਤਾ ਹੈ ਜਿਸ ਦਾ ਸਵੇਰੇ ਐਕਸੀਡੈਂਟ ਹੋਇਆ ਹੈ। ਡਾਕਟਰ, ਜੋ ਇਕ ਪ੍ਰਭਾਵਸ਼ਾਲੀ ਬਜ਼ੁਰਗ ਹੈ, ਨੇ ਕਿਹਾ ਕਿ ਸ਼ੁਕਰ ਕਰੋ ਉਸ ਪਰਮਾਤਮਾ ਦਾ ਜਿਸਦੀ ਮਿਹਰ ਸਦਕਾ ਲੜਕਾ ਬਚ ਗਿਆ ਹੈ।

ਡਾਕਟਰ ਦਸਦਾ ਹੈ ਕਿ ਜਦੋਂ ਲੜਕਾ ਘਰੋਂ ਸਾਈਕਲ ਤੇ ਸਕੂਲ ਆ ਰਿਹਾ ਸੀ ਇਕ ਬਸ ਨਾਲ ਟਕਰਾ ਗਿਆ। ਸਟ ਭਾਵੇਂ ਜ਼ਿਆਦਾ ਨਹੀਂ ਸੀ ਲਗੀ ਪਰ ਦਿਮਾਗ਼ੀ ਝਟਕੇ ਅਤੇ ਡਰ ਕਾਰਨ ਉਹ ਬੇਹੋਸ਼ ਹੋ ਗਿਆ। ਪ੍ਰਭੂ ਯਸੂ

ਮਸੀਹ ਦੀ ਖੇਡ ਦੇਖੋ ਉਸੇ ਘੜੀ ਸਾਡੀ ਡਾਕਟਰ ਮਿਸ ਜੂਲੀ ਉਥੋਂ ਲੰਘ ਰਹੀ ਸੀ। ਉਸ ਨੇ ਉਸੀ ਵਕਤ ਆਪਣੀ ਕਾਰ ਰੁਕਵਾ ਕੇ ਬੱਚੇ ਨੂੰ ਕਾਰ ਵਿਚ ਪਾਇਆ ਅਤੇ ਸਿਧੀ ਇਥੇ ਹਸਪਤਾਲ ਪਹੁੰਚ ਗਈ। ਬੱਚਾ ਖੂਨ ਵਿਚ ਲਥ ਪਥ ਸੀ। ਏਥੇ ਆ ਕੇ ਉਸ ਦੀ ਮਲਮ ਪੱਟੀ ਕੀਤੀ ਅਤੇ ਪੂਰਾ ਚੈਕ-ਅਪ ਕੀਤਾ। ਕੋਈ ਗੰਭੀਰ ਚੋਟ ਨਹੀਂ ਸੀ ਪਰ ਇਕ ਨੱਸ ਕੱਟੀ ਜਾਣ ਕਰਕੇ ਖੂਨ ਬਹੁਤ ਜ਼ਿਆਦਾ ਨਿਕਲ ਗਿਆ ਸੀ। ਸਮੇਂ ਦੀ ਨਜ਼ਾਕਤ ਨੂੰ ਦੇਖ ਕੇ ਡਾਕਟਰ ਜੂਲੀ ਨੇ ਆਪਣਾ ਖੂਨ ਦੇ ਕੇ ਬੱਚੇ ਨੂੰ ਖਤਰੇ ਤੋਂ ਬਾਹਰ ਲੇ ਆਂਦਾ। ਰਾਮੂ ਦਾਦਾ ਨੂੰ ਲਗ ਰਿਹਾ ਹੈ ਜਿਵੇਂ ਜੂਲੀ ਕੋਈ ਡਾਕਟਰ ਨਾ ਹੋ ਕੇ ਕੋਈ ਫ਼ਰਿਸ਼ਤਾ ਹੈ, ਕੋਈ ਦੇਵੀ ਹੈ ਜਿਸ ਨੇ ਉਸ ਦੇ ਬੱਚੇ ਦੀ ਸਮੇਂ ਤੇ ਰਕਸ਼ਾ ਕੀਤੀ ਹੈ। ਉਸ ਦਾ ਉਸ ਅਣਦੇਖੀ ਡਾਕਟਰ ਦੇ ਅਹਿਸਾਨ ਅਤੇ ਸਤਿਕਾਰ ਵਿਚ ਸਿਰ ਝੁਕ ਜਾਂਦਾ ਹੈ। ਉਹ ਡਾਕਟਰ ਨੂੰ ਕਹਿੰਦਾ ਹੈ ਕਿ ਉਹ ਡਾਕਟਰ ਜੂਲੀ ਨੂੰ ਧਨਵਾਦ ਜ਼ਰੂਰ ਪੁਚਾਏ। ਡਾਕਟਰ ਦਸਦਾ ਹੈ ਕਿ ਉਹ ਹੁਣੇ ਕੁਝ ਸਮੇਂ ਤਕ ਸ਼ਾਇਦ ਇੱਥੇ ਹੀ ਆ ਰਹੀ ਹੈ, ਕੁਝ ਸਲਾਹ ਕਰਨ। ਵਡਾ ਡਾਕਟਰ ਮਿਸ ਜੂਲੀ ਦੀਆਂ ਸੇਵਾਵਾਂ ਤੋਂ ਕਾਫ਼ੀ ਪ੍ਰਭਾਵਤ ਨਜ਼ਰ ਆਂਦਾ ਹੈ। ਉਹ ਦਸ ਰਿਹਾ ਹੈ ਕਿ ਡਾਕਟਰ ਜੂਲੀ ਨੇ ਮਰੀਜ਼ਾਂ ਦੀ ਸੇਵਾ ਨੂੰ ਹੀ ਆਪਣੀ ਜ਼ਿੰਦਗੀ ਦਾ ਮਕਸਦ ਬਣਾਇਆ ਹੈ। ਜਿਸ ਵਕਤ ਵੀ ਉਸ ਦੀ ਸੇਵਾ ਦੀ ਲੋੜ ਪੈਂਦੀ ਹੈ, ਉਹ ਨਾ ਦਿਨ ਦੇਖਦੀ ਹੈ ਨਾ ਰਾਤ, ਆਪਣੀ ਡਿਊਟੀ ਤੇ ਹਾਜ਼ਰ ਹੋ ਜਾਂਦੀ ਹੈ।

ਏਨੇ ਵਿਚ ਡਾਕਟਰ ਜੂਲੀ ਕਮਰੇ ਵਿਚ ਦਾਖਲ ਹੁੰਦੀ ਹੈ, ਡਾਕਟਰ, ਮਿਸ ਜੂਲੀ ਨੂੰ ਰਾਮੂ ਦਾਦਾ ਬਾਰੇ ਦਸਦਾ ਹੈ ਕਿ ਉਹ ਐਕਸੀਡੈਂਟ ਵਾਲੇ ਲੜਕੇ ਦਾ ਪਿਤਾ ਹੈ। ਰਾਮੂ ਦਾਦਾ ਜਦੋਂ ਡਾਕਟਰ ਜੂਲੀ ਵਲ ਦੇਖਦਾ ਹੈ ਤਾਂ ਉਸ ਨੂੰ ਇੰਜ ਲਗਦਾ ਹੈ ਜਿਵੇਂ ਤੇਜ਼ ਦੌੜਿਦਿਆਂ ਉਹ ਕਿਸੇ ਭਾਰੀ ਚਟਾਨ ਨਾਲ ਟਕਰਾ ਗਿਆ ਹੋਵੇ ਅਤੇ ਉਸਦਾ ਮੱਥਾ ਲਹੂ ਲੁਹਾਨ ਹੋ ਗਿਆ ਹੋਵੇ। ਉਹ ਤਰੇਲੀ ਤਰੇਲੀ ਹੋ ਜਾਂਦਾ ਹੈ ਅਤੇ ਹਥ ਪੈਰ ਠੰਡੇ ਹੋਣ ਲਗਦੇ ਹਨ। ਇਹ ਉਹੀ ਲੜਕੀ ਹੈ ਜਿਸ ਬਾਰੇ ਪਿਛਲੇ ਕਿਈ ਦਿਨਾਂ ਤੋਂ ਡ਼ਾਰਮ ਹਾਊਸ ਤੇ ਸਕੀਮਾਂ ਬਣਾ ਰਿਹਾ ਹੈ।

ਡਾਕਟਰ ਜੂਲੀ ਉਸ ਨੂੰ ਹਥ ਜੋੜ ਕੇ ਨਮਸਤੇ ਕਹਿੰਦੀ ਹੈ ਅਤੇ ਸਾਹਮਣੇ ਟੰਗੀ ਈਸਾ ਦੀ ਤਸਵੀਰ ਵਲ ਇਸ਼ਾਰਾ ਕਰਕੇ ਬੜੀ ਨਿਮਰਤਾ ਨਾਲ ਕਹਿੰਦੀ ਹੈ ਮੈਨੂੰ ਪ੍ਰਭੂ ਜੀਸਿਜ਼ ਨੇ ਸਮੇਂ ਸਿਰ ਐਕਸੀਡੈਂਟ ਵਾਲੀ ਜਗ੍ਹਾ ਤੇ ਭੇਜ ਦਿਤਾ ਅਤੇ ਮੈਨੂੰ ਵੀਰ ਦੀ ਮੱਦਦ ਕਰਨ ਦਾ ਮੌਕਾ ਦਿਤਾ। ਵਡਾ ਡਾਕਟਰ ਰਾਮੂ ਦਾਦਾ ਨੂੰ ਦਸਦਾ ਹੈ ਕਿ ਇਹ ਵੀ ਇਤਫ਼ਾਕ ਦੀ ਗਲ ਹੈ ਕਿ ਬੱਚੇ ਦਾ ਬਲਡ ਗਰੁਪ ਏ.ਬੀ. ਨੈਗੇਟਿਵ ਹੈ ਜੋ ਹਜ਼ਾਰਾਂ ਵਿਚੋਂ ਦੋ ਚਾਰਾ ਦਾ ਹੀ ਹੁੰਦਾ ਹੈ। ਇਸ ਗਰੁਪ ਦਾ ਖੂਨ ਵੇਲੇ ਸਿਰ ਮਿਲਣਾ ਲਗਭਗ ਅਸੰਭਵ ਹੈ। ਕਈ ਵਾਰ ਤਾਂ ਵਡੇ ਵਡੇ ਹਸਪਤਾਲਾਂ ਅਤੇ ਬਲਡ ਬੈਂਕਾਂ ਵਿਚ ਟਾਈਮ ਤੇ ਨਹੀਂ ਮਿਲਦਾ। ਪਰ ਡਾਕਟਰ ਜੂਲੀ ਅਤੇ ਤਹਾਡੇ ਬੱਚੇ ਦਾ ਬਲਡ ਗਰੁਪ ਇਕੋ ਹੈ।

ਡਾਕਟਰ ਜੂਲੀ ਨੇ ਪਿਆਰੀ ਜਿਹੀ ਮੁਸਕਾਨ ਖਲਾਰਦਿਆਂ ਰਾਮੂ ਦਾਦਾ ਨੂੰ ਕਿਹਾ "ਅੰਕਲ ਮੇਰਾ ਅਤੇ ਵੀਰੇ ਦਾ ਬਲਡ ਗਰੁਪ ਇਕੋ ਹੈ, ਹੋ ਸਕਦਾ ਹੈ ਪਿਛਲੇ ਜਨਮ ਵਿਚ ਮੈਂ ਤੁਹਾਡੀ ਬੇਟੀ ਹੋਵਾਂ.........।" ਸੁਣਦਿਆਂ ਹੀ ਰਾਮੂ ਦਾਦਾ ਦੀਆਂ ਅੱਖਾਂ ਅਗੇ ਹਨੇਰਾ ਜਿਹਾ ਆਣ ਲਗਾ। "ਬੇਟੀ" ਸ਼ਬਦ ਉਸਦੇ ਦਿਮਾਗ ਵਿਚ ਉੱਚੀ, ਹੋਰ ਉੱਚੀ, ਅਤੇ ਫਿਰ ਬਹੁਤ ਹੀ ਉਚੀ ਅਵਾਜ਼ ਵਿਚ ਗੂੰਜਣ ਲਗਾ....।

"ਡੈਡੀ ਚਾਹ" ਰਾਣੋ ਨੇ ਚਾਹ ਦਾ ਕਪ ਅਗੇ ਕਰਦਿਆਂ ਪਿਤਾ ਨੂੰ ਕਿਹਾ — ਉਹ ਆਪਣੀਆਂ ਸੋਚਾਂ ਵਿਚੋਂ ਨਿਕਲ ਕੇ ਘਬਰਾਇਆ ਜਿਹਾ ਉਠਕੇ ਬੈਠ ਗਿਆ, ਮੱਥੇ ਦਾ ਪਸੀਨਾ ਪੂੰਝਿਆ ਅਤੇ ਰਾਣੋ ਦੇ ਹੱਥੋਂ ਚਾਹ ਦਾ ਕਪ ਫੜ ਕੇ ਉਸਦੇ ਮੂੰਹ ਵਲ ਦੇਖਣ ਲਗਾ— ਉਸਨੂੰ ਰਾਣੋ ਦੇ ਚਿਹਰੇ ਵਿਚੋਂ ਡਾਕਟਰ ਜੂਲੀ ਦੀ ਨੁਹਾਰ ਨਜ਼ਰ ਆ ਰਹੀ ਸੀ। ◆◆◆

ਵਿਛੋੜੇ......

ਅਦਾਰਾ 'ਕਲਮ' ਦੁਖ ਤੇ ਸ਼ੋਕ ਪ੍ਰਗਟ ਕਰਦਾ ਹੈ ਪੰਜਾਬੀ ਦੇ ਹੇਠ ਲਿਖੇ ਪ੍ਰਸਿੱਧ ਕਲਮਕਾਰਾਂ ਦੇ ਸਦੀਵੀ ਵਿਛੋੜੇ ਤੇ :

ਪੰਜਾਬੀ ਦੇ ਹਰਮਨ ਪਿਆਰੇ ਅਗਾਂਹਵਧੂ ਕਵੀ ਪਿਆਰਾ ਸਿੰਘ ਸਹਿਰਾਈ, ਅਮਰੀਕਾ ਵਿਚ ਰਹਿ ਰਹੇ ਪ੍ਰਸਿੱਧ ਸਾਹਿਤਕਾਰ ਗਗਨ ਪਾਕਿਸਤਾਨੀ, ਮਸ਼ਹੂਰ ਨਾਟਕ-ਕਾਰ ਪੰਧੀ ਨਨਕਾਣਵੀ, ਨੌਜਵਾਨ ਕਵੀ ਸਵੀਤੋਜ ਅਤੇ ਗੁਰਬਚਨ ਸਿੰਘ ਤਾਂਘੀ।

—ਸੰਪਾਦਕ

ਪੰਜਾਬੀ ਨਾਵਲ ਉੱਤੇ ਨਾਨਕ ਸਿੰਘ ਦੀ ਛਾਪ

—ਪ੍ਰੋ: ਨਰਿੰਜਨ ਤਸਨੀਮ

ਨਾਵਲ ਨੂੰ ਸ਼ੁਰੂ ਤੋਂ ਹੀ ਤਿੰਨ ਤਰ੍ਹਾਂ ਦੇ ਸੰਕਟਾਂ ਦਾ ਸਾਮ੍ਹਣਾਂ ਕਰਨਾ ਪਿਆ ਹੈ। ਪਹਿਲਾ, ਬਿਰਤਾਂਤ ਦਾ ਸੰਕਟ। ਦੂਸਰਾ ਪਾਤਰ ਚਿਤ੍ਰਣ ਦਾ। ਅਤੇ ਤੀਸਰਾ ਪਾਠਕ ਨੂੰ ਕੋਈ ਨਾ ਕੋਈ ਸੋਝੀ ਪ੍ਰਦਾਨ ਕਰਨ ਦਾ। ਨਾਨਕ ਸਿੰਘ ਨੇ ਇਹਨਾਂ ਤਿੰਨਾਂ ਮਸਲਿਆਂ ਦਾ ਹਲ ਬੜੀ ਸੁਚੱਜਤਾ ਨਾਲ ਲੱਭਿਆ। ਸਭ ਤੋਂ ਵਧ ਧਿਆਣ ਉਸ ਨੇ ਕਥਾਨਕ ਵਲ ਦਿੱਤਾ। ਕਹਾਣੀ ਦਿਲਚਸਪ ਅਤੇ ਵਰਨਣ ਬੜੇ ਠਰ੍ਹਮੇ ਵਾਲਾ। ਤਕਨੀਕ ਪ੍ਰਤੀ ਪੂਰੀ ਜਾਣਕਾਰੀ। ਸ਼ੁਰੂ ਵਿਚ ਹੀ ਪਾਠਕ ਦਾ ਭਰੋਸਾ ਜਿੱਤ ਕੇ ਉਸ ਨੂੰ ਇਕ ਥਾਂ ਤੇ ਕੀਲ ਲੈਣਾ। ਨਾਟਕੀ ਐਸ਼ ਦਵਾਰਾ ਸਸਪੈਂਸ ਦਾ ਮਾਹੋਲ ਸ਼ੁਰੂ ਤੋਂ ਅਖੀਰ ਤੀਕ ਕਾਇਮ। ਬਿਤਾਂਤਕ ਪੈਂਤੜੇ ਮਨ—ਮੋਹਿਕ। ਸ਼ਬਦਾਂ ਦੀ ਚੋਣ ਦਿਲ—ਖਿਚਵੀਂ। ਇੰਜ ਹੀ ਪਾਤਰ—ਚਿਤ੍ਰਣ ਵਿਚ ਯਥਾਰਥ ਦਾ ਮਿਸ਼ਰਣ। ਪੂਰੀ ਦੀ ਪੂਰੀ ਸ਼ਖ਼ਸੀਅਤ ਰੂਪ—ਮਾਨ। ਚਲਦੇ ਫਿਰਦੇ ਵਿਅਕਤੀਆਂ ਦੀ ਤਸਵੀਰ, ਕੈਮਰੇ ਦੇ ਲੈਨਜ਼ ਵਿਚੋਂ ਝਲਕਦੀ। ਇਸ ਵਿਚ ਕਲਪਨਾ ਦੀ ਰੰਗਤ ਘੱਟ ਅਤੇ ਯਥਾਰਥ ਦੀ ਪੁੱਠ ਵਧੇਰੇ। ਸਮਾਜ ਦੇ ਹਰ ਵਰਗ ਦੇ ਵਿਅਕਤੀਆਂ ਦੀ ਤਰਜਮਾਨੀ। ਚੰਗੇ ਨੂੰ ਚੰਗਾ ਕਹਿਣ ਦੀ ਤਸੱਲੀ ਅਤੇ ਮੰਦੇ ਨੂੰ ਮੰਦਾ ਕਹਿਣ ਦਾ ਸਾਹਸ। ਸਮਾਜ ਦੀਆਂ ਤਰੁੱਟੀਆਂ ਉੱਤੇ ਫ਼ਲੈਸ਼—ਲਾਇਟ। ਆਪਣੇ ਰਸਤੇ ਤੋਂ ਭਟਕ ਚੁਕੇ ਪਾਤਰਾਂ ਦਾ ਪੱਥ—ਪ੍ਰਦਰਸ਼ਨ। ਚੰਗੇ ਕੰਮਾਂ ਦਾ ਚੰਗਾ ਅਤੇ ਮੰਦੇ ਕੰਮਾਂ ਦਾ ਮੰਦਾ ਪਰਿਣਾਮ। ਦੇਸ਼ ਦੀ ਖ਼ੁਸ਼ਹਾਲੀ ਸਭ ਤੋਂ ਵੱਡਾ ਮਨੋਰਥ। ਪਾਠਕਾਂ ਨੂੰ ਸੋਝੀ ਪ੍ਰਦਾਨ ਕਰਨਾ ਸਭ ਤੋਂ ਵੱਡਾ ਲਕਸ਼। ਨਾਵਲ ਇਕ ਦਰਪਣ ਗਲੀਆਂ ਬਾਜ਼ਾਰਾਂ ਵਿਚ ਘੁੰਮਦਾ ਹੋਇਆ।

ਨਾਨਕ ਸਿੰਘ ਦਾ ਪਹਿਲਾ ਨਾਵਲ ਮਤਰੇਈ ਮਾਂ 1928 ਵਿਚ ਛਪਿਆ ਅਤੇ ਆਖ਼ਰੀ ਨਾਵਲ ਗਗਨ ਦਮਾਮਾ ਬਾਜਿਆ 1968 ਵਿਚ। ਪੂਰੇ 40 ਸਾਲਾਂ ਦਾ ਵਕਫ਼ਾ। ਭਾਈ ਵੀਰ ਸਿੰਘ, ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਦੇ ਨਾਵਲਾਂ ਤੋਂ ਕਿਤੇ ਅੱਗੇ ਪੰਜਾਬੀ ਨਾਵਲ ਦਾ ਆਰੰਭ। ਸਹੀ ਅਰਥਾਂ ਵਿਚ ਪੰਜਾਬੀ ਨਾਵਲ ਦਾ ਜਨਮ। ਮੁਨਸ਼ੀ ਪ੍ਰੇਮ ਚੰਦ ਅਤੇ ਸਰਤ ਚੰਦਰ ਚੈਟਰਜੀ ਦੇ ਨਾਵਲਾਂ ਤੋਂ ਮਿਲੀ ਪ੍ਰੇਰਣਾ। ਕੁਝ ਵਿਦੇਸ਼ੀ ਨਾਵਲਾਂ ਦੇ ਅਨੁਵਾਦਾਂ ਰਾਹੀਂ ਨਾਵਲ ਕਲਾ ਪ੍ਰਤੀ ਪ੍ਰਾਪਤ ਸੋਝੀ। ਇੰਜ ਸ਼ੁਰੂ ਹੋਇਆ ਪੰਜਾਬੀ ਨਾਵਲ, ਪੂਰੇ ਜਲੌ ਨਾਲ, ਇਕ ਵਿਅਕਤੀ ਦੇ ਉੱਦਮ ਸਦਕਾ। ਡਿਕਨਜ਼ ਨੇ ਨਾਵਲ ਦੀ ਸਿਰਜਨਾ ਪ੍ਰਤੀ ਜੋ ਕੰਮ ਇੰਗਲੈਂਡ ਵਿਚ ਉੱਨੀਵੀ ਸਦੀ ਦੇ ਦੂਸਰੇ ਅੱਧ ਵਿਚ ਕੀਤਾ, ਉਹੀ ਕੰਮ ਨਾਨਕ ਸਿੰਘ ਨੇ ਏਥੇ ਭਾਰਤ ਦੇ ਇਕ ਪ੍ਰਾਂਤ ਪੰਜਾਬ ਵਿਚ ਕਰ ਦਿੱਤਾ। ਲੜੀਬੱਧ ਘਟਨਾਵਾਂ, ਸਮਾਂ ਆਪਣੀ ਸਿੱਧੀ ਚਾਲ ਚਲਦਾ ਹੋਇਆ। ਸਰਬੰਗ ਵਰਨਣ ਅਤੇ ਲੋੜ ਅਨੁਸਾਰ ਟੀਕਾ—ਟਿਪਣੀ। ਪਾਠਕ ਨਾਲ ਪੂਰੀ ਸਾਂਝ। ਜੀਵਨ ਵਿਚ ਸੰਤੁਲਨ ਦੀ ਭਾਲ ਅਤੇ ਸੁੰਦਰਤਾ ਨਾਲ ਮੋਹ। ਵਿਕਟੋਰੀਅਨ ਨਾਵਲ ਦਾ ਸਿਖਰ, ਪੰਜਾਬੀ ਨਾਵਲ ਦਾ ਆਗ਼ਾਜ਼। ਥੋੜੇ ਵਕਫ਼ੇ ਵਿਚ ਕਈ ਮੰਜ਼ਿਲਾ ਤੈਅ ਕਰ ਲਈਆਂ, ਪੰਜਾਬੀ ਨਾਵਲ ਨੇ। ਨਾਨਕ ਸਿੰਘ ਦੇ ਕੁਝ ਨਾਵਲ ਹਿੰਦੀ ਦੇ ਮੌਲਿਕ ਨਾਵਲਾਂ ਵਾਂਗ ਛਪਣ ਲੱਗੇ, ਚੋਰੀ ਛੁਪੇ ਤਰਜਮਾ ਹੋ ਕੇ, ਅਗਿਆਤ ਲੇਖਕਾਂ ਦੇ ਨਾਵਾਂ ਹੇਠ। ਹਿੰਦੀ ਨਾਵਲਾਂ ਤੋਂ ਪ੍ਰੇਰਿਤ ਹੋਣ ਵਾਲਾ ਨਾਵਲਕਾਰ ਹਿੰਦੀ ਦੇ ਪ੍ਰਸਿੱਧ ਨਾਵਲਕਾਰਾਂ ਦੇ ਸੰਗ ਜਾ ਖੜਾ ਹੋਇਆ, ਅਛੋਪਲੇ ਹੀ।

ਸਭ ਤੋਂ ਪਹਿਲਾ ਪੰਜਾਬੀ ਨਾਵਲਕਾਰ, ਜੋ ਨਾਨਕ ਸਿੰਘ ਦੇ ਨਾਵਲਾਂ ਤੋਂ ਪ੍ਰਭਾਵਿਤ ਹੋਇਆ, ਜਸਵੰਤ ਸਿੰਘ ਕੰਵਲ ਹੈ। ਉਸਨੇ 1946 ਵਿਚ ਆਪਣੇ ਪਹਿਲੇ ਨਾਵਲ *ਸੱਚ ਨੂੰ ਫਾਂਸੀ* ਨਾਲ ਪ੍ਰਵੇਸ਼ ਕੀਤਾ। ਕਹਾਣੀ ਦੀ ਗੋਂਦ ਬਾਰੇ ਪੂਰਾ ਸੁਚੇਤ, ਤਾਣਾ—ਪੇਟਾ ਕੱਸਵਾਂ, ਪਾਠਕਾਂ ਦੇ ਹੁੰਗਾਰੇ ਦੀ ਤਾਂਘ। ਬੇਸ਼ਕ, ਸ਼ਹਿਰੀ ਜੀਵਨ ਦੀ ਬਜਾਏ ਪੇਂਡੂ ਜੀਵਨ ਦਾ ਚਿਤ੍ਰਣ ਅਤੇ ਭਾਸ਼ਾ ਵੀ ਪਾਤਰਾਂ ਦੀ ਬੋਲ—ਚਾਲ ਦੇ ਮੁਤਾਬਿਕ। ਲੇਕਿਨ, ਪੂਰਣੇ ਉਹੀ — ਸੁਚੇਤ ਜਾ ਅਚੇਤ ਰੂਪ ਵਿਚ। ਇੰਜ ਗੁਰਦਿਆਲ ਸਿੰਘ ਦੇ ਨਾਵਲ, *ਮੜੀ ਦਾ ਦੀਵਾ* ਤੋਂ ਲੈਕੇ *ਪਰਸਾ* ਤਕ। ਕਹਾਣੀ ਪ੍ਰਧਾਨ ਕਥਾਨਕ, ਘਟਨਾਵਾਂ ਉੱਤੇ ਆਧਾਰਿਤ ਕਾਰਜ ਸਮੇਂ ਦੀ ਲੜੀ ਵਿਚ ਬਝਿਆ ਹੋਇਆ। ਗਤੀ—ਸ਼ੀਲ ਪਾਤਰ, ਵਧੇਰੇ ਕਰਕੇ

ਦਲਿਤ ਵਰਗ ਦੇ, ਆਪਣੇ ਪਿੱਛੋਕੜ ਦਾ ਅਨਿੱਖੜਵਾਂ ਭਾਗ। ਇਹ ਸਭ ਕੁਝ ਭਾਵੇਂ ਵਖਰੀ ਭਾਂਤ ਦਾ ਨਾਨਕ ਸਿੰਘ ਦੇ ਨਾਵਲਾਂ ਕੋਲੋਂ ਪਰ ਮੂਲ ਰੂਪ ਵਿਚ ਨਹੀਂ, ਬਲਕਿ ਵਿਸਥਾਰ ਵਿਚ। ਫੇਰ ਵੀ ਉਹੀ ਨੁਹਾਰ, ਉਹੀ ਪਹੁੰਚ–ਮਾਰਗ, ਉਹੀ ਵਰਲਡ–ਵਿਊ। ਅਨੇਕਾਂ ਹੀ ਹੋਰ ਨਾਵਲਕਾਰ, ਉਸੇ ਡਗਰ ਉਤੇ, ਚਲੱਣ ਵਾਲੇ, ਉਸੇ ਭਾਂਤ ਦੀ ਸੋਚ ਦੇ ਧਾਰਨੀ, ਆਪਣੀ ਗੱਲ ਪੂਰੇ ਵਿਸਥਾਰ ਨਾਲ ਬਿਆਨ ਕਰਨ ਲਈ, ਤੱਤਪਰ। ਜਜ਼ਬੇ ਨੂੰ ਪ੍ਰਥਮ ਸਥਾਨ ਦੇਣ ਵਾਲੇ, ਭਾਵਾਂ ਦੀ ਤਰਜਮਾਨੀ ਕਰਨ ਵਾਲੇ, ਆਪ ਕੋਮਲ–ਭਾਵੀ। ਪਾਠਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਨ ਦੇ ਚਾਹਵਾਨ, ਸੇਧ ਦੇਣ ਲਈ ਪੂਰੀ ਤਰ੍ਹਾਂ ਵਚਨ–ਬਧ । ਇਹਨਾਂ ਵਿਚ ਹਨ ਸੋਹਣ ਸਿੰਘ ਸੀਤਲ, ਸੁਰਿੰਦਰ ਸਿੰਘ ਜੋਹਰ, ਗੁਰਦੇਵ ਸਿੰਘ ਰੁਪਾਣਾ, ਗੁਰਬਚਨ ਸਿੰਘ ਭੁੱਲਰ, ਭੁਪਿੰਦਰ ਸਿੰਘ, ਜੋਗਿੰਦਰ ਸਿੰਘ ਕੈਰੋਂ, ਚੰਦਨ ਨੇਗੀ, ਬਚਿੰਤ ਕੌਰ, ਬਸੰਤ ਕੁਮਾਰ ਰਤਨ, ਰਾਜ ਕੁਮਾਰ ਗਰਗ, ਹਰਿੰਦਰ ਸਿੰਘ ਬਜਾਜ ਅਤੇ ਕੁਝ ਹੋਰ। ਨਾਵਲ ਦੀ ਪਰੰਪਰਾ ਨੂੰ ਸਮਝਣ ਵਾਲੇ, ਸੰਭਾਲਣ ਵਾਲੇ ਅਤੇ ਤੋਰਨ ਵਾਲੇ।

ਨਾਨਕ ਸਿੰਘ ਭਾਵਾਂ ਦਾ ਚਿਤੇਰਾ ਸੀ, ਕਾਵਿਕ ਰੁਚੀਆਂ ਦਾ ਧਾਰਨੀ, ਜਜ਼ਬਾਤ ਉੱਤੇ ਟੇਕ ਲਗਾਣ ਵਾਲਾ ("ਭਾਵਕ ਤਾਂ ਮੈਂ ਅੱਡੀ ਤੋਂ ਚੋਟੀ ਤਕ ਸਾਰੇ ਦਾ ਸਾਰਾ ਹਾਂ।") ਰੋਮਾਂਸਵਾਦੀ ਅਤੇ ਆਦਰਸ਼ਵਾਦੀ। ਜੀਵਨ ਦੀਆਂ ਜੱਟਿਲ ਸਮੱਸਿਆਵਾਂ ਦਾ ਹਲ ਕਈ ਵਾਰ ਮੌਕਾ–ਮੇਲ ਵਿਚੋਂ ਲਭ ਲੈਂਦਾ। ਇਸਤਰੀ ਜਾਤੀ ਦੇ ਦੁੱਖਾਂ ਨਾਲ ਪੂਰੀ ਸਾਂਝ, ਧਰਤੀ ਨਾਲ ਪੂਰੀ ਤਰ੍ਹਾਂ ਜੁੱੜਿਆ ਹੋਇਆ ਪਰ ਕਲਪਨਾ ਦੇ ਆਕਾਸ਼ ਵਿਚ ਉਡਾਰੀਆਂ ਮਾਰਨ ਵਾਲਾ। ਦੂਸਰੇ ਪਾਸੇ ਸਨ ਉਹ ਨਾਵਲਕਾਰ, ਪੰਜਾਬੀ ਜਗਤ ਵਿਚ, ਜੋ ਯਥਾਰਥ ਨੂੰ ਕਦੀ ਵੀ ਨਹੀਂ ਸਨ ਵਿਸਾਰਦੇ, ਹਮੇਸ਼ਾ ਉਸ ਦੇ ਹੀ ਅੰਗ–ਸੰਗ। ਜੀਵਨ ਦੇ ਹਨੇਰੇ ਕੋਨਿਆਂ ਉੱਤੇ ਟਿਕੀ ਨੀਝ ਅਤੇ ਸਮੱਸਿਆਵਾਂ ਦਾ ਦਾਰਸ਼ਨਿਕ ਹੱਲ। ਵਿਗਿਆਨਿਕ ਸੋਚ, ਮਨੋਵਿਗਿਆਨ ਨਾਲ ਪੂਰੀ ਸਾਂਝ। ਸ਼ਬਦਾਵਲੀ ਅਲੰਕਾਰਾਂ ਤੋਂ ਰਹਿਤ, ਸਪਾਟ ਅਤੇ ਸੰਖੇਪ। ਇਹਨਾਂ ਵਿਚੋਂ ਸਭ ਤੋਂ ਪਹਿਲਾਂ ਸੁਰਿੰਦਰ ਸਿੰਘ ਨਰੂਲਾ ਉੱਤੇ ਹੀ ਨਜ਼ਰ ਟਿਕਦੀ ਹੈ। ਇਹ ਗੱਲ ਵੀ 1946 ਦੀ ਹੈ ਜਦੋਂ *ਪਿਉ ਪੁੱਤਰ* ਪ੍ਰਕਾਸ਼ਿਤ ਹੋਇਆ। ਇੰਜ ਕਿਹਾ ਜਾ ਸਕਦਾ ਹੈ ਕਿ 1928 ਤੋਂ 1945 ਤਕ ਪੰਜਾਬੀ ਨਾਵਲ ਦੀ ਰੂਪ–ਰੇਖਾ ਨੂੰ ਉਘਾੜਨ ਦਾ ਸੰਬੰਧ ਵਧੇਰੇ ਕਰਕੇ ਨਾਨਕ ਸਿੰਘ ਦੀਆਂ ਰਚਨਾਵਾਂ ਨਾਲ ਹੀ ਰਿਹਾ। *ਪਿਉ–ਪੁਤਰ* ਦੇ ਪ੍ਰਕਾਸ਼ਿਤ ਹੋਣ ਨਾਲ ਪੰਜਾਬੀ ਨਾਵਲ ਵਿਚ ਮਹੱਤਵ–ਪੂਰਣ ਤਬਦੀਲੀ ਆਈ। ਗੱਲ ਉਹੀ ਹੋਈ ਜੋ ਅੰਗ੍ਰੇਜ਼ੀ ਨਾਵਲ ਦੇ ਵਿਕਾਸ ਸਮੇਂ ਹੋਈ ਸੀ। ਇਸ ਪਾਸੇ ਸੈਮੂਅਲ ਰਿਚਰਡਸਨ ਭਾਵਾਤਮਕ ਨਾਵਲਾਂ ਦਾ ਰਚੇਤਾ, ਦੂਸਰੇ ਪਾਸੇ ਹੈਨਰੀ ਫੀਲਡਿੰਗ ਯਥਾਰਥਵਾਦੀ ਨਾਵਲ ਨੂੰ ਹੋਂਦ ਵਿਚ ਲਿਆਉਣ ਵਾਲਾ। ਪਿਛਲੇ ਢਾਈ ਸੌ ਸਾਲਾਂ ਵਿਚ ਇਸ ਗੱਲ ਦਾ ਫ਼ੈਸਲਾ ਨਹੀਂ ਹੋ ਸਕਿਆ ਕਿ ਅੰਗ੍ਰੇਜ਼ੀ ਨਾਵਲ ਦਾ ਪਿਤਾਮਾ ਰਿਚਰਡਸਨ ਹੈ ਜਾਂ ਫ਼ੀਲਡਿੰਗ। ਇਸ ਸਥਿਤੀ ਨੂੰ ਅਨੁਭਵ ਕਰਦੇ ਹੋਏ ਲਿਗਵੀ ਕਜ਼ਾਮੀਆਂ ਨੇ 'ਹਿਸਟਰੀ ਆਫ਼ ਇੰਗਲਿਸ਼ ਲਿਟਰੇਚਰ' ਵਿਚ ਲਿਖਿਆ 'By the side of the novel of sentiment, realistic novel developed.' ਬਿਲਕੁਲ ਇਹੀ ਗੱਲ, ਸਾਡੇ ਦੋਹਾਂ ਨਾਵਲਕਾਰਾਂ ਦੇ ਰਚਨਾ ਕਾਲ ਵਿਚਲੇ ਫ਼ਰਕ ਨਾਲ, ਪੰਜਾਬੀ ਨਾਵਲ ਦੇ ਵਿਕਾਸ ਸਮੇਂ ਵਾਪਰੀ। ਨਾਨਕ ਸਿੰਘ ਦੇ 'ਨਾਵਲ ਆਫ਼ ਸੈਨਟੀਮੈਂਟ' ਦੇ ਲੱਗਭੱਗ ਦੋ ਦਹਾਕੇ ਬਾਅਦ ਨਰੂਲਾ ਦਾ 'ਰਿਅਲਿਸਟਿਕ ਨਾਵਲ' ਹੋਂਦ ਵਿਚ ਆਇਆ। ਅੰਗ੍ਰੇਜ਼ੀ ਨਾਵਲ ਵਿਚ ਇਹਨਾਂ ਦੋ ਭਾਂਤਾਂ ਦੀਆਂ ਰੁਚੀਆਂ ਵਿਚ ਕੇਵਲ ਦੋ ਸਾਲਾਂ ਦਾ ਫ਼ਰਕ ਹੈ।

ਪਿਛਲੀ ਅੱਧੀ ਸਦੀ ਤੋਂ ਸੁਰਿੰਦਰ ਸਿੰਘ ਨਰੂਲਾ ਰਚਿਤ *ਪਿਉ ਪੁਤਰ* ਦਾ ਪੰਜਾਬੀ ਨਾਵਲਕਾਰਾਂ ਉੱਤੇ ਪ੍ਰਭਾਵ ਨਿਰੰਤਰ ਦੇਖਿਆ ਜਾ ਸਕਦਾ ਹੈ। ਭਾਵੁਕਤਾ ਦੀ ਥਾਵੇਂ ਯਥਾਰਥ ਨਾਲ ਜੁੜਨ ਦੀ ਤਾਂਘ ਪੰਜਾਬੀ ਨਾਵਲਕਾਰਾਂ ਵਿਚ ਕਾਫ਼ੀ ਪ੍ਰਬਲ ਰਹੀ ਹੈ। ਰੋਮਾਂਸ ਦਾ ਪਰਦਾ ਹਟਾ ਕੇ ਹਕੀਕਤ ਦੇ ਰੂਬਰੂ ਹੋਣਾ ਨਿਰਸੰਦੇਹ ਇਕ ਸ਼ਲਾਘਾਯੋਗ ਉੱਦਮ ਸੀ। ਇਹੀ ਉੱਦਮ ਸੰਤ ਸਿੰਘ ਸੇਖੋਂ ਨੇ ਆਪਣੇ ਪਲੇਠੀ ਦੇ ਨਾਵਲ *ਲਹੂ ਮਿੱਟੀ* ਵਿਚ ਕੀਤਾ ਜੋ ਲਿਖਿਆ ਤਾਂ ਸ਼ਾਇਦ 1946 ਤੋਂ ਵੀ ਪਹਿਲਾਂ ਗਿਆ ਸੀ ਪਰ ਛਪਿਆ ਕਾਫ਼ੀ ਸਾਲ ਬਾਅਦ। ਇਹਨਾਂ ਦੋਹਾਂ ਨਾਵਲਾਂ ਦਾ ਵਿਸ਼ਾ ਅਲੱਗ ਅਲੱਗ ਹੈ, ਪਿੱਠ–ਭੂਮੀ ਵੀ ਵਖਰੀ ਭਾਂਤ ਦੀ ਹੈ, ਜੀਵਨ ਪ੍ਰਤੀ ਦ੍ਰਿਸ਼ਟੀਕੋਣ ਦਾ ਫ਼ਰਕ ਵੀ ਕਾਇਮ ਹੈ ਪਰ ਇਹਨਾਂ ਦੀ ਆਪਣੇ ਆਪਣੇ ਵਿਸ਼ੇ ਪ੍ਰਤੀ ਪਹੁੰਚ ਯਥਾਰਥਵਾਦੀ ਹੈ, ਯਾਨੀ ਕਲਪਨਾ ਦੀ ਰੰਗਤ ਤੋਂ ਬਿਨਾਂ ਜੀਵਨ ਦੀਆਂ ਤਲਖ਼ ਹਕੀਕਤਾਂ ਦੇ ਸਨਮੁੱਖ ਹੋਣਾ ਅਤੇ ਇਹਨਾਂ ਨਾਲ ਜੂਝਣਾ। ਸ਼ਬਦਾਂ ਦੇ ਜਾਦੂ ਤੋਂ ਸੰਕੋਚ, ਆਤਮਪਰਕਤਾ ਦੀ ਥਾਵੇਂ ਵਾਸਤਵਿਕਤਾ, ਜੀਵਨ ਪ੍ਰਤੀ ਨਜ਼ਰੀਆ ਸਰਵਵਿਆਪਕ।

ਇਹ ਨਾਵਲਕਾਰ ਆਪਣੇ ਚੌਗਿਰਦੇ ਨਾਲ ਪੂਰੀ ਤਰ੍ਹਾਂ ਜੁੜੇ ਹੁੰਦੇ ਹਨ ਅਤੇ ਇਹਨਾਂ ਦਾ ਮਨੋਰਥ ਯਥਾਰਥ ਨੂੰ ਰੂਪਮਾਨ ਕਰਨਾ ਹੁੰਦਾ ਹੈ। ਭਾਸ਼ਾ ਸਪਾਟ, ਬਲਕਿ ਪਾਠਕ ਨੂੰ ਝੰਜੋੜ ਦੇਣ ਵਾਲੀ ਅਤੇ ਸ਼ੈਲੀ ਚਕ੍ਰਿਤ ਕਰ ਦੇਣ ਵਾਲੀ। ਯਥਾਰਥਵਾਦੀ ਨਾਵਲਕਾਰਾਂ ਵਿਚ ਜਿਨ੍ਹਾਂ ਦੇ ਨਾਂ ਲਏ ਜਾ ਸਕਦੇ ਹਨ, ਉਹਨਾਂ ਵਿਚੋਂ ਕੁਝ ਇਸ ਪ੍ਰਕਾਰ ਹਨ — ਸੰਤੋਖ ਸਿੰਘ ਧੀਰ, ਹਰਨਾਮ ਦਾਸ ਸਹਿਰਾਈ, ਰਾਮ ਸਰੂਪ ਅਣਖੀ, ਮਹਿੰਦਰ ਸਿੰਘ ਸਰਨਾ, ਗਿਆਨੀ ਕੇਸਰ ਸਿੰਘ, ਇੰਦਰ ਸਿੰਘ ਖ਼ਾਮੋਸ਼, ਅਮਰਜੀਤ ਸਿੰਘ, ਕਰਮਜੀਤ ਸਿੰਘ ਕੁੱਸਾ, ਓਮ ਪ੍ਰਕਾਸ਼ ਗਾਸੋ, ਮਿੱਤਰ ਸੈਨ ਮੀਤ, ਬੂਟਾ ਸਿੰਘ, ਯਾਦਵਿੰਦਰ ਸਿਘ ਤਪਾ, ਜਗਰੂਪ ਸਿੰਘ ਬਰੌਂਗ, ਦਲੀਪ ਸਿੰਘ ਆਦਿ।

ਏਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹਨਾਂ ਯਥਾਰਥਵਾਦੀ ਨਾਵਲਕਾਰਾਂ ਉੱਤੇ ਨਾਨਕ ਸਿੰਘ ਦੀ ਕਿੰਨੀ ਕੁ ਛਾਪ ਹੈ। ਬੇਸ਼ੱਕ, ਭਾਵਾਤਮਕ ਰਚਨਾਵਾਂ ਅਤੇ ਯਥਾਰਥਕ ਰਚਨਾਵਾਂ ਵਿਚ ਅੰਤਰ-ਵਿਰੋਧ ਹੁੰਦਾ ਹੈ। ਇਕ ਪਾਸੇ ਆਦਰਸ਼ਵਾਦ ਅਤੇ ਰੋਮਾਂਸਵਾਦ ਦਾ ਮਿਸ਼ਰਨ, ਦੂਸਰੇ ਪਾਸੇ ਵਿਚਾਰਾਂ ਦੀ ਗੰਭੀਰਤਾ ਅਤੇ ਤਾਰਕਿਕ ਤੇ ਵਿਗਿਆਨਿਕ ਦ੍ਰਿਸ਼ਟੀ। ਸੰਤ ਸਿੰਘ ਸੇਖੋਂ ਦਾ ਕਥਨ ਹੈ ਕਿ ਮੁਢਲੇ ਸਮਿਆਂ ਤੋਂ ਮਨੁੱਖ ਵਾਸਤਵ ਨੂੰ ਆਦਰਸ਼ਵਾਦੀ ਸ਼ੀਸ਼ਿਆਂ ਰਾਹੀਂ ਦੇਖਦਾ ਰਿਹਾ ਹੈ, ਜਦ ਕਿ ਯਥਾਰਥਵਾਦ ਵਾਸਤਵ ਨੂੰ ਸਭਨਾਂ ਪਾਸਿਆਂ ਤੋਂ ਚੇਤਨ ਹੋਕੇ ਸਮਝਣ ਤੇ ਵਰਨਨ ਕਰਨ ਦੀ ਮੰਗ ਕਰਦਾ ਹੈ। ਉਹਦੇ ਅਨੁਸਾਰ, ਨਾਨਕ ਸਿੰਘ ਦਾ ਚਿੰਤਨ ਵਿਅਕਤੀਵਾਦੀ ਆਦਰਸ਼ਵਾਦੀ ਹੈ ਅਤੇ ਉਹ ਸਮਝਦਾ ਹੈ ਕਿ ਮਨੁੱਖ ਨੂੰ ਉਸਦਾ ਸਮਾਜਕ ਪ੍ਰਸੰਗ ਬਦਲਨ ਤੋਂ ਬਿਨਾਂ ਹੀ ਬਦਲਿਆ ਜਾ ਸਕਦਾ ਹੈ। ਅੱਗੇ ਚਲ ਕੇ ਸੇਖੋਂ ਲਿਖਦਾ ਹੈ — "ਸੱਚ ਤਾਂ ਇਹ ਹੈ ਕਿ ਨਾਨਕ ਸਿੰਘ ਕਿਸੇ ਵਾਸਤਵਿਕ ਘਟਨਾ — ਪ੍ਰਬੰਧ ਨੂੰ ਆਪਣੀ ਕਥਾ ਦਾ ਵਸਤੂ ਨਹੀਂ ਬਣਾਂਦਾ, ਉਹ ਦੇਸ਼ ਦੀ ਸਮੁੱਚੀ ਸਥਿਤੀ ਵਿਚ ਕਿਸੇ ਇਕ ਜਾਂ ਵਧ ਅੰਸ਼ਾਂ ਨੂੰ ਚੁਣ ਕੇ ਉਨ੍ਹਾਂ ਉਦਾਲੇ ਇਕ ਘਟਨਾ-ਪ੍ਰਬੰਧ ਉਸਾਰਦਾ ਹੈ।" ਦੂਸਰੇ ਪਾਸੇ ਸਵਿੰਦਰ ਸਿੰਘ ਉੱਪਲ ਦਾ ਵਿਚਾਰ ਹੈ — "ਨਾਨਕ ਸਿੰਘ ਨੇ ਯਥਾਰਥਕ ਪੰਜਾਬੀ ਨਾਵਲ ਦੇ ਵਿਕਾਸ ਵਿਚ ਕਾਫ਼ੀ ਸਹਾਇਤਾ ਕੀਤੀ ਹੈ। ਆਪਣੇ ਤੋਂ ਪਹਿਲੇ ਆਦਰਸ਼ਵਾਦੀ ਨਾਵਲਕਾਰਾਂ ਅਤੇ ਪਿਛਲੇ ਯਥਾਰਥਵਾਦੀ ਨਾਵਲਕਾਰਾਂ ਵਿਚਕਾਰ ਨਾਨਕ ਸਿੰਘ ਇਕ ਪੁਲ ਦੇ ਨਿਆਈ ਹੈ। .... ਇਹ ਨਾਨਕ ਸਿੰਘ ਦੀ ਯਥਾਰਥਕ ਦ੍ਰਿਸ਼ਟੀ ਦੀ ਹੀ ਸਮਰੱਥਾ ਹੈ ਕਿ ਉਹ ਗਲਪਕ ਸੱਚ ਨੂੰ ਦੁਨੀਆਵੀ ਸੱਚ ਵਿਚ ਪਲਟ ਲੈਂਦਾ ਹੈ।" ਏਥੇ ਦਿਲਚਸਪ ਗੱਲ ਇਹ ਹੈ ਕਿ ਸੰਤ ਸਿੰਘ ਸੇਖੋਂ ਵੀ ਕਿਸੇ ਹੋਰ ਢੰਗ ਨਾਲ ਇਕ ਐਸੇ ਸਿੱਟੇ 'ਤੇ ਪੁਜਦਾ ਹੈ ਜੋ ਇਸ ਬਹਿਸ ਨੂੰ ਦਿਸ਼ਾ ਪ੍ਰਦਾਨ ਕਰ ਜਾਂਦਾ ਹੈ — "ਉਪਰੋਕਤ ਸਾਰੇ ਅਪਵਾਦਾਂ ਦੇ ਸਨਮੁੱਖ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਾਨਕ ਸਿੰਘ ਸਾਡੀ ਬੋਲੀ ਦਾ ਹੀ ਨਹੀਂ ਸਾਡੇ ਦੇਸ਼ ਭਾਰਤ ਦਾ ਇਕ ਮਹਾਨ ਨਾਵਲਕਾਰ ਹੈ.....ਉਸਨੇ ਸਾਡੀ ਮੱਧ-ਸ਼੍ਰੇਣੀ ਦੇ ਇਤਨੇ ਘਰਾਂ ਦੇ ਚਿਤਰ, ਤੇ ਉਹ ਵੀ ਬੜੇ ਵਿਸਥਾਰ ਨਾਲ, ਪੇਸ਼ ਕੀਤੇ ਹਨ ਕਿ ਉਸਦੀ ਸਾਰੀ ਉਪਭਾਵਕਤਾ ਤੇ ਆਦਰਸ਼ਕਤਾ ਦੇ ਬਾਵਜੂਦ ਇਸ ਦੇ ਵਾਸਤਵ ਦੇ ਬਹੁਤ ਘੱਟ ਤੱਥ ਉਸ ਤੋਂ ਲੁਕੇ ਰਹਿ ਸਕੇ ਹਨ। ਉਸ ਦੀ ਕਿਰਤ ਦਾ ਆਕਾਰ ਵਿਰਾਟ ਹੈ ਭਾਵੇਂ ਇਹ ਸਮਾਜਕ ਯਥਾਰਥ ਦੇ ਖੇਤਰ ਦੇ ਇਕ ਭਾਗ ਤਕ ਹੀ ਸੀਮਿਤ ਹੈ।"

ਸਠਵਿਆਂ ਵਿਚ ਪੰਜਾਬੀ ਨਾਵਲ ਇਕ ਨਵਾਂ ਮੋੜ ਮੁੜ ਗਿਆ। ਕੁਝ ਨਾਵਲਕਾਰਾਂ ਨੇ ਦੇਖਿਆ ਕਿ ਪੱਛਮ ਵਿਚ ਨਾਵਲ ਪੁਰਾਣੀਆਂ ਲੀਹਾਂ ਨੂੰ ਛੱਡ ਕੇ ਨਵੇਂ ਤਜਰਬਿਆ ਵਿਚੋਂ ਲੰਘ ਰਿਹਾ ਹੈ, ਜਿਵੇਂ ਕਿ ਮਨੋਵਿਗਿਆਨਕ ਨਾਵਲ, ਚੇਤਨਤਾ-ਪ੍ਰਵਾਹ ਨਾਵਲ ਅਤੇ ਪਵਾਇੰਟ ਆਫ਼ ਵਿਊ ਨਾਵਲ। ਇੰਜ ਹੀ ਕੁਝ ਅਦਲਾ-ਬਦਲੀ ਨਾਲ ਨਾਵਲ ਨੇ ਅਨੇਕਾਂ ਰੂਪ ਧਾਰ ਲਏ ਹਨ। ਕਹਾਣੀ ਗੁੰਮ ਹੁੰਦੀ ਜਾ ਰਹੀ ਹੈ, ਪਾਤਰਾਂ ਦਾ ਵਿਸਥਾਰ ਅਨਿਸ਼ਚਿਤ ਰੂਪ ਵਿਚ ਹੋ ਰਿਹਾ ਹੈ। ਸ਼ੈਲੀ ਵਿਚ ਕਾਵਿਕ ਤੱਤ ਵਧੇਰੇ ਆ ਗਿਆ ਹੈ ਅਤੇ ਇਸ ਵਿਚ ਹੁਣ ਅਲੰਕਾਰਾਂ ਦੀ ਵਰਤੋਂ ਵਧਦੀ ਜਾ ਰਹੀ ਹੈ। ਫ਼ਿਕਰੇ ਆਪਣਾ ਵਿਆਕਰਣਿਕ ਆਕਾਰ ਗਵਾ ਬੈਠੇ ਹਨ। ਸ਼ਬਦਾਂ ਦਾ ਜਾਦੂ ਪਾਠਕਾਂ ਨੂੰ ਨਵੀਂ ਸੰਵੇਦਨਾ ਤੋਂ ਜਾਣੂ ਕਰਵਾ ਰਿਹਾ ਹੈ। ਨਾਵਲਕਾਰ ਆਪਣੀ ਰਚਨਾ ਵਿਚੋਂ ਰੂਪੋਸ਼ ਹੁੰਦਾ ਜਾ ਰਿਹਾ ਹੈ। ਹੌਲੀ ਹੌਲੀ ਉਹ ਪਰਦੇ ਦੇ ਪਿੱਛੇ ਚਲਾ ਗਿਆ ਹੈ ਜਾਂ ਸ਼ਾਇਦ ਮਰ ਮੁੱਕ ਗਿਆ ਹੈ। ਹੁਣ ਤਾਂ ਉਹਦੀ ਹੂੰ-ਹਾਂ ਵੀ ਸੁਣਾਈ ਨਹੀਂ ਦਿੰਦੀ। ਇਕ ਵਾਤਾਵਰਨ ਹੈ ਜੋ ਨਾਵਲ ਤੇ ਸਫ਼ਿਆਂ ਉਤੇ ਆਪਣਾ ਤਸੱਲਤ ਜਮਾ ਰਿਹਾ ਹੈ। ਮੂਕ ਅਹਿਸਾਸ ਅਤੇ ਅਵਿਕਸਿਤ ਖ਼ਿਆਲ ਆਪਣਾ ਰੰਗ ਜਮਾ ਰਹੇ ਹਨ। ਦੇਖਦਿਆਂ ਹੀ ਦੇਖਦਿਆਂ ਕਰਤਾਰ ਸਿੰਘ ਦੁੱਗਲ ਦੇ ਨਾਵਲਾਂ ਨੇ ਪੰਜਾਬੀ ਨਾਵਲ ਨੂੰ ਨਵੇਂ ਆਯਾਮ ਪ੍ਰਦਾਨ ਕੀਤੇ। ਇਸ ਨੂੰ ਮਾਡਰਨ

ਸੈਨਸੀਬਿਲਿਟੀ ਤੋਂ ਜਾਣੂ ਕਰਵਾਇਆ। ਕਾਵਿਕ ਸ਼ਬਦਾਵਲੀ ਨੂੰ ਸੂਖਮ ਭਾਵਾਂ ਦੀ ਤਰਜਮਾਨੀ ਵਜੋਂ ਵਰਤਿਆ। *ਇਕ ਦਿਲ ਵਿਕਾਊ ਹੈ* ਦਵਾਰਾ ਪੰਜਾਬੀ ਨਾਵਲ ਨੇ ਆਧੁਨਿਕ ਦੌਰ ਵਿਚ ਪ੍ਰਵੇਸ਼ ਕੀਤਾ। ਇੰਜ ਹੀ ਅੰਮ੍ਰਿਤਾ ਪ੍ਰੀਤਮ ਦੇ ਨਾਵਲ ਕਵਿਤਾ ਦਾ ਰੂਪ ਧਾਰ ਗਏ ਜਿਵੇਂ ਕਿ ਵਰਜੀਨੀਆ ਵੂਲਫ਼ ਦੇ 'ਮਿਸਿਜ਼ ਡੇਲੋਵੇ' ਵਰਗੇ ਨਾਵਲਾਂ ਬਾਰੇ ਕਿਹਾ ਜਾਂਦਾ ਹੈ। ਅਜੀਤ ਕੌਰ ਨੇ ਮਨੋ–ਵਿਸ਼ਲੇਸ਼ਣ ਰਾਹੀਂ ਮਨੁੱਖੀ ਜਜ਼ਬਾਤ ਦੀ ਮੌਸੀਕੀ ਨੂੰ ਉਭਾਰਿਆ।

ਸੁਰਜੀਤ ਸਿੰਘ ਸੇਠੀ ਦੇ ਨਾਵਲ ਇਕ ਖ਼ਾਲੀ ਪਿਆਲਾ ਵਿਚ ਚੇਤਨਤਾ ਦੀ ਲਹਿਰ ਨੂੰ ਦ੍ਰਸਾਉਣ ਲਈ ਪਹਿਲੀ ਸੁਚੇਤ ਕੋਸ਼ਿਸ਼ ਕੀਤੀ ਗਈ। ਨਰਿੰਦਰਪਾਲ ਸਿੰਘ ਨੇ ਆਪਣੇ ਨਾਵਲਾਂ ਵਿਚ ਆਧੁਨਿਕ ਜੀਵਨ ਦੀਆਂ ਮਾਨਸਿਕ ਗੁੰਝਲਾਂ ਤੋਂ ਪੰਜਾਬੀ ਪਾਠਕ ਨੂੰ ਜਾਣੂ ਕਰਵਾਇਆ। ਦਲੀਪ ਕੌਰ ਟਿਵਾਣਾ ਆਪਣੇ ਵਿਲੱਖਣ ਅੰਦਾਜ਼ ਵਿਚ ਕਹਾਣੀ ਸੁਣਾਂਦੀ ਸੁਣਾਂਦੀ ਪਾਤਰਾਂ ਦੇ ਉਪਚੇਤਨ ਮਨ ਵਿਚ ਬੜੀ ਅਸਾਨੀ ਨਾਲ ਉਤਰ ਗਈ। ਸੁਖਬੀਰ ਨੇ ਮਹਾਨਗਰੀ ਜੀਵਨ ਦੇ ਵਿਭਿੰਨ ਪਰਿਪੇਖ ਆਪਣੇ ਪਾਠਕਾਂ ਦੇ ਦ੍ਰਿਸ਼ਟੀ–ਗੋਚਰ ਕੀਤੇ। ਮਨਜੀਤ ਰਾਣਾ ਨੇ ਨਾਟਕੀ ਮਾਨੋਲਾਗ ਵਾਲੀ ਤਕਨੀਕ ਰਾਹੀਂ ਆਪਣੇ ਮੁੱਖ ਪਾਤਰਾਂ ਦੀ ਮਾਨਸਿਕ ਅਵਸਥਾ ਨੂੰ ਅੰਕਿਤ ਕੀਤਾ। ਇੰਜ ਹੀ ਇਹਨਾਂ ਸਤਰਾਂ ਦੇ ਲੇਖਕ ਨੇ ਆਂਤ੍ਰਿਕ ਮਨ–ਬਚਨੀ ਦਵਾਰਾ ਪਾਤਰਾਂ ਦੇ ਮਾਨਸਿਕ ਦਵੰਧ ਨੂੰ ਸ਼ਬਦਾਂ ਦਾ ਰੂਪ ਦਿੱਤਾ। ਪੰਜਾਬੀ ਨਾਵਲ ਨੂੰ ਭਾਵਾਂ ਦੀ ਸੂਖਮਤਾਂ ਤੋਂ ਰੂਸ਼ਨਾਸ ਕਰਨ ਲਈ ਮੋਹਨ ਕਾਹਲੋਂ ਨੇ ਕੁਝ ਵਧੀਆ ਨਾਵਲਾਂ ਦੀ ਸਿਰਜਣਾ ਕੀਤੀ। ਮਹੀਪ ਸਿੰਘ ਨੇ ਆਪਣੇ ਨਾਵਲ *ਇਹ ਵੀ ਨਹੀ* ਵਿਚ ਅਜੋਕੇ ਸਮਾਜਕ ਢਾਂਚੇ ਵਿਚ ਪਈਆਂ ਤ੍ਰੇੜਾਂ ਅਤੇ ਘਰੇਲੂ ਜੀਵਨ ਖਿਚਾਅ ਨੂੰ ਮਹਾਨਗਰੀ ਚਿੱਤਰ–ਪੱਟ ਉਤੇ ਰੂਪਮਾਨ ਕੀਤਾ। ਇੱਸੇ ਸਿਲਸਿਲੇ ਵਿਚ ਕਈ ਹੋਰ ਨਾਂ ਜੋ ਉਭਰ ਕੇ ਸਾਮ੍ਹਣੇ ਆਉਂਦੇ ਹਨ, ਉਹਨਾਂ ਵਿਚ ਸ਼ਾਮਿਲ ਹਨ – ਗੁਰਮੁੱਖ ਸਿੰਘ ਜੀਤ, ਸਵਿੰਦਰ ਸਿੰਘ ਉੱਪਲ, ਸਵਰਨ ਚੰਦਨ, ਭੁਪਿੰਦਰ ਸਿੰਘ, ਮਹਿੰਦਰਜੀਤ, ਸ. ਸੋਜ਼, ਕੇਵਲ ਸੂਦ, ਜਸਵੰਤ ਸਿੰਘ ਵਿਰਦੀ, ਪ੍ਰੀਤਮ ਸਿੱਧੂ, ਅਜੀਤ ਰਾਹੀ।

ਇਹ ਸਭ ਕੁਝ, ਕਿਸੇ ਹੱਦ ਤੀਕ, ਨਾਨਕ ਸਿੰਘ ਦੇ ਨਾਵਲਾਂ ਤੋਂ ਮਿਲੀ ਪ੍ਰੇਰਣਾ ਸਦਕਾ ਹੋ ਸਕਿਆ। ਉਸ ਨੇ ਕੁਝ ਹੋਰ ਰਚਨਾਵਾਂ ਤੋਂ ਇਲਾਵਾ *ਪਵਿੱਤਰ ਪਾਪੀ* ਵਿਚ ਮਨ–ਬਚਨੀ ਦਵਾਰਾ ਮਨੁੱਖੀ ਮਨ ਦੇ ਦਵੰਧ ਨੂੰ ਉਲੀਕਣ ਦਾ ਰਾਹ ਦ੍ਰਸਾਇਆ। ਇਹ ਗੱਲ ਉਂਜ ਤਾਂ ਪੈਰਾਡੋਕਸ ਵਾਂਗ ਲਗਦੀ ਹੈ ਕਿ ਪ੍ਰਮੁੱਖ ਤੌਰ 'ਤੇ ਪਰੰਪਰਾਵਾਦੀ ਨਾਵਲ ਦਾ ਰਚੇਤਾ ਆਪਣੀਆਂ ਲਿਖਤਾਂ ਰਾਹੀਂ ਆਧੁਨਿਕਤਾਵਾਦੀ ਨਾਵਲ ਉੱਤੇ ਵੀ ਆਪਣੀ ਛਾਂਪ ਛੱਡ ਜਾਏ। ਉਂਜ ਇਸ ਦੀ ਮਿਸਾਲ ਅੰਗ੍ਰੇਜ਼ੀ ਨਾਵਲ ਦੇ ਪਿਤਾਮਾ ਸੈਮੂਅਲ ਰਿਚਰਡਸਨ ਦੇ ਨਾਵਲਾਂ ਤੋਂ ਵੀ ਮਿਲਦੀ ਹੈ। ਰਿਚਰਡਸਨ ਦੇ ਨਾਵਲਾਂ ਦਾ ਆਧਾਰ ਮਨੁੱਖੀ ਜਜ਼ਬਾਤ ਸਨ। ਦੂਸਰੇ ਲਫ਼ਜ਼ਾਂ ਵਿਚ ਕਿਹਾ ਜਾ ਸਕਦਾ ਹੈ ਕਿ ਉਸ ਨੇ 'ਨਾਵਲ ਆਫ਼ ਸੈਨਟੀਮੈਂਟ' ਨੂੰ ਜਨਮ ਦਿੱਤਾ। ਇਹ ਗੱਲ ਅਠ੍ਹਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਵਾਪਰੀ। ਇਸ ਤੋਂ ਲੱਗਭੱਗ ਦੋ ਸੌ ਸਾਲ ਬਾਅਦ ਇੰਗਲੈਂਡ ਵਿਚ ਡੋਰੋਥੀ ਰਿਚਰਡਸਨ, ਵਰਜੀਨੀਆ ਵੂਲਫ਼ ਅਤੇ ਜੇਮਜ਼ ਜਾਇਸ ਨੇ ਆਪਣੀਆਂ ਗਲਪ–ਰਚਨਾਵਾਂ ਵਿਚ ਚੇਤਨਤਾ–ਪ੍ਰਵਾਹ ਤਕਨੀਕ ਦੇ ਕਿਸੇ ਨਾ ਕਿਸੇ ਪੱਖ ਨੂੰ ਅਪਣਾਇਆ। ਇਹ ਇਸ ਲਈ ਹੋ ਸੱਕਿਆ ਕਿ ਸੈਮੂਅਲ ਰਿਚਰਡਸਨ ਨਾਵਲ ਦੀ ਇਸ ਫ਼ਾਰਮ ਲਈ ਆਪਣੇ ਢੰਗ ਨਾਲ ਰਾਹ ਦ੍ਰਸਾ ਗਿਆ ਸੀ। ਬੇਸ਼ੱਕ ਆਧੁਨਿਕਤਾਵਾਦੀ ਨਾਵਲ ਜਿਸ ਦਾ ਪ੍ਰਮੁੱਖ ਲੱਛਣ ਆਂਤ੍ਰਿਕ ਮਨ–ਬਚਨੀ ਹੀ ਹੈ, ਮਾਡਰਨ ਸੈਨਸੀਬਿਲਿਟੀ ਦੀ ਤਰਜਮਾਨੀ ਕਰਦਾ ਹੈ। ਇਸ ਲਿਹਾਜ਼ ਨਾਲ ਇਹ ਨਾਵਲ ਰਿਚਰਡਸਨ ਦੇ 'ਨਾਵਲ ਆਫ਼ ਸੈਨਟੀਮੈਂਟ' ਦੇ ਬਹੁਤ ਨੇੜੇ ਹੈ।

ਦਿਲਚਸਪ ਗੱਲ ਇਹ ਹੈ ਕਿ ਅੱਜ ਤੋਂ ਪੱਚੀ ਸਾਲ ਪਹਿਲਾਂ, ਯਾਨੀ 1972 ਵਿਚ ਮੈਂ ਆਪਣੇ ਇਕ ਆਲੋਚਨਾਤਮਕ ਲੇਖ *ਪਰੰਪਰਾਗਤ ਨਾਵਲ ਤੋਂ ਚੇਤਨਤਾ ਨਾਵਲ ਤਕ* 'ਸੁਚੇਤਨਾਂ ਅੰਕ' ਵਿਚ ਲਿਖਿਆ ਸੀ – "ਇਹ ਗੱਲ ਭਾਵੇਂ ਕੁਝ ਅਜੀਬ ਲਗਦੀ ਹੈ ਪਰ ਪੰਜਾਬੀ ਨਾਵਲ ਵਿਚ ਚੇਤਨਤਾ–ਪ੍ਰਵਾਹ ਨਾਵਲ ਦੀ ਨੀਂਹ ਅਚੇਤ ਤੌਰ ਤੇ ਨਾਨਕ ਸਿੰਘ ਨੇ ਹੀ ਰੱਖ ਦਿੱਤੀ ਸੀ। *ਪਵਿੱਤਰ ਪਾਪੀ* ਵਿਚ ਕਿਦਾਰ, ਵੀਣਾ ਨੂੰ ਪਿਆਰ ਕਰਦਾ ਹੈ ਪਰ ਇਸ ਹਕੀਕਤ ਨੂੰ ਸਵੀਕਾਰ ਕਰਨ ਤੋਂ ਭੈਭੀਤ ਹੈ। ਉਸ ਦੇ ਮਨ ਵਿਚ ਕੋਈ ਸੂਲ ਉੱਗ ਆਈ ਹੇ ਅਤੇ ਇਹ ਸੂਲ ਦਿਨ ਰਾਤ ਉਸ ਨੂੰ ਰੜਕਦੀ ਹੈ – "ਵੀਣਾ.... ਕਿਉਂ ਇਹ ਇਤਨੀ ਛੇਤੀ ਛੇਤੀ ਮੇਰੇ ਖ਼ਿਆਲਾਂ ਵਿਚ ਫੈਲਦੀ ਜਾ ਰਹੀ ਹੈ? ਕੀ ਮੈਂ ਉਸ ਨੂੰ ਚਾਹੁੰਦਾ ਹਾਂ? ਉਸ ਨੂੰ ਪਿਆਰ ਕਰਦਾ ਹਾਂ – ਪਰ .... ਪਰ ਇਹ ਪਿਆਰ ਕਿਹੋ ਜਿਹਾ ਅਸਰ ਕਰ ਰਿਹਾ ਹੈ ਮੇਰੇ ਉੱਤੇ? ......ਉਫ਼! ਕੋਈ ਸਮਝਾਏ ਮੈਨੂੰ ਇਹ

ਗ਼ਜ਼ਲਾਂ

—ਰਾਬਿੰਦਰ ਮਸਰੂਰ

ਕਦੀ ਹੱਕ ਦਾ ਪੰਛੀ ਜੇ ਪਰ ਤੋਲਦਾ ਹੈ।
ਤਾਂ ਗਿਰਝਾਂ ਦਾ ਆਕਾਸ਼ ਕਿਉਂ ਡੋਲਦਾ ਹੈ?

ਕਰੋ ਕੈਦ ਮੰਦਰ 'ਚ ਮਸਜਿਦ 'ਚ ਇਸ ਨੂੰ,
ਅਦਾਲਤ 'ਚ ਆਕੇ ਇਹ ਸੱਚ ਬੋਲਦਾ ਹੈ।

ਜੋ ਨਿਰਨੇ ਕਰੇ ਬੰਨ੍ਹ ਕੇ ਅੱਖੀਆਂ ਤੇ ਪੱਟੀਆਂ।
ਉਹ ਸੱਚ ਜਾਣਿਉਂ ਵੱਧ ਜਾਂ ਘੱਟ ਤੋਲਦਾ ਹੈ।

ਜੇ ਉਡਣੈ ਤਾਂ ਫਿਰ ਤੋੜਨਾ ਹੀ ਪਵੇਗਾ।
ਭਲਾ ਕੌਣ ਪਿੰਜਰੇ ਦਾ ਦਰ ਖੋਲ੍ਹਦਾ ਹੈ?

ਕੋਈ ਓਪਰਾ ਆਦਮੀ ਹੈ ਜਾਂ ਪਾਗਲ,
ਮਕਾਨਾਂ ਦੀ ਬਸਤੀ 'ਚ ਘਰ ਫੋਲਦਾ ਹੈ।

ਹਾਂ ਮੈਂ ਅੰਨਦਾਤਾ ਕਿ ਬਸ ਜਿਣਸ ਹਾਂ ਮੈਂ,
ਕੋਈ ਮੈਨੂੰ ਮੰਡੀਆਂ 'ਚ ਕਿਉਂ ਰੋਲਦਾ ਹੈ ?

ਪਤਾ ਉਸਨੂੰ ਹੈ ਮਿਲਣਗੇ ਅੱਜ ਵੀ ਫੁਲ ਹੀ
ਮੇਰਾ ਯਾਰ ਮੇਰਾ ਸਿਵਾ ਫੋਲਦਾ ਹੈ।

ਜੇ ਹੈ ਸਬਰ ਧਰਤੀ ਤਾਂ ਧਰਤੀ ਦੀ ਹਿੱਕ ਵਿੱਚ।
ਹੈ ਇਕ ਜ਼ਲਜ਼ਲਾ ਵੀ ਜੋ ਵਿੱਸ ਘੋਲਦਾ ਹੈ।

—ਹਰਭਜਨ ਸਿੰਘ ਬੌਸ (ਅਮਰੀਕਾ)

ਜ਼ਿੰਦਗੀ ਆਸ-ਉਮੰਗਾ ਵਿਚ ਗਵਾਚ ਗਈ।
ਬੰਨ-ਬੰਨ ਢੰਗਾਂ ਵਿਚ ਗਵਾਚ ਗਈ।

ਮੇਰਾ ਮੇਰੀ ਮੈਂ ਦੀ ਇੱਕੋ ਦੌੜ ਰਹੀ,
ਨਿੱਕੀਆਂ ਨਿੱਕੀਆਂ ਜੰਗਾਂ ਵਿਚ ਗਵਾਚ ਗਈ।

ਸੰਜਮ, ਸੂਝ, ਸਲੀਕੇ ਦੀ ਨਾ ਜਾਚ ਲਈ,
ਚੋਭਾਂ, ਆਰਾਂ, ਡੰਗਾ ਵਿੱਚ, ਗਵਾਚ ਗਈ।

ਪ੍ਰੇਮ-ਪਟੋਲੇ ਵਾਲੇ ਭੇਦ ਨੂੰ ਪਾਇਆ ਨਾ,
'ਕਮਲੀ' ਨੰਗ ਮਲੰਗਾਂ ਵਿੱਚ ਗਵਾਚ ਗਈ।

ਮੰਜ਼ਿਲ ਲਈ ਨਾ ਰਹਿਬਰ ਦਾ ਸੰਕੇਤ ਲਿਆ,
ਅਪਣੇ ਮਨ ਦੇ ਢੰਗਾਂ ਵਿਚ ਗਵਾਚ ਗਈ।

ਜੀਵਨ-ਮਹਿਕ ਨੂੰ ਪਾਉਣੇ ਦੀ ਨਾ ਹੋਸ਼ ਰਹੀ,
ਕੱਚੇ ਪਿੱਲੇ ਰੰਗਾਂ ਵਿਚ ਗਵਾਚ ਗਈ।

ਬਾਗ ਬਗੀਚਿਆਂ ਵਿੱਚੋਂ ਸੁੱਤੀ ਗੁਜ਼ਰ ਗਈ,
ਅੱਕ ਧਤੂਰੇ, ਭੰਗਾਂ ਵਿੱਚ ਗਵਾਚ ਗਈ।

ਘੁੰਡੀ? ਜੇ ਇਹ ਪਿਆਰ ਹੈ ਤਾਂ ਇਹ ਬੜੀ ਜਲਦੀ ਮੈਨੂੰ ਖ਼ਤਮ ਕਰ ਦੇਵੇਗਾ।" ਨਾਨਕ ਸਿੰਘ ਨੇ ਇਸ ਮਨ-ਬਚਨੀ ਨੂੰ ਕਿਦਾਰ ਦੇ ਮੂੰਹੋਂ ਕਹਾਇਆ ਹੈ ਅਤੇ ਉਹ ਪੁੱਠੇ ਕੌਮਿਆਂ ਵਿਚ ਹੈ। ਉਹ ਜੇਕਰ ਇਸ ਨੂੰ ਪੁੱਠੇ ਕੌਮਿਆਂ ਵਿਚ ਨਾ ਦਿੰਦਾ ਤਾਂ ਇਸ ਦਾ ਪ੍ਰਭਾਵ ਗਹਿਰਾ ਹੋਣਾ ਸੀ। ਦੂਸਰੇ ਲਫ਼ਜ਼ਾਂ ਵਿਚ ਨਾਨਕ ਸਿੰਘ ਜੇਕਰ ਬਤੌਰ ਨਾਵਲਕਾਰ ਕੁਝ ਦੇਰ ਲਈ ਅਲੋਪ ਹੋ ਜਾਂਦਾ ਤਾਂ ਇਸ ਮਨ-ਬਚਨੀ ਨੇ ਚੇਤਨਤਾ-ਪ੍ਰਵਾਹ ਦੇ ਕਾਫ਼ੀ ਨੇੜੇ ਚਲੇ ਜਾਣਾ ਸੀ।

ਮੇਰੇ ਲਈ ਇਹ ਅਤਿਅੰਤ ਖ਼ੁਸ਼ੀ ਦੀ ਗੱਲ ਹੈ ਕਿ ਮੇਰੇ ਇਸ ਕਥਨ ਨੂੰ ਅਦਬੀ ਹਲਕਿਆਂ ਵਿਚ ਸਵੀਕਾਰ ਕਰ ਲਿਆ ਗਿਆ ਹੈ ਅਤੇ ਹੁਣ ਜਦੋਂ ਮੈਂ ਪੰਜਾਬੀ ਨਾਵਲ ਉੱਤੇ ਨਾਨਕ ਸਿੰਘ ਦੀ ਛਾਪ ਦੀ ਗੱਲ ਕਰ ਰਿਹਾ ਹਾਂ ਤਾਂ ਥੋੜਾ ਜਿਹਾ ਜਜ਼ਬਾਤੀ ਹੋ ਕੇ ਮੈਂ ਇਹ ਕਹਿਣ ਦੀ ਖੁਲ੍ਹ ਲੈਣਾ ਚਾਹੁੰਦਾ ਹਾਂ ਕਿ – ਨਾਨਕ ਸਿੰਘ ਸਚਮੁਚ ਅਜੇ ਤੀਕ ਪੰਜਾਬੀ ਨਾਵਲ ਦੇ ਆਰ ਪਾਰ ਖੜ੍ਹਾ ਹੈ। □

ਮਨੁਖ ਤੇ ਜੋਤਿਸ਼

–ਹਰਪਾਲ ਸਿੰਘ

ਆਦਿ–ਕਾਲ ਤੋਂ ਹੀ ਮਨੁਖ, ਕੁਦਰਤ ਦੇ ਰਹੱਸਾਂ ਨੂੰ ਜਾਣਨ, ਸਮਝਣ ਲਈ ਯਤਨਸ਼ੀਲ ਰਿਹਾ ਹੈ। ਬ੍ਰਹਿਮੰਡ ਦੀ ਵਿਆਪਕਤਾ ਤੇ ਵਿਸ਼ਾਲਤਾ ਦੀ ਥਾਹ ਲੈਣੀ, ਮਨੁਖ ਨਾਲ ਇਸਦੇ ਸੰਬੰਧਾਂ ਤੇ ਪ੍ਰਭਾਵਾਂ ਬਾਰੇ ਜਾਣਨਾ, ਪ੍ਰਕਿਰਤੀ ਅਤੇ ਮਨੁਖ ਦੀ ਸਾਂਝ ਨੂੰ ਸਮਝਣਾ, ਇਸਦੀ ਸੁੰਦਰਤਾ, ਸ਼ਕਤੀ ਤੇ ਸਮਰੱਥਾ ਬਾਰੇ ਗਿਆਨ ਪ੍ਰਾਪਤ ਕਰਨਾ ਤੇ ਫਿਰ ਪ੍ਰਮਾਣਿਕ ਸਿਟਿਆਂ ਤੇ ਪਹੁੰਚਣਾ ਮਨੁਖ ਦਾ ਨਿਰੰਤਰ ਯਤਨ ਰਿਹਾ ਹੈ। ਉਸਦੀਆਂ ਕੀਤੀਆਂ ਹੋਈਆਂ ਖੋਜਾਂ ਵਿਚੋਂ ਹੀ ਕਈ ਪ੍ਰਕਾਰ ਦੇ ਗਿਆਨਾਂ, ਵਿਗਿਆਨਾਂ ਅਤੇ ਕਲਾਵਾਂ ਨੇ ਜਨਮ ਲਿਆ।

ਬਿਮਾਰੀ ਵਿਰੁਧ ਲੜਨ, ਇਸਦੇ ਕਾਰਨਾਂ ਨੂੰ ਜਾਣਕੇ ਇਸਤੋਂ ਮਨੁਖ ਮਾਤਰ ਨੂੰ ਮੁਕਤ ਕਰਵਾਣ ਲਈ ਵਖ ਵਖ ਭਾਂਤ ਦੇ ਇਲਾਂਜਾ ਦੀ ਖੋਜ ਵੀ ਕੀਤੀ ਗਈ। ਕਈ ਪ੍ਰਕਾਰ ਦੀਆਂ ਚਕਿਤਸਾ–ਪ੍ਰਣਾਲੀਆਂ ਹੋਂਦ ਵਿਚ ਆਈਆ, ਜਿਵੇਂ ਕਿ ਆਯੁਰਵੈਦਿਕ, ਐਲੋਪੈਥਿਕ, ਹੋਮਿਊਪੈਥਿਕ, ਅਕਯੁਪੰਕਚਰ, ਨਾੜੀ–ਵਿਗਿਆਨ ਅਤੇ ਚੁੰਬਕੀ ਚਕਿਤਸਾ ਆਦਿ। ਪਰ ਇਹਨਾਂ ਸਾਰੀਆਂ ਇਲਾਜ ਵਿਧੀਆਂ ਦੇ ਬਾਵਜੂਦ ਵੀ ਜਦੋਂ ਵੈਦ, ਹਕੀਮ ਜਾਂ ਡਾਕਟਰ ਆਪਣੇ ਮਰੀਜ਼ ਨੂੰ ਅਰੋਗਤਾ ਦੇਣ ਵਿਚ ਅਸਫਲ ਰਹਿੰਦੇ ਹਨ ਤੇ ਆਪਣੇ ਆਪ ਨੂੰ ਬੇਵੱਸ ਪਾਂਦੇ ਹਨ ਤਾਂ ਉਹਨਾਂ ਨੂੰ ਮਜਬੂਰ ਹੋਕੇ ਕਹਿਣਾ ਪੈ ਜਾਂਦਾ ਹੈ:–

"ਹੁਣ ਤੁਸੀਂ ਮਰੀਜ਼ ਨੂੰ ਘਰ ਲੈ ਜਾਓ, ਰੱਬ ਅਗੇ ਅਰਦਾਸ ਕਰੋ, ਉਸ ਈਸ਼ਵਰ ਦੀ ਜੋਤ ਤੇ ਭਰੋਸਾ ਰਖੋ ਆਦਿ ਆਦਿ।

ਬੇਵੱਸ ਹੋਕੇ ਡਾਕਟਰ ਜਿਸ ਈਸ਼ਵਰ ਦੀ ਜੋਤ ਦਾ ਸਹਾਰਾ ਲੈਂਦਾ ਹੈ, ਉਸ ਈਸ਼ਵਰ ਦੀ ਜੋਤ ਤੋਂ ਜੋਤਿਸ਼ ਵਿਗਿਆਨ (ਜੋਤੀ+ਈਸ਼ ਭਾਵ ਈਸ਼ਵਰ ਦੀ ਜੋਤ) ਸ਼ੁਰੂ ਹੁੰਦਾ ਹੈ। ਜੋਤਿਸ਼ ਵਿਗਿਆਨ ਵਿਚ ਪਹਿਲਾਂ ਉਸ ਈਸ਼ਵਰ ਦੀ ਜੋਤ ਤੇ ਭਰੋਸਾ ਰਖਿਆ ਜਾਂਦਾ ਹੈ। ਫੇਰ ਵਿਗਿਆਨਕ ਢੰਗ ਨਾਲ ਖੋਜ ਅਤੇ ਇਲਾਜ ਕੀਤਾ ਜਾਂਦਾ ਹੈ। ਜੋਤਿਸ਼ ਵਿਗਿਆਨ ਵਿਚ ਵੀ ਕਈ ਪ੍ਰਣਾਲੀਆਂ ਹਨ ਜਿਵੇਂ ਕਿ ਸਿਤਾਰਿਆਂ ਤੇ ਆਧਾਰਿਤ ਕੁੰਡਲੀ ਵਿਗਿਆਨ (Astrology), ਹੱਥ ਰੇਖਾ ਵਿਗਿਆਨ (Palmistry), ਅੰਕ ਜੋਤਿਸ਼ (Number Science), ਚਿਹਰਾ ਪੜ੍ਹਨ ਦਾ ਵਿਗਿਆਨ (Face Reading) ਅਤੇ ਰਤਨ ਵਿਗਿਆਨ (Gemmology) ਆਦਿ। ਜੋਤਿਸ਼ ਦਾ ਇਤਿਹਾਸ ਵੀ ਮਨੁਖਤਾ ਜਿਨ੍ਹਾਂ ਹੀ ਪੁਰਾਣਾ ਹੈ ਅਤੇ ਇਸ ਦੀਆਂ ਮਿਸਾਲਾਂ ਲਗਭਗ ਦੁਨੀਆਂ ਦੇ ਸਾਰੇ ਹੀ ਪੁਰਾਤਨ ਸਾਹਿਤਕ ਅਤੇ ਧਾਰਮਿਕ ਗ੍ਰੰਥਾਂ ਵਿਚ ਕਿਸੇ ਨੇ ਕਿਸੇ ਰੂਪ ਵਿਚ ਮਿਲਦੀਆਂ ਹਨ। ਜਿਸ਼ ਤਰ੍ਹਾਂ ਇਕ ਮਾਹਿਰ ਡਾਕਟਰ ਪਹਿਲਾਂ ਮਰੀਜ਼ ਦਾ ਮੁਆਇਨਾਂ ਕਰਦਾ ਹੈ ਫਿਰ ਬਿਮਾਰੀ ਲੱਭਦਾ ਹੈ ਅਤੇ ਬਾਦ ਵਿਚ ਇਲਾਜ ਕਰਦਾ ਹੈ। ਇਸੇ ਤਰ੍ਹਾਂ ਹੀ ਇਕ ਮਾਹਿਰ ਜੋਤਸ਼ੀ ਜਾਤਕ ਦਾ ਮੁਆਇਨਾਂ ਉਸਦਾ ਹੱਥ ਵੇਖ ਕੇ ਜਾਂ ਜਨਮ ਤਿੱਥੀ ਆਦਿ ਦੇ ਆਧਾਰ ਤੇ ਕਰਦਾ ਹੈ ਅਤੇ ਉਸ ਜਾਤਕ ਦਾ ਭੂਤ ਕਾਲ, ਵਰਤਮਾਨ ਕਾਲ ਅਤੇ ਭਵਿੱਖ ਵੇਖਦਾ ਹੈ। ਇਸਤੋਂ ਬਾਅਦ ਉਹ ਜਾਤਕ ਦੇ ਵਰਤਮਾਨ ਅਤੇ ਭਵਿੱਖ ਨੂੰ ਹੋਰ ਬੇਹਤਰ ਅਤੇ ਘੱਟ ਕਸ਼ਟਕਾਰੀ ਬਨਾਉਣ ਵਿਚ ਉਸਦੀ ਮਦੱਦ ਕਰਦਾ ਹੈ।

ਜਿਵੇਂ ਅਸੀਂ ਭਾਵੇਂ ਜੋਤਿਸ਼ ਵਿਗਿਆਨ ਨੂੰ ਮਨਦੇ ਹਾਂ ਭਾਵੇਂ ਨਹੀਂ ਪਰ ਸਾਨੂੰ ਤਿੱਥੀ ਜਾਂ ਨਾਮ ਦੇ ਆਧਾਰ ਤੇ ਆਪਣੀ ਜਨਮ ਰਾਸ਼ੀ ਜਿਵੇਂ ਮੇਸ਼, ਤੁਲਾ, ਸਿੰਘ, ਮਿਥੁਨ ਆਦਿ ਪਤਾ ਹੀ ਹੁੰਦੀ ਹੈ। ਸਾਡੀ ਇਹ ਵੀ ਕੋਸ਼ਿਸ਼ ਹੁੰਦੀ ਹੈ ਕਿ ਅਸੀਂ ਰਸਾਲੇ ਜਾਂ ਅਖ਼ਬਾਰ ਦਾ ਰਾਸ਼ੀਫਲ ਵਾਲਾ ਪੰਨ੍ਹਾਂ ਜ਼ਰੂਰ ਵੇਖੀਏ। ਪ੍ਰਤੱਖ ਰੂਪ ਵਿਚ ਭਾਵੇਂ ਅਸੀਂ ਮਨੀਏ ਭਾਵੇਂ ਨਾ ਮਨੀਏਂ ਪਰ ਜਾਣੇ–ਅਣਜਾਣੇ ਇਸ ਵਿਗਿਆਨ ਤੇ ਥੋੜਾ–ਥੋੜਾ ਵਿਸ਼ਵਾਸ ਰਖਦੇ ਹਾਂ। ਇਸ ਅੱਧੇ ਵਿਸ਼ਵਾਸ ਕਾਰਣ ਹੀ ਅਸੀਂ ਕਈ ਵਾਰੀ ਮਨ–ਭਾਉਂਦੇ ਨਤੀਜੇ ਤੋਂ ਵਾਂਝੇ ਰਹਿ ਜਾਂਦੇ ਹਾਂ। ਜਿਵੇਂ ਕਿ ਕੁਲ ਮਿਲਾਕੇ 12 ਰਾਸ਼ੀਆਂ ਹੁੰਦੀਆਂ ਹਨ ਅਤੇ ਹਰ ਇਕ ਰਾਸ਼ੀ ਵਿਚ ਜਨਮ ਲੈਣ ਵਾਲੇ ਮਨੁਖ ਦੀਆਂ ਵੱਖਰੀਆਂ–ਵੱਖਰੀਆਂ ਵਿਸ਼ੇਸ਼ਤਾਈਆਂ ਹੁੰਦੀਆਂ ਹਨ ਇਸੇ ਤਰ੍ਹਾਂ ਹੀ ਹਰ ਇਕ ਰਾਸ਼ੀ ਦੀ ਦੂਸਰੀਆਂ ਰਾਸ਼ੀਆਂ ਵਿਚ ਜਨਮ ਲੈਣ ਵਾਲੀਆਂ ਨਾਲ ਵੱਖਰੇ–ਵੱਖਰੇ ਕਿਸਮ ਦੇ ਤਾਲੁਕਾਤ (Relations/Compatibility) ਹੁੰਦੇ ਹਨ। ਕਿਸੇ ਰਾਸ਼ੀ ਦੀ ਕੋਈ ਮਿੱਤਰ ਰਾਸ਼ੀ ਹੈ, ਕੋਈ ਸ਼ਤਰੂ ਰਾਸ਼ੀ ਹੈ ਅਤੇ ਕੋਈ ਸਮ ਰਾਸ਼ੀ ਹੈ। ਇਸੇ ਹੀ Compatibility ਦੇ ਆਧਾਰ ਤੇ ਲੋਕ ਵਿਆਹ ਤੋਂ ਪਹਿਲਾਂ ਲੜਕੇ ਦੀ ਕੁੰਡਲੀ ਮਿਲਾਉਂਦੇ ਹਨ ਤਾਕਿ ਬਾਦ ਵਿਚ

ਲੜਕੇ–ਲੜਕੀ ਦਾ ਜੀਵਨ ਸੁਖਾਵਾਂ ਰਹੇ।

ਅਜ ਮੈਂ ਤੁਹਾਨੂੰ ਜੋਤਿਸ਼ ਦੀ ਇਕ ਅਤੀ–ਆਧੁਨਿਕ, ਤਰਕ ਤੇ ਆਧਾਰਿਤ, ਵਿਗਿਆਨਕ ਤਕਨੀਕ ਤੋਂ ਜਾਣੂ ਕਰਾਉਂਦਾ ਹਾਂ ਜਿਸ ਦਾ ਨਾਮ ਹੈ 'Compatibility on the basis of blood' ਭਾਵ ਖੂਨ ਦੇ ਆਧਾਰ ਤੇ ਆਪਸੀ ਸੰਬੰਧ। ਅਸੀਂ ਸਾਰੇ ਜਾਣਦੇ ਹੀ ਹਾਂ ਕਿ ਖੂਨ ਦੇ ਮੁਖ ਤੌਰ ਤੇ ਚਾਰ ਗਰੁਪ ਹੁੰਦੇ ਹਨ 'A', 'B', "AB' ਅਤੇ 'O' ਇਨ੍ਹਾਂ ਚਾਰਾਂ ਗਰੁਪਾਂ ਦੀ ਆਪਣੀ ਆਪਣੀ ਵਿਸ਼ੇਸ਼ਤਾ ਹੁੰਦੀ ਹੈ। ਜਿਵੇਂ ਕਿ 'A' Group ਖੂਨ 'A' Group ਵਾਲੇ ਨੂੰ ਅਤੇ 'AB' Group ਵਾਲੇ ਨੂੰ ਦਾਨ ਕੀਤਾ ਜਾ ਸਕਦਾ ਹੈ। 'B' Group ਦਾ ਖੂਨ 'B' Group ਅਤੇ "AB' Group ਵਾਲੇ ਨੂੰ ਦਾਨ ਕੀਤਾ ਜਾ ਸਕਦਾ ਹੈ। 'AB' Group ਦਾ ਖੂਨ ਸਿਰਫ 'AB' Group ਨੂੰ ਦਾਨ ਕੀਤਾ ਜਾ ਸਕਦਾ ਹੈ। ਪਰ 'AB' Group ਨੂੰ ਕੋਈ ਵੀ Group ਖੂਨ ਦਾਨ ਕਰ ਸਕਦਾ ਹੈ। 'O' Group ਦਾ ਖੂਨ ਕਿਸੇ ਵੀ 'O',"A', 'B', 'AB' Group ਨੂੰ ਦਾਨ ਕੀਤਾ ਜਾ ਸਕਦਾ ਹੈ ਇਸੇ ਲਈ 'O' Blood Group ਨੂੰ ਪਰਮ–ਦਾਨੀ ਆਖਿਆ ਜਾਂਦਾ ਹੈ। ਸਿਵਾਏ 'O' Blood Group ਦੇ ਹੋਰ ਕਈ 'O' Group ਵਾਲੇ ਨੂੰ ਖੂਨ ਦਾਨ ਨਹੀਂ ਕਰ ਸਕਦਾ। ਇਨ੍ਹਾਂ Groups ਦੀਆਂ ਜਪਾਨ ਦੇ Blood Analysists ਦੇ ਸਰਵੇਖਣ ਅਤੇ ਖੋਜ ਤੇ ਆਧਾਰਿਤ ਆਮ ਅਤੇ ਖਾਸ ਵਿਸ਼ੇਸ਼ਤਾਈਆਂ ਇਸ ਪ੍ਰਕਾਰ ਹਨ :

'A' Blood Group :

ਇਸ Group ਵਾਲੇ ਬੜੇ ਹੀ ਆਸ਼ਾਵਾਦੀ ਹੁੰਦੇ ਹਨ। ਇਨ੍ਹਾਂ ਵਿਚ ਜ਼ਿਮੇਵਾਰੀ ਦੀ ਭਾਵਨਾ ਹੁੰਦੀ ਹੈ। ਇਹ ਲੋਕ ਬਹੁਤ ਮਿਹਨਤੀ ਹੁੰਦੇ ਅਤੇ ਆਪਣੇ ਟੀਚੇ ਤਕ ਪਹੁੰਚਣ ਤੋਂ ਪਹਿਲਾਂ ਉਸਦੇ ਰਸਤਿਆਂ ਦਾ ਬਰੀਕੀ ਨਾਲ ਅਧਿਅਨ ਕਰਦੇ ਹਨ। ਇਨ੍ਹਾਂ ਬਰੀਕੀਆਂ ਕਰਕੇ ਕਈ ਵਾਰੀ ਇਨ੍ਹਾਂ ਦੀ ਆਪਣੇ ਮਿਤਰਾਂ ਅਤੇ ਸੰਬੰਧੀਆਂ ਨਾਲ ਅਨਬਣ ਵੀ ਹੋ ਜਾਂਦੀ ਹੈ। ਕਈ ਵਾਰੀ ਇਹ ਬਹੁਤ ਹੀ ਭਾਵੁਕ ਹੋ ਜਾਂਦੇ ਹਨ ਅਤੇ ਅੱਗੇ ਵੱਧਣ ਦੀ ਬਜਾਏ ਇਹ ਪਿਛੇ ਵਲ ਨੂੰ ਤੁਰ ਪੈਂਦੇ ਹਨ। ਇਸੇ ਕਰਕੇ ਇਹ ਚੰਗੇ ਨੇਤਾ ਸਾਬਿਤ ਨਹੀਂ ਹੋ ਸਕਦੇ। ਕੰਮ ਵਿਚ ਖੁਦ ਮਿਹਨਤੀ ਹੋਣ ਕਰਕੇ ਆਪਣੇ ਤੋਂ ਹੇਠਲਿਆਂ ਕੋਲੋਂ ਵੀ ਉਸੇ ਤਰ੍ਹਾਂ ਦੀ ਮਿਹਨਤ ਪਸੰਦ ਕਰਦੇ ਹਨ ਜੋ ਕਿ ਇਨ੍ਹਾਂ ਨੂੰ ਘਟ ਹੀ ਮਿਲਦੀ ਹੈ। ਇਨ੍ਹਾਂ ਦਾ ਆਮ ਸੁਭਾਵ ਪੱਕੇ ਇਰਾਦੇ ਵਾਲਾ, ਵਾਸਤਵਵਾਦੀ ਅਤੇ ਰੋਮਾਂਚਕਾਰੀ ਹੁੰਦਾ ਹੈ। ਇਹ ਚੁਸਤ ਹੁੰਦੇ ਹਨ ਅਤੇ ਛੋਟੀ ਉਮਰ ਵਿਚ ਵੀ ਸਿਆਣੇ ਹੋ ਜਾਂਦੇ ਹਨ।

'B' Blood Group :

ਭਾਰਤ ਵਿਚ ਸਭ ਤੋਂ ਵੱਧ ਇਸ ਗਰੁਪ ਵਾਲੇ ਵਿਅਕਤੀ ਪਾਏ ਜਾਂਦੇ ਹਨ। ਇਨ੍ਹਾਂ ਦੀ ਤਾਦਾਦ ਕੁਲ ਜਨਸੰਖਿਆ ਦਾ ਤਕਰੀਬਨ 41% ਹੈ। ਇਸ ਗਰੁਪ ਦੇ ਲੋਕ ਕਦੀ ਵੀ ਟਿਕ ਕੇ ਨਹੀਂ ਬੈਠਦੇ ਅਤੇ ਹਰ ਵੇਲੇ ਨਵੀਆਂ–ਨਵੀਆਂ ਯੋਜਨਾਵਾਂ ਬਣਾਂਦੇ ਰਹਿੰਦੇ ਹਨ। ਇਨ੍ਹਾਂ ਨੂੰ ਸੁਸਤੀ ਤੋਂ ਸਖ਼ਤ ਨਫ਼ਰਤ ਹੁੰਦੀ ਹੈ। ਹਰ ਪ੍ਰਕਾਰ ਦੀ ਆਜ਼ਾਦੀ ਦੀ ਭਾਵਨਾ ਇਨ੍ਹਾਂ ਵਿਚ ਪ੍ਰਮੁਖ ਹੁੰਦੀ ਹੈ ਅਤੇ ਇਹ ਕਿਸੇ ਵੀ ਤਰ੍ਹਾਂ ਦੀ ਦਖ਼ਲ ਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ। ਇਹ ਕਿਸੇ ਪ੍ਰਕਾਰ ਦੀ ਸੁਸਤ ਨੌਕਰੀ ਅਤੇ ਸੁਸਤ ਵਡੇ ਅਧਿਕਾਰੀ ਨੂੰ ਪਸੰਦ ਨਹੀਂ ਕਰਦੇ। ਇਨ੍ਹਾਂ ਦੀ ਆਪਣੀ ਇਕ ਵਖਰੀ ਜੀਵਨ ਸ਼ੈਲੀ ਹੁੰਦੀ ਹੈ। ਇਨ੍ਹਾਂ ਦੇ ਆਪਣੇ ਵਾਸਤਵਿਕ ਵਿਚਾਰ ਹੁੰਦੇ ਹਨ। ਛੇਤੀ ਕੀਤੇ ਇਹ ਦੂਸਰਿਆਂ ਦੇ ਬਣਾਏ ਹੋਏ ਨਿਯਮਾਂ ਦਾ ਪਾਲਣ ਕਰਨ ਲਈ ਤਿਆਰ ਨਹੀਂ ਹੁੰਦੇ ਪਰ ਇਕ ਵਾਰੀ ਜੇ ਇਨ੍ਹਾਂ ਨੂੰ ਯਕੀਨ ਆ ਜਾਵੇ ਤਾਂ ਇਹ ਬਹੁਤ ਹੀ ਮਿਹਨਤ ਅਤੇ ਲਗਨ ਨਾਲ ਦਿੱਤੇ ਹੋਏ ਕੰਮ ਨੂੰ ਅੰਜਾਮ ਤਕ ਪਹੁੰਚਾਂਦੇ ਹਨ। ਇਕ ਆਪਣੇ ਵਿਚਾਰਾਂ ਨੂੰ ਸੋਧ ਕਰਨ ਦੀ ਸ਼ਕਤੀ ਰੱਖਦੇ ਹਨ ਅਤੇ ਸਮੇਂ ਦੇ ਨਾਲ–ਨਾਲ ਤੁਰਦੇ ਹਨ।

'AB' Blood Group :

ਇਸ Blood Group ਦੇ ਲੋਕ ਬਹੁਤ ਭਾਵਕ ਕਿਸਮ ਦੇ ਹੁੰਦੇ ਹਨ। ਇਨ੍ਹਾਂ ਦਾ ਸ਼ਾਂਤਮਈ ਅਤੇ ਪ੍ਰਭਾਵਸ਼ਾਲੀ ਸੁਭਾਵ ਦੂਸਰੇ ਲੋਕਾਂ ਵਿਚ ਵਿਸ਼ੇਸ਼ ਖਿੱਚ ਦਾ ਕਾਰਣ ਹੁੰਦਾ ਹੈ। ਇਸ ਪ੍ਰਭਾਵਸ਼ਾਲੀ ਵਿਅਕਤਿਤਵ ਕਾਰਨ ਹੀ ਇਹ ਆਪਣੇ ਕੰਮ ਕਰਵਾ ਲੈਂਦੇ ਹਨ। ਇਹ ਲੋਕ ਦੂਸਰਿਆਂ ਦੇ ਵਿਅਕਤਿਤਵ ਅਤੇ ਸਮੇਂ ਦੀ ਨਜ਼ਾਕਤ ਨੂੰ ਬੜੀ ਛੇਤੀ ਸਮਝ ਲੈਂਦੇ ਹਨ। ਇਹ ਲੋਕ ਬਹੁਤ ਹੀ ਸੋਚ ਸਮਝ ਕੇ ਆਪਣੇ ਮਿਤਰਾਂ ਦੀ ਚੋਣ ਕਰਦੇ ਹਨ। ਇਹ ਆਪਣਾ ਕੋਈ ਕੰਮ ਰੁਕਣ ਨਹੀਂ ਦੇਂਦੇ। ਇਹ ਦੂਸਰਿਆਂ ਨੂੰ ਆਪਣੇ ਤੋਂ ਥੋੜੀ ਵਿੱਥ ਤੇ ਰਖਦੇ ਹਨ ਅਤੇ ਆਪਣੇ ਆਪ ਨੂੰ ਗੈਰਮਾਮੂਲੀ ਸਮਝਦੇ ਹਨ।

'O' Blood Group :

'O' Blood Group ਵਾਲੇ ਲੋਕ ਅਕਸਰ ਭੋਲੇ–ਭਾਲੇ ਹੁੰਦੇ ਹਨ ਅਤੇ ਕੁਝ ਸ਼ਰਮੀਲੇ ਵੀ। ਇਕੋ ਹੀ ਸਮੇਂ ਤੇ ਇਹ ਰੋਮਾਂਸਵਾਦੀ ਅਤੇ ਵਾਸਤਤਵਾਦੀ ਸੁਭਾਵ ਦੇ ਮਾਲਕ ਹੁੰਦੇ ਹਨ। ਇਨ੍ਹਾਂ ਦੇ ਵਿਚਾਰ ਸਾਫ ਅਤੇ ਸਪਸ਼ਟ ਹੁੰਦੇ ਹਨ। ਇਹ ਕਿਸੇ ਖਾਸ ਕਿੱਤੇ ਵਿਚ ਮੁਹਾਰਤ ਹਾਸਲ

ਇਕ ਪਲ ਲਈ ਫਿਰ ਸੁੰਨ ਆ ਗਈ। ਤਿੰਨਾਂ ਨੂੰ ਹੀ ਜਾਪਿਆ, ਉਹਨਾਂ ਕੋਲ ਕਹਿਣ-ਸੁਣਨ ਲਈ ਕੁਝ ਨਹੀਂ।

ਕਾਨਪੁਰ ਆਉਂਦੇ ਵੇਲੇ ਦੋਵੇਂ ਚੁੱਪ ਸਨ। ਰਿਤੂ ਬਸ ਵਿਚ ਬਾਰੀ ਵਾਲੀ ਸੀਟ ਤੇ ਬੈਠੀ ਸੀ। ਤੇ ਬਾਹਰ ਵੇਖ ਰਹੀ ਸੀ। ਵਿਚਕਾਰ ਇਕ ਥਾਂ ਬਸ ਰੁਕੀ ਤਾਂ ਉਸਨੇ ਪੁੱਛਿਆ – "ਕੁਝ ਖਾਵੇਂਗੀ?"

"ਨਹੀਂ....।" ਰਿਤੂ ਨੇ ਜਵਾਬ ਦਿੱਤਾ।

"ਇਥੇ ਦੇ ਪੇੜੇ ਬੜੇ ਮਸ਼ਹੂਰ ਹਨ।" ਉਸਨੇ ਮੁਸਕਰਾਉਣ ਦਾ ਜਤਨ ਕੀਤਾ।

ਰਿਤੂ ਨੇ ਬੜੀ ਤਿੱਖੀ ਨਜ਼ਰ ਨਾਲ ਉਸਨੂੰ ਵੇਖਿਆ– "ਮਖੌਲ ਕਰਦੇ ਹੋ....ਸ਼ੱਕਰ ਦੇ ਮਰੀਜ਼ ਨੂੰ ਪੇੜਿਆਂ ਦਾ ਲਾਲਚ ਦਿੰਦੇ ਹੋ।"

"ਚੰਗਾ ਸਮੋਸੇ ਖਾ ਲੈ.....ਵੇਖ.....ਸਾਹਮਣੇ ਹਲਵਾਈ ਇਕ ਦਮ ਗਰਮ-ਗਰਮ ਸਮੋਸੇ ਕੱਢ ਰਿਹਾ ਹੈ।"

"ਤੁਸੀਂ ਖਾ ਲਓ.... ਦੀਪਾ ਦੇ ਵਿਆਹ ਵਿਚ ਪਹਿਲਾਂ ਹੀ ਬੜੀ ਬਦਪਰਹੇਜ਼ੀ ਹੋ ਚੁਕੀ ਏ।" ਉਹ ਦੂਜੇ ਪਾਸੇ ਵੇਖਣ ਲਗ ਪਈ।

ਉਹ ਕੁਝ ਖਾਣਾ ਚਾਹੁੰਦਾ ਸੀ। ਗਰਮ-ਗਰਮ ਸਮੋਸੇ ਉਸਨੂੰ ਬੜਾ ਲੁਭਾ ਰਹੇ ਸਨ। ਪਰ ਉਹ ਚੁਪ ਬੈਠਾ ਰਿਹਾ। ਉਸਨੂੰ ਜਾਪਿਆ, ਰਿਤੂ ਦੀ ਖਿਝ ਦਾ ਦੌਰ ਅਜੇ ਪੂਰੀ ਤਰ੍ਹਾਂ ਕਾਇਮ ਹੈ। ਉਸਨੇ ਕੁਝ ਖਾਦਾ ਤਾਂ ਉਸਦੀ ਖਿਝ ਹੋਰ ਵੱਧ ਜਾਏਗੀ।

ਬਸ ਤੁਰ ਪਈ। ਉਸਨੇ ਮਹਿਸੂਸ ਕੀਤਾ, ਰਿਤੂ ਬੜਾ ਕਸਮਸਾ ਰਹੀ ਹੈ। ਕੋਈ ਚੀਜ਼ ਹੈ ਜਿਹੜੀ ਉਸਨੂੰ ਰਿੜਕ ਰਹੀ ਹੈ, ਤੰਗ ਕਰ ਰਹੀ ਹੈ।

ਕੁਝ ਦੇਰ ਵਿਚ ਉਸਨੇ ਮੂੰਹ ਘੁਮਾਇਆ ਤੇ ਬੋਲੀ– "ਪਿਉ ਦਾ ਫਰਜ਼ ਤਾਂ ਤੁਸੀਂ ਪੂਰਾ ਨਿਭਾਇਆ।"

ਉਹ ਹਸ ਪਿਆ। ਉਹ ਜਾਣਦਾ ਸੀ ਰਿਤੂ ਕਿਉਂ ਤੰਗ ਹੋ ਰਹੀ ਹੈ, ਉਸਨੂੰ ਕਿਹੜੀ ਚੀਜ਼ ਰਿੜਕ ਰਹੀ ਹੈ।

"ਇਹ ਫਰਜ਼ ਤਾਂ ਮੈਂ ਨਿਭਾਉਣਾ ਹੀ ਸੀ।"

"ਕਿਉਂ ਨਹੀਂ.....? ਆਖਿਰ ਤੁਸੀਂ ਦੀਪਾ ਦੇ ਪਿਉ ਜੁ ਹੋਏ।" ਆਖ ਕੇ ਰਿਤੂ ਸਾਹਮਣੇ ਬਸ ਚਲਾਂਦੇ ਡਰਾਈਵਰ ਵਲ ਵੇਖਣ ਲਗ ਪਈ।

ਉਸਨੇ ਆਪਣਾ ਮੋਢਾ ਰਿਤੂ ਦੇ ਮੋਢੇ ਨਾਲ ਸਟਾ ਦਿਤਾ। ਇਕ ਬੜੀ-ਜਾਣੀ ਪਛਾਣੀ ਮਹਿਕ ਉਸਦੀਆਂ ਨਾਸਾਂ ਵਿਚ ਤਿਰਨ ਲਗ ਪਈ।

"ਰਿਤੂ...... ਕੀ ਤੂੰ ਇਹ ਨਹੀਂ ਮੰਨਦੀ ਕਿ ਮੇਰੇ ਇੰਨੇ ਜਿਹੇ ਕੰਮ ਨਾਲ ਨੀਲਾ ਨੂੰ ਕਿੰਨੀ ਖੁਸ਼ੀ ਮਿਲੀ।"

ਉਸਨੇ ਸੁਣ ਲਿਆ। ਇੰਜ ਜਾਪਿਆ ਜਿਵੇਂ ਉਹ ਕੁਝ ਨਹੀਂ ਬੋਲੇਗੀ......ਬਸ ਚੁਪ ਚੁਪੀਤੀ ਬੈਠੀ ਰਹੇਗੀ। ਪਰ ਉਹ ਬੋਲੀ–"ਇਹ ਕੰਮ ਇੰਨਾ ਜਿਹਾ ਤਾਂ ਨਹੀਂ ਸੀ। ਤੇ ਖੁਸ਼ੀ ਸਿਰਫ ਨੀਲਾ ਨੂੰ ਹੀ ਨਹੀਂ ਮਿਲੀ.... ਤੁਹਾਨੂੰ ਵੀ ਤਾਂ ਮਿਲੀ।"

"ਇਕ ਠੀਕ ਏ....।" ਉਸਨੇ ਕਿਹਾ–"ਮੈਨੂੰ ਵੀ ਮਿਲੀ....ਬੜੀ ਸਾਰੀ।"

ਫਿਰ ਕਾਨਪੁਰ ਤੀਕ ਕੋਈ ਕੁਝ ਨਹੀਂ ਬੋਲਿਆ।

ਉੱਥੇ ਭੈਣ ਮਿਲੀ, ਭਣਵਈਆ ਮਿਲਿਆ, ਬੱਚੇ ਵੀ ਮਿਲੇ।

ਭੈਣ ਡਾਈਬਿਟੀਜ਼ ਦੀ ਪੁਰਾਣੀ ਮਰੀਜ਼ ਹੈ। ਰੋਜ਼ ਇੰਸੁਲੀਨ ਦਾ ਟੀਕਾ ਲਗਾਂਦੀ ਹੈ, ਪਰ ਲਹੂ ਵਿਚੋਂ ਸ਼ੱਕਰ ਘੱਟਦੀ ਹੀ ਨਹੀਂ।

ਭਣਵਈਏ ਨੇ ਸ਼ਿਕਾਇਤ ਕੀਤੀ–"ਸ਼ੱਕਰ ਦੇ ਮਰੀਜ਼ ਲਈ ਪਰਹੇਜ਼ ਦੁਆਈ ਤੋਂ ਵੱਧ ਜ਼ਰੂਰੀ ਏ.... ਪਰ ਤੇਰੀ ਭੈਣ ਬਦਪਰ੍ਹੇਜ਼ੀ ਕਰਣ ਤੋਂ ਬਾਜ ਨਹੀਂ ਆਉਂਦੀ। ਮੌਕਾ ਮਿਲੇ ਤਾਂ ਤਿੰਨ-ਚਾਰ ਲੱਡੂ ਜਾਂ ਪੇੜੇ ਫਟਾਫਟ ਅੰਦਰ ਲੰਘਾ ਜਾਂਦੀ ਏ......ਛੇ-ਛੇ ਕੇਲੇ ਖਾ ਜਾਂਦੀ ਏ। ਦੁਸਹਿਰੀ ਅੰਬਾਂ ਤੇ ਇੰਜ ਝਪੱਟਾ ਮਾਰਦੀ ਏ ਜਿਵੇਂ ਇੱਲ ਮਾਸ ਤੇ....।"

ਰਿਤੂ ਬੜਾ ਗੁੱਸੇ ਹੋਈ–"ਦੀਦੀ... ਪਰਹੇਜ਼ ਨਹੀਂ ਕਰੇਂਗੀ ਤਾਂ ਛੇਤੀ ਮਰ ਜਾਏਂਗੀ। ਘੱਟ ਤੋਂ ਘੱਟ ਆਪਣੇ ਬੱਚਿਆਂ ਦਾ ਤਾਂ ਖਿਆਲ ਕੀਤਾ ਕਰ।"

ਭੈਣ ਬੜਾ ਮੂੰਹ ਬਣਾ ਕੇ ਬੋਲੀ–"ਹੁਣ ਮੈਥੋਂ ਮਰ-ਮਰ ਕੇ ਤੇ ਨਹੀਂ ਜੀਉਣ ਹੁੰਦਾ। ਮਿਠਿਆਈ ਦਾ ਇਕ ਟੁਕੜਾ ਮੂੰਹ ਵਿਚ ਪਾ ਲਵਾਂ ਜਾਂ ਅੰਬ ਦੀ ਇਕ ਫਾੜੀ ਲੈ ਲਵਾਂ ਤਾਂ ਸਾਰੇ ਘਰ ਵਿਚ ਰੌਲਾ ਪੈ ਜਾਂਦੈ...... ਜਿਸਨੂੰ ਵੇਖੋ.... ਬਸ ਸੋਟੀ ਲੈ ਕੇ ਮਗਰ ਪੈ ਜਾਂਦੈ......।"

ਉਹਨਾਂ ਨੂੰ ਪ੍ਰਯਾਗਰਾਜ ਐਕਸਪ੍ਰੈਸ ਦੀ ਰਿਜ਼ਰਵੇਸ਼ਨ ਮਿਲ ਗਈ ਸੀ। ਰਿਤੂ ਇਸ ਗੱਲ ਤੇ ਬੜਾ ਖਿਝ ਰਹੀ ਸੀ–"ਇਹ ਵੀ ਗੱਡੀ ਦਾ ਕੋਈ ਵਕਤ ਏ.... ਰਾਤ ਨੂੰ ਬਾਰ੍ਹਾਂ ਵੱਜ ਕੇ ਦਸ ਮਿੰਟ ....ਨਾ ਇਸ ਪਾਸੇ ਦੇ ਨਾ ਉਸ ਪਾਸੇ ਦੇ.....।"

ਪੁਲ ਦੀਆਂ ਪੌੜੀਆਂ ਲਹਿੰਦੇ ਹੋਏ, ਉਹਨ੍ਹਾਂ ਨੇ ਵੇਖਿਆ, ਪਲੇਟਫਾਰਮ ਤੇ ਬੜੀ ਭੀੜ ਹੈ।

ਦੀ ਧਾਰਣਾ ਰਖਦੇ ਹੋ। ਤੁਸੀਂ ਦੋਵੇਂ ਹੀ ਬਰਾਬਰੀ ਦੀ ਭਾਵਨਾ ਵੀ ਰਖਦੇ ਹੋ। ਆਪਣੀ ਬਰਾਬਰ ਦੀ ਇਜ਼ਤ ਨਾ ਹੋਣ ਕਰਕੇ ਇਸ ਗਰੁਪ ਦੀ ਔਰਤ ਕਈ ਵਾਰ ਤੁਹਾਡੀ ਇਜ਼ਤ ਨਹੀਂ ਕਰਦੀ।

'O' Blood Group ਦੀ ਔਰਤ ਨਾਲ :

'AB' Blood Group ਦਾ ਮਰਦ 'O' Blood Group ਦੀ ਔਰਤ ਨੂੰ ਪਾਣ ਲਈ ਬਹੁਤ ਹੀ ਕੋਸ਼ਸ਼ ਕਰਦਾ ਹੈ ਅਤੇ ਜਦੋਂ ਉਹ ਇਸ ਔਰਤ ਦਾ ਦਿਲ ਜਿੱਤਣ ਵਿਚ ਸਫਲ ਹੋ ਜਾਂਦਾ ਹੈ ਤਾਂ ਉਸਤੋਂ ਪਿੱਛਾ ਛੁਡਾਣ ਦੀ ਕੋਸ਼ਿਸ਼ ਕਰਦਾ ਹੈ। 'AB' Blood Group ਦੇ ਮਰਦ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਆਪਣੀ 'O' Blood Group ਵਾਲੀ ਪਤਨੀ ਦੀ ਕਦਰ ਕਰਨੀ ਸਿੱਖੇ ਨਹੀਂ ਤਾਂ ਤੁਹਾਡੇ ਆਪਸੀ ਸੰਬੰਧ ਛੇਤੀ ਹੀ ਖਰਾਬ ਹੋਣ ਦੀ ਸੰਭਾਵਨਾ ਹੈ।

'O' Blood Group ਦੇ ਮਰਦ ਦਾ ਵਿਆਹ/ਸੰਬੰਧ

'A' Blood Group ਦੀ ਔਰਤ ਨਾਲ :

'A' Blood Group ਦੀ ਔਰਤ ਵੈਸੇ ਤਾਂ ਬਹੁਤ ਹੀ ਖ਼ੁਸ਼ਤਬੀਅਤ ਹੁੰਦੀ ਹੈ ਪਰ ਜੇ ਕਿਤੇ 'O' Blood Group ਵਾਲੇ ਮਰਦ ਨਾਲ ਉਸਦਾ ਝਗੜਾ ਹੋ ਜਾਵੇ ਤਾਂ ਉਸ ਝਗੜੇ ਦਾ ਹੱਲ ਮਰਦ ਨੂੰ ਹੀ ਕਰਨਾ ਪਵੇਗਾ। ਉਂਝ ਇਹ ਸ਼ਾਦੀ ਲੰਮੇ ਸਮੇਂ ਤਕ ਚਲਨ ਵਾਲੀ ਹੁੰਦੀ ਹੈ।

'B' Blood Group ਦੀ ਔਰਤ ਨਾਲ :

ਇਸ ਗਰੁਪ ਦੀ ਔਰਤ ਤੁਹਾਡੇ ਅੰਦਰਲੇ ਮਨ ਨੂੰ ਚੰਗੀ ਤਰ੍ਹਾਂ ਸਮਝਣ ਵਾਲੀ ਅਤੇ ਤੁਹਾਡੇ ਤੇ ਆਪਣਾ ਪ੍ਰਭਾਵ ਪਾਉਣ ਵਾਲੀ ਹੋਵੇਗੀ। ਸ਼ੁਰੂ ਤੋਂ ਹੀ ਇਹ ਸ਼ਾਦੀ ਬਹੁਤ ਹੀ ਸੁਖਦਾਇਕ ਅਤੇ ਸ਼ਾਂਤੀਪੂਰਵਕ ਹੋਵੇਗੀ ਹਾਲਾਂਕਿ ਕੁਝ ਹੋਰ ਚੀਜ਼ਾਂ ਵੀ 'O' Blood Group ਦੇ ਮਰਦ ਨੂੰ ਪ੍ਰਭਾਵਤ ਕਰਦੀਆਂ ਰਹਿਣਗੀਆਂ।

'AB' Blood Group ਦੀ ਔਰਤ ਨਾਲ :

'AB' Blood Group ਦੀ ਔਰਤ ਦੇ ਨਾਲ ਤੁਹਾਡੇ ਸੰਬੰਧ ਸਮੇਂ ਦੇ ਨਾਲ–ਨਾਲ ਬਦਲਣ ਦੀ ਪੂਰੀ ਸੰਭਾਵਨਾ ਹੈ। ਉਹ ਤੁਹਾਡੇ ਕੋਲੋਂ ਨਿੱਘੇ ਆਪਸੀ ਸੰਬੰਧਾਂ ਦੀ ਉਮੀਦ ਰਖੇਗੀ ਜਦਕਿ ਤੁਸੀਂ ਇਸ ਤਰ੍ਹਾਂ ਨਹੀਂ ਕਰੋਗੇ। ਉਹ ਤੁਹਾਡੇ ਕੋਲੋਂ ਨੇੜਤਾ ਵੀ ਚਾਹੇਗੀ ਜਿਸਨੂੰਨਿਭਾਣ ਵਿਚ ਵੀ ਤੁਸੀਂ ਅਸਫਲ ਰਹੋਗੇ।

'O' Blood Group ਦੀ ਔਰਤ ਨਾਲ :

ਤੁਸੀਂ ਦੋਵੇਂ ਹੀ ਆਪਣੀ ਜਗਾਂ ਤੇ ਹੱਠੀ ਰਹੋਗੇ। ਤੁਸੀਂ ਦੋਵੇਂ ਇਕ ਦੂਜੇ ਦੀ ਇੱਛਾ ਦੇ ਮੁਤਾਬਕ ਝੁਕੋਗੇ ਨਹੀਂ। ਸਿਰਫ ਆਪਸੀ ਤਾਲਮੇਲ ਨਾਲ ਹੀ ਚੰਗੇ ਵਿਆਹਤਾ ਜੀਵਨ ਦੀ ਸੰਭਾਵਨਾ ਹੈ। □

ਜਲਾਵਤਨੀ

—ਡਾ. ਗੁਰਬਖ਼ਸ਼ ਸਿੰਘ ਭੰਡਾਲ

ਧੁੱਪ ਦੇ ਟੋਟੇ ਨੂੰ ਜਲਾਵਤਨ ਨਾ ਕਰੋ।
ਕਿਉਂਕਿ
ਧੁੱਪ ਦਾ ਟੋਟਾ ਸਾਡੀ ਤਾਬੀਰ ਹੈ।
ਸਾਡੇ ਹੱਥਾਂ ਦੀ ਉਘੜਵੀਂ ਲਕੀਰ ਹੈ।
ਧੁੱਪ ਤੋਂ ਬਗੈਰ,
ਇਹ ਵਿਹੜਾ ਹਾਉਕੇ ਭਰੇਗਾ।
ਸਾਹਾਂ 'ਤੇ ਸੋਗ ਧਰੇਗਾ।
ਧੁੱਖ ਧੁੱਖ ਕੇ ਮਰੇਗਾ।
ਧੁੱਪ ਤੋਂ ਮਹਿਰੂਮ ਹੋਇਆ ਚੌਕਾਂ,
ਚਿੜੀਆਂ ਦੇ ਚੰਬੇ ਦੀ ਸੋਗੀ ਫ਼ਿਜ਼ਾ 'ਚ,
ਚਹਿਕਣ ਦਾ ਕਿਸ ਤਰ੍ਹਾਂ ਹੀਆ ਕਰੇਗਾ ?
ਅਤੇ ਚਿੜ੍ਹ ਚਿੜ੍ਹ ਕਰਕੇ ਧੁੱਖਦੀਆਂ ਲੱਕੜਾਂ 'ਚੋਂ,
ਚੁੱਗਲੀਆਂ ਦਾ ਸ਼ੋਰ ਸੁਣੇਗਾ।
ਜਲਾਵਤਨੀ 'ਚ,
ਧੁੱਪ ਦਾ ਭੁੱਰ ਭੁੱਰ ਕੇ ਮਰਨਾ,
ਸਾਡੇ ਜਿਸਮਾਂ ਉਤੇ ਪਲੱਤਣ ਲਪੇਟਦਿਆਂ,
ਮਸਤਕ 'ਚ ਪ੍ਰਸ਼ਨ ਚਿੰਨ ਖੁਣੇਗਾ,
ਕਿ ਆਖਰ ਕਿਉਂ,
ਧੁੱਪ ਨੂੰ ਕਾਲੇ ਪਾਣੀਆਂ ਦੀ ਸਜ਼ਾ ਮਿਲੀ।
ਸੋਹਲ ਜਿਹੀ ਧੁੱਪ ਦੇ ਮੁੱਖ 'ਤੇ ਉੱਕਰੀ,
ਮਸੂਮੀਅਤ ਦਾ ਵਾਸਤਾ ਈ,
ਕਿ,
ਧੁੱਪ ਨੂੰ ਧੁੱਪ ਦੀ ਆਉਧ ਹੰਢਾਉਣ ਦਿਉ।
ਧੁੱਪ ਨੂੰ ਸੰਦਲੀ ਸੂਰਜ ਗਲ ਨਾਲ ਲਾਉਣ ਦਿਉ।
ਧੁੱਪ ਨੂੰ ਧੁੱਪਾਂ ਦੇ ਗੀਤ ਗਾਉਣ ਦਿਉ।
ਪਰ,
ਕਦੇ ਵੀ ਧੁੱਪ ਨੂੰ ਜਲਾਵਤਨ ਨਾ ਕਰੋ।

◆◆◆

ਕਹਾਣੀ

ਸੂਲੀ ਲਟਕੇ ਪਲ

—ਜਸਵੰਤ ਸਿੰਘ ਵਿਰਦੀ

ਹਰ ਪਾਸੇ ਸੰਘਣੀ ਧੁੰਦ ਸੀ।

ਹਿਰਦੇਪਾਲ ਧੁੰਦ ਵਿਚ ਅੱਗੇ ਵਧਿਆ ਤਾਂ ਉਹਨੇ ਇਕ ਗੋਲੀ ਚੱਲਣ ਦੀ ਆਵਾਜ਼ ਸੁਣੀ। ਉਹ ਆਵਾਜ਼ ਤਾਂ ਮੱਧਮ ਹੀ ਸੀ, ਪਰ ਸੀ ਉਹ ਗੋਲੀ ਦੀ ਹੀ ਆਵਾਜ਼। ਉਹਦੇ ਨਾਲ ਵਾਤਾਵਰਣ ਵਿਚ ਇਕ ਵਾਰ 'ਠਸ' ਹੋ ਕੇ ਸੁੰਨ ਫ਼ੈਲ ਗਈ ਸੀ। ਗੋਲੀ ਚੱਲਣ ਤੋਂ ਬਾਦ ਦੀ ਇਹ ਸੁੰਨ ਵੀ ਭਿਆਨਕ ਲੱਗ ਰਹੀ ਸੀ। ਜੇਕਰ ਲਗਾਤਾਰ ਗੋਲੀ ਚੱਲਦੀ ਰਹਿੰਦੀ, ਤਾਂ ਇਹ ਸੁੰਨ ਮਹਿਸੂਸ ਨਾ ਹੁੰਦੀ।

ਹਿਰਦੇਪਾਲ ਇਕ ਆੜ ਕੋਲ ਰੁਕ ਗਿਆ ਅਤੇ ਦੇਖਣ ਲੱਗਾ ਕਿ ਗੋਲੀ ਦੀ ਆਵਾਜ਼ ਕਿਹੜੇ ਪਾਸਿਉਂ ਆਈ ਸੀ। ਪਰ ਉਹ ਗੋਲੀ ਚੱਲਣ ਦੀ ਦਿਸ਼ਾ ਨਿਸਚਿਤ ਨਾ ਕਰ ਸਕਿਆ ਅਤੇ ਖਲੋਤਾ ਰਿਹਾ।

"ਅਖ਼ਬਾਰਾਂ ਵਿਚ ਤਾਂ ਹਰ ਵੇਲੇ ਗੋਲੀ ਚੱਲਣ ਦੀਆਂ ਖ਼ਬਰਾਂ ਹੁੰਦੀਆਂ ਹੀ ਨੇ !" ਹਿਰਦੇਪਾਲ ਨੇ ਸੋਚਿਆ "ਹੁਣ ਇੱਥੇ ਫਾਰਮ ਵਿਚ ਗੋਲੀਆਂ ਚੱਲਣ ਲੱਗ ਪਈਆਂ ਨੇ। ਇਹ ਲੋਕ ਹੁਣ ਇਸ ਥਾਂ ਸੈਰਗਾਹ ਨਹੀਂ ਰਹਿਣ ਦੇਣਗੇ।"

ਪਰ ਅਗਲੇ ਪਲ ਹੀ ਵਾਤਾਵਰਣ ਖਾਮੋਸ਼ ਹੋ ਗਿਆ ਸੀ ਅਤੇ ਹਿਰਦੇਪਾਲ ਨੂੰ ਇਸ ਗੱਲ ਦਾ ਭਰਮ ਹੋਣ ਲੱਗਾ ਕਿ ਗੋਲੀ ਚੱਲੀ ਸੀ ਕਿ ਨਹੀਂ। ਸ਼ਾਇਦ ਗੋਲੀ ਚੱਲੀ ਹੀ ਨਾ ਹੋਵੇ। ਉਹਨੂੰ ਖ਼ਿਆਲ ਆਇਆ 'ਤੇ ਇਹ ਭਰਮ ਹੀ ਹੋਵੇ।' ਪਰ ਉਹ ਕਿਨਾ ਹੀ ਚਿਰ ਸੋਚਦਾ ਰਿਹਾ — "ਕੀ ਇਹ ਭਰਮ ਸੀ?"

ਉਹ ਅਖ਼ਬਾਰ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਸੀ ਪੜ੍ਹਦਾ, ਇਸ ਲਈ ਗੋਲੀ ਚੱਲਣ ਵਾਲੀਆਂ ਘਟਨਾਵਾਂ ਬਾਰੇ ਬਹੁਤਾ ਫਿਕਰਮੰਦ ਨਹੀਂ ਸੀ ਹੁੰਦਾ। ਪਰ ਫੇਰ ਵੀ ਦਿਨੇ ਰਾਤੀਂ ਹਰ ਵੇਲੇ ਲੋਕ ਗੋਲੀਆਂ ਚੱਲਣ ਬਾਰੇ ਗੱਲਾਂ ਕਰਦੇ ਸਨ। ਇਸ ਲਈ ਹਿਰਦੇਪਾਲ ਨੂੰ ਸੁੱਤਿਆਂ ਪਿਆਂ ਸੁਪਨੇ ਵਿਚ ਇਕ ਅੱਧ ਵਾਰ ਗੋਲੀ ਚਲਦੀ ਜ਼ਰੂਰ ਦਿਸਦੀ ਸੀ। ਸਵੇਰੇ ਜਦੋਂ ਉਹ ਆਪਣੀ ਪਤਨੀ ਨਾਲ ਸੁਪਨੇ ਦੀ ਗੱਲ ਕਰਦਾ, ਤਾਂ ਉਹ ਇਕ ਗ਼ੈਰ–ਗੰਭੀਰ ਮੁਦਰਾ ਵਿਚ ਕਹਿੰਦੀ— "ਛੱਡੋ ਪਰ੍ਹਾਂ ! ਤੁਹਾਨੂੰ ਹੋਰ ਕੋਈ ਗੱਲ ਨਹੀਂ ਸੁਝਦੀ।"

"ਮੈਂ ਸੱਚ ਕਹਿਨਾਂ", ਉਹ ਪਤਨੀ ਵੱਲ ਦੇਖ ਕੇ ਕਹਿੰਦਾ, ਪਰ ਪਤਨੀ ਰਸੋਈ ਦੇ ਕੰਮ ਵਿਚ ਰੁੱਝੀ ਹੋਈ ਹੁੰਦੀ ਸੀ, ਇਸ ਲਈ ਉਹਦੇ ਵੱਲ ਬਿਲਕੁੱਲ ਧਿਆਨ ਨਾ ਦਿੰਦੀ ਅਤੇ ਬੱਚਿਆਂ ਵਿਚ ਉਲਝੀ ਰਹਿੰਦੀ। ਹਿਰਦੇਪਾਲ ਉਸ ਦੀ ਇਸ ਬੇਰੁੱਖੀ ਨੂੰ ਦੇਖ ਕੇ ਸੋਚਦਾ ਸੀ — "ਹੁਣ ਇਸ ਔਰਤ ਨੂੰ ਮੇਰੇ ਨਾਲੋਂ ਬੱਚਿਆਂ ਦਾ ਬਹੁਤਾ ਖ਼ਿਆਲ ਰਹਿੰਦੈ। ਉਹ ਵੀ ਦਿਨ ਸਨ, ਜਦੋਂ ਮੇਰੀ ਬੁੱਕਲ ਵਿਚੋਂ ਹੀ ਨਹੀਂ ਸੀ ਨਿਕਲਦੀ ! ਕਬੂਤਰੀ ਜਿਹੀ।"

ਮਿਸਜ਼ ਹਿਰਦੇਪਾਲ ਅਰਥਾਤ ਪ੍ਰੀਤੀ ਦਾ ਰੰਗ ਰੂਪ ਕੁਝ ਅਜਿਹਾ ਸੀ ਕਿ ਹਿਰਦੇਪਾਲ ਵਿਆਹ ਮਗਰਲੇ ਪਹਿਲੇ ਦਿਨਾਂ ਤੋਂ ਹੀ ਉਹਨੂੰ ਕਬੂਤਰੀ ਕਹਿਣ ਲਗ ਪਿਆ ਸੀ।

"ਕਬੂਤਰੀਏ! ਕੁਝ ਮੇਰਾ ਵੀ ਖ਼ਿਆਲ ਰੱਖਿਆ ਕਰ।" ਉਹ ਵਾਰ ਵਾਰ ਕਹਿੰਦਾ। ਪਰ ਸਵੇਰ ਦਾ ਨਾਸ਼ਤਾ ਪਰੋਸ ਰਹੀ ਉਹਦੀ ਪਤਨੀ ਪ੍ਰੀਤੀ ਬੜੀ ਗੰਭੀਰਤਾ ਨਾਲ ਉਹਨੂੰ ਪੁੱਛ ਰਹੀ ਹੁੰਦੀ — "ਤੁਹਾਨੂੰ ਦਫ਼ਤਰ ਵਿਚ ਤਾਂ ਕੋਈ ਔਖ ਨਹੀਂ ਨਾ।"

"ਕੀ ਮਤਲਬ ਤੇਰਾ?" ਪਤੀ ਉਹਦੇ ਚਿਹਰੇ ਨੂੰ ਗਹੁ ਨਾਲ ਦੇਖ ਕੇ ਪੁੱਛਦਾ ਤਾਂ ਪ੍ਰੀਤੀ ਕਹਿੰਦੀ — "ਮੇਰਾ ਮਤਲਬ ਐ, ਦਫ਼ਤਰ ਵਿਚ ਤਾਂ ਫ਼ਿਰਕਾਪ੍ਰਸਤੀ ਵਾਲੀ ਕੋਈ ਗੱਲ ਨਹੀਂ ਨਾ।"

"ਨਹੀਂ......" ਹਿਰਦੇਪਾਲ ਸਹਿਜਤਾ ਨਾਲ ਕਹਿੰਦਾ — "ਹਾਲੇ ਤਕ ਤਾਂ ਨਹੀਂ ਕੋਈ ਗੱਲ ਮਹਿਸੂਸ ਹੁੰਦੀ। ਦਫ਼ਤਰ ਵਿਚ ਸਾਰੇ ਹੀ ਲੋਕ ਰਲ–ਮਿਲ ਕੇ ਰਹਿੰਦੇ ਨੇ..... ਤੇ ਕੋਈ ਵੀ ਕਿਸੇ ਨੂੰ ਅਜਿਹੀ ਗੱਲ ਨਹੀਂ ਮਹਿਸੂਸ ਹੋਣ ਦਿੰਦਾ, ਜਿਸ ਨਾਲ ਦਿਲ ਦੁਖਦਾ ਹੋਵੇ।"

"ਇਹ ਚੰਗੀ ਗੱਲ ਐ !" ਪ੍ਰੀਤੀ ਸਹਿਜ ਹੋ ਕੇ ਕਹਿੰਦੀ — "ਆਖ਼ਰ ਤਾਂ ਰਲ–ਮਿਲ ਕੇ ਰਹਿਣ ਵਿਚ ਹੀ ਸਭ ਦਾ ਭਲਾ ਐ।" ਪ੍ਰੀਤੀ ਉਸ ਵੇਲੇ ਪਤੀ ਤੋਂ ਬਲਿਹਾਰ

ਜਾਣ ਵਾਲੀ ਅਦਾ ਨਾਲ ਉਹਦੇ ਨੇੜੇ ਪੁੱਜੀ ਹੋਈ ਹੁੰਦੀ, ਅਤੇ ਹਿਰਦੇਪਾਲ ਗੱਦ ਗੱਦ ਹੋ ਜਾਂਦਾ।

"ਹਾਂ, ਰਲ ਕੇ ਰਹਿਣ ਵਿਚ ਈ ਭਲਾ ਐ।" ਪਤੀ ਵੀ ਕਹਿੰਦਾ ਤੇ ਦਫ਼ਤਰ ਵੱਲ ਚੱਲ ਪੈਂਦਾ। ਉਸ ਵੇਲੇ ਉਹਦਾ ਗੁਆਂਢੀ ਸਰਦਾਰ ਅਮਰੀਕ ਸਿੰਘ ਉਹਨੂੰ ਆਪਣੇ ਘਰ ਦੇ ਗੇਟ ਕੋਲ ਉਡੀਕ ਰਿਹਾ ਹੁੰਦਾ। ਹਿਰਦੇਪਾਲ ਨੂੰ ਘਰੋਂ ਬਾਹਰ ਨਿਕਲਦਾ ਦੇਖ ਕੇ ਉਹ ਟਿੱਚਰ ਨਾਲ ਕਹਿੰਦਾ – "ਬੜੀ ਦੇਰ ਕਰਕੇ ਨਿਕਲਿਆ ਏਂ! ਭਰਜਾਈ ਆਰਤੀ ਉਤਾਰ ਰਹੀ ਸੀ ਬਾਹਮਣਾ!"

"ਆਹੋ ਸਿੱਖੜਿਆ!" ਹਿਰਦੇਪਾਲ ਹੱਸ ਕੇ ਜਵਾਬ ਦਿੰਦਾ ਤੇ ਉਹ ਇੱਕਠੇ ਹੀ ਦਫ਼ਤਰ ਵੱਲ ਟੁਰ ਪੈਂਦੇ। ਜਿਵੇਂ ਸਕੇ ਭਰਾ ਹੋਣ।

ਹਿਰਦੇਪਾਲ ਤੇ ਅਮਰੀਕ ਸਿੰਘ ਨੇ ਇਕੱਠਿਆਂ ਹੀ ਪਲਾਟ ਲਏ ਸਨ, ਪਰ ਹਾਲਾਤ ਖ਼ਰਾਬ ਹੁੰਦਿਆਂ ਦੇਖ ਕੇ ਹਿਰਦੇਪਾਲ ਨੇ ਮਕਾਨ ਨਾ ਬਣਾਇਆ। ਜਦੋਂ ਅਮਰੀਕ ਸਿੰਘ ਤਿੰਨ ਕਮਰਿਆਂ ਦਾ ਸੈੱਟ ਤਿਆਰ ਕਰਕੇ ਆਪਣੇ ਘਰ ਵਿਚ ਆ ਵੱਸਿਆ, ਤਦ ਉਹਨੇ ਹਿਰਦੇਪਾਲ ਨੂੰ ਵੀ ਮਕਾਨ ਬਣਾਨ ਵਾਸਤੇ ਖੁੰਦਕ ਦੇਣੀ ਸ਼ੁਰੂ ਕਰ ਦਿੱਤੀ। ਪਰ ਹਿਰਦੇਪਾਲ ਫ਼ਿਕਰਮੰਦ ਹੋ ਕੇ ਕਹਿੰਦਾ – "ਯਾਰ! ਪਤਾ ਨਹੀਂ ਹਾਲਾਤ ਨੇ ਕੇ ਰੁੱਖ ਬਦਲਣਾ ਹੈ...... ਐਵੇਂ ਕਿਉਂ ਪੈਸੇ ਗੁਆਇਆ ਕਰਾਂ?"

"ਕੁਝ ਨਹੀਂ ਹੁੰਦਾ, ਹਿਰਦੇਪਾਲ!"

"ਤੈਨੂੰ ਕਿਵੇਂ ਪਤੈ?"

"ਤੂੰ ਦੇਖ ਲਵੀਂ!"

"ਪਰ ਤੱਕੇਂ ਨਾ.....ਹਰ ਥਾਂ ਗੋਲੀ ਚੱਲ ਰਹੀ ਐ।"

ਅਮਰੀਕ ਸਿੰਘ ਹੱਸ ਕੇ ਕਹਿੰਦਾ–"ਤੇਰੇ ਵੱਲ ਜਿਹੜੀ ਗੋਲੀ ਆਈ, ਉਹ ਪਹਿਲਾਂ ਮੇਰੀ ਹਿੱਕ ਵਿਚ ਲੱਗੇਗੀ.... ਸਮਝ ਗਿਆ ਕਿ ਨਹੀਂ ..... ਬਾਹਮਣਾ! ਐਵੇਂ ਨਾਂ ਡਰੀ ਜਾ।"

ਅਮਰੀਕ ਸਿੰਘ ਦੀ ਪਤਨੀ ਸਤਵੰਤੀ ਨੇ ਪ੍ਰੀਤੀ ਨੂੰ ਪ੍ਰੇਰਿਆ, ਅਤੇ ਉਹ ਲੋਕ ਵੀ ਤਿੰਨ ਕਮਰਿਆਂ ਦਾ ਸੈੱਟ ਤਿਆਰ ਕਰਕੇ ਅੰਤ ਨੂੰ ਆਪਣੇ ਘਰ ਆ ਗਏ। ਕਾਲੋਨੀ ਦੇ ਨੇੜੇ ਖੇਤੀਬਾੜੀ ਯੂਨੀਵਰਸਿਟੀ ਦਾ ਫਾਰਮ ਵੀ ਸੀ, ਜਿਸ ਵਿਚ ਹਰ ਰੋਜ਼ ਸਵੇਰੇ ਸੈਰ ਕੀਤੀ ਜਾ ਸਕਦੀ ਸੀ। ਪਰ ਹਾਲਾਤ ਦਿਨੋਂ ਦਿਨ ਖ਼ਰਾਬ ਹੁੰਦੇ ਜਾ ਰਹੇ ਸਨ।

ਹੌਲੀ–ਹੌਲੀ ਕਰਕੇ ਜਿਹੜਾ ਉੱਥੇ ਮੁਹੱਲਾ ਵੱਸ ਗਿਆ ਸੀ, ਉਨ੍ਹਾਂ ਲੋਕਾਂ ਨੇ ਪਤਾ ਨਹੀਂ ਕਿੱਥੋਂ ਕਿਥੋਂ ਆ ਕੇ ਘਰ ਬਣਾਏ ਸਨ ਤੇ ਭਵਿੱਖ ਦੇ ਸੁਨਹਿਰੀ ਸੁਪਨੇ ਬੁਣੇ ਸਨ। ਪਰ ਹਾਲਾਤ ਖ਼ਰਾਬ ਹੋਣ ਕਰਕੇ ਹਰ ਕੋਈ ਇਕ ਦੂਸਰੇ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗ ਪਿਆ ਸੀ। ਇਸ ਮੌਕੇ ਤੇ ਵੀ ਅਮਰੀਕ ਸਿੰਘ ਨੇ ਹਿਰਦੇਪਾਲ ਨੂੰ ਨਾਲ ਲੈ ਕੇ ਮੁਹੱਲੇ ਦੇ ਲੋਕਾਂ ਦੀ ਸਭਾ ਕੀਤੀ ਅਤੇ ਇਕ ਸਦਭਾਵਨਾ ਕਮੇਟੀ ਕਾਇਮ ਕਰ ਲਈ। ਅਮਰੀਕ ਸਿੰਘ ਦੀ ਪ੍ਰੇਰਨਾ ਨਾਲ ਮੁਹੱਲੇ ਵਾਲਿਆਂ ਨੇ ਹਿਰਦੇਪਾਲ ਨੂੰ ਹੀ ਪ੍ਰਧਾਨ ਬਣਾ ਦਿੱਤਾ। ਉਸ ਵੇਲੇ ਵੀ ਅਮਰੀਕ ਸਿੰਘ ਨੇ ਉਹਨੂੰ ਕਿਹਾ "ਹੁਣ ਕਿੱਥੇ ਜਾਵੇਂਗਾ, ਬ੍ਰਾਹਮਣਾ!"

ਜਵਾਬ ਵਿਚ ਹਿਰਦੇਪਾਲ ਨੇ ਹੱਥ ਜੋੜ ਕੇ ਸਭ ਨੂੰ ਕਿਹਾ ਸੀ– "ਮੈਂ ਕਿੱਥੇ ਜਾਣਾ ਹੈ..... ਜਿਸ ਧਰਤੀ ਤੇ ਮੈਂ ਜੰਮਿਆ ਪਲਿਆ ਤੇ ਜਿੱਥੋਂ ਦੀ ਹਵਾ ਵਿਚ ਸਾਹ ਲੈ ਰਿਹਾਂ ...ਉੱਥੇ ਹੀ ਰਹਾਂਗਾ.... ਇਸ ਧਰਤੀ ਵਾਲਾ ਮਿੱਠਾ ਪਾਣੀ ਮੇਰੇ ਲਈ ਹੋਰ ਕਿੱਥੇ ਐ ?"

ਧੁੰਦ ਸੀ, ਹਰ ਪਾਸੇ ਧੁੰਦ ! ਅਤੇ ਮੂੰਹ ਨੂੰ ਮੂੰਹ ਵੀ ਦਿਖਾਈ ਨਹੀਂ ਸੀ ਦਿੰਦਾ। ਫਾਰਮ ਵਿਚ ਦੂਰ ਤਕ ਖਲੋਤੇ ਹੋਏ ਬ੍ਰਿਛ ਵੀ ਧੁੰਦ ਦੀ ਸੰਘਣੀ ਚਾਦਰ ਵਿਚ ਲੁਕੇ ਹੋਏ ਸਨ। ਜਿਸ ਵੇਲੇ ਹਿਰਦੇਪਾਲ ਘਰੋਂ ਨਿਕਲ ਕੇ ਫਾਰਮ ਵੱਲ ਵਧਿਆ, ਤਦ ਧੁੰਦ ਹੋਰ ਵੀ ਗੂੜ੍ਹੀ ਹੋ ਗਈ ਸੀ... ਜਿਵੇਂ ਬਰਫ਼ ਦੇ ਕਿਣਕੇ ਹੌਲੀ ਹੌਲੀ ਆਕਾਸ਼ ਵਿਚੋਂ ਡਿੱਗ ਰਹੇ ਹੋਣ।

"ਕੀ ਇਹ ਬਰਫ਼ੀਲੇ ਕਿਣਕੇ ਆਕਾਸ਼ ਦੇ ਹੰਝੂ ਨੇ?" ਉਹਨੂੰ ਖ਼ਿਆਲ ਆਇਆ। ਉਸ ਵੇਲੇ ਉਹ ਦੂਰ ਤਕ ਵਾਤਾਵਰਣ ਨੂੰ ਘੂਰ ਰਿਹਾ ਸੀ।

"ਕੀ ਇਹ ਵੀ ਖ਼ਰਾਬ ਦਿਨਾਂ ਦਾ ਮਾਤਮ ਕਰ ਰਹੇ ਨੇ?" ਹਿਰਦੇਪਾਲ ਨੇ ਪਤਾ ਨਹੀਂ ਕਿਸ ਨੂੰ ਸਵਾਲ ਕੀਤਾ। ਫੇਰ ਉਹ ਸੋਚਦਾ ਰਿਹਾ ਕਿ ਇਸ ਸਵਾਲ ਦਾ ਜਵਾਬ ਕੀ ਹੋ ਸਕਦਾ ਹੈ!

ਹਿਰਦੇਪਾਲ ਨੇ ਦੂਰ ਤਕ ਘੂਰ ਕੇ ਦੇਖਿਆ, ਤਾਂ ਉਹਨੂੰ ਦੂਰ ਪਰੇ ਇਕ ਮਨੁੱਖੀ ਆਕਾਰ ਖਲੋਤਾ ਨਜ਼ਰ ਆਇਆ। ਹਿਰਦੇਪਾਲ ਨੇ ਹੋਰ ਨੀਝ ਨਾਲ ਦੇਖਣ ਦਾ ਯਤਨ ਕੀਤਾ ਕਿ ਉਹ ਮਨੁੱਖੀ ਆਕਾਰ ਪਗੜੀ ਵਾਲਾ ਸੀ ਕਿ ਸਿਰੋਂ ਰੋੜਾ ਸੀ। ਪਰ ਉਹ ਚੰਗੀ ਤਰ੍ਹਾਂ ਨਾ ਪਛਾਣ ਸਕਿਆ ਅਤੇ ਫਾਰਮ ਦੇ ਉਸ ਪਾਸੇ ਵੱਲ ਟੁਰ ਪਿਆ ਜਿੱਧਰ ਉਹੋ ਜਿਹਾ ਕੋਈ ਮਨੁੱਖੀ ਆਕਾਰ ਨਹੀਂ ਸੀ।

ਜਦੋਂ ਉਹ ਧੁੰਦ ਵਿਚ ਟੁਰਿਆ ਜਾ ਰਿਹਾ ਸੀ, ਤਦ ਉਹਨੂੰ ਖ਼ਿਆਲ ਆ ਰਿਹਾ ਸੀ ਕਿ ਇਹ ਫਾਰਮ ਤਾਂ ਸੈਰਗਾਹ ਹੈ, ਕੋਈ ਕਤਲਗਾਹ ਤਾਂ ਨਹੀਂ ਜੋ ਇਥੇ ਗੋਲੀਆਂ ਚੱਲਣਗੀਆਂ। ਇਥੇ ਕਿਹੜੀ ਆਬਾਦੀ ਹੈ! ਪਰ ਫੇਰ ਵੀ ਉਹ ਧੁੰਦ ਵਿਚ ਲਿਪਟੇ ਹੋਏ ਉਸ ਮਨੁੱਖੀ ਆਕਾਰ ਦੀ ਵਿਰੋਧੀ ਦਿਸ਼ਾ ਵੱਲ ਹੀ ਚਲਦਾ ਰਿਹਾ।

ਇਸ ਫਾਰਮ ਵਿਚ ਆਮ ਤੌਰ ਤੇ ਸਵੇਰ ਸ਼ਾਮ ਬੁੱਢੇ ਠੇਰੇ ਹੀ ਸੈਰ ਸਪਾਟੇ ਲਈ ਆਉਂਦੇ ਸਨ। ਉਹੋ ਹੀ ਲੋਕ, ਜਿਨ੍ਹਾਂ ਨੇ ਹੁਣ ਦਫ਼ਤਰਾਂ ਵਿਚ ਨਹੀਂ ਸੀ ਜਾਣਾ ਅਤੇ ਫਾਰਮ ਵਿਚ ਆ ਕੇ ਬੇ-ਫ਼ਿਕਰੀ ਦੇ ਲੰਮੇ ਸਾਹ ਲੈਣੇ ਹੁੰਦੇ ਸਨ। ਇਹ ਲੰਮੇ ਲੰਮੇ ਸਾਹ ਉਨ੍ਹਾਂਦੀ ਉਮਰ ਵਧਾਉਂਦੇ ਸਨ ਅਤੇ ਉਨ੍ਹਾਂ ਵਿਚੋਂ ਕਈ ਸਰਕਾਰੀ ਪੈਨਸ਼ਨੀਏ ਆਪਣੀ ਪੈਨਸ਼ਨ ਦੀ ਸਿਲਵਰ ਜੁਬਲੀ ਵੀ ਮਨਾ ਚੁੱਕੇ ਸਨ। ਸੈਰ ਕਰਨ ਆਉਣ ਵਾਲੇ। ਹਰੇਕ ਬੰਦੇ ਨੂੰ ਇਹ ਬੁੱਢੇ ਹੱਸ ਕੇ ਕਹਿੰਦੇ-"ਸੈਰ ਲਈ ਥਾਂ ਚੰਗੀ ਐ..... ਪਰ ਕਿਤੇ ਕਿਤੇ ਝਾੜੀਆਂ ਵਿਚ ਸੱਪ ਰਹਿੰਦੇ ਨੇ... ਉਨ੍ਹਾਂ ਤੋਂ ਬਚਣ ਦੀ ਲੋੜ ਐ।"

"ਅੱਜ ਪਤਾ ਨਹੀਂ ਕਿਉਂ ਮੇਰੇ ਮਨ ਵਿਚ ਚਿੰਤਾ ਭਰਦੀ ਜਾ ਰਹੀ ਐ।" ਹਿਰਦੇਪਾਲ ਨੇ ਸੋਚਿਆ ਅਤੇ ਉਹਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਹੋਇਆ ਕਿ ਉਹਨੂੰ ਚਾਹੀਦਾ ਸੀ, ਅਮਰੀਕ ਸਿੰਘ ਨੂੰ ਨਾਲ ਲੈ ਕੇ ਆਉਂਦਾ। ਉਹਦਾ ਆਪਣਾ ਵੀ ਇਹੋ ਖ਼ਿਆਲ ਸੀ ਅਤੇ ਅਮਰੀਕ ਸਿੰਘ ਨੇ ਵੀ ਉਹਨੂੰ ਕਈ ਵਾਰ ਕਿਹਾ ਸੀ ਕਿ ਜਦੋਂ ਉਹ ਇਕੱਠੇ ਹੁੰਦੇ ਸਨ, ਤਦ ਉਨ੍ਹਾਂ ਦੇ ਮਨਾਂ ਵਿਚ ਸੁਰੱਖਿਆ ਦੀ ਭਾਵਨਾ ਬਣੀ ਰਹਿੰਦੀ ਸੀ। ਇਕੱਠ ਵਿਚ ਹੀ ਉਨ੍ਹਾਂ ਦੀ ਤਾਕਤ ਸੀ।

"ਆਪਾਂ ਦੋਵੇਂ ਇਕ ਦੂਸਰੇ ਵਾਸਤੇ ਢਾਲ ਦਾ ਕੰਮ ਕਰਦੇ ਹਾਂ।" ਅਮਰੀਕ ਸਿੰਘ ਹੱਸ ਕੇ ਕਿਹਾ ਕਰਦਾ ਸੀ। ਹਿਰਦੇਪਾਲ ਸਹਿਵਨ ਹੀ ਪੁੱਛ ਲੈਂਦਾ - "ਤੇ ਤਲਵਾਰ ਕੌਣ ਐ?"

ਤਲਵਾਰ ਤਾਂ ਹਰ ਖਰ-ਦਿਮਾਗ਼ ਬਣ ਸਕਦੈ!" ਅਮਰੀਕ ਸਿੰਘ ਕਿਸੇ ਫ਼ਲਸਫ਼ੀ ਵਾਂਗ ਕਹਿੰਦਾ - "ਪਰ ਕਿਸੇ ਲਈ ਢਾਲ ਬਣਨਾ ਅਸਲੀ ਕਰਾਮਾਤ ਹੈ।"

"ਕੀ ਤੂੰ ਕਰਾਮਾਤ ਵਿਚ ਵਿਸ਼ਵਾਸ ਰੱਖਦਾ ਏਂ?"

ਕਰਾਮਾਤ? ....ਕਰਾਮਾਤ ਹੋਰ ਕੀ ਹੁੰਦੀ ਐ?"

"ਤੇ ਅੱਜ ਮੈਂ ਅਮਰੀਕ ਸਿੰਘ ਤੋਂ ਬਗ਼ੈਰ ਹੀ ਸੈਰ ਲਈ ਆ ਗਿਆਂ!" ਹਿਰਦੇਪਾਲ ਸੋਚ ਰਿਹਾ ਸੀ। ਉਹ ਇਸ ਵੇਲੇ ਚਾਲੀਆਂ ਤੋਂ ਉੱਪਰ ਸੀ ਅਤੇ ਜੁਆਨਾਂ ਵਾਲਾ ਪੂਰਾ ਜੋਸ਼ ਤੇ ਮਰਦਾਨਗੀ ਉਹਦੇ ਵਿਚ ਕਾਇਮ ਸੀ.....ਪਰ ਜੇਕਰ ਗੋਲੀ ਸਾਹਮਣੇ ਹੋਵੇ।

"ਭਗਵਾਨ ਵੱਲੋਂ ਮੈਨੂੰ ਜਿੰਨੀ ਉਮਰ ਮਿਲੀ ਐ, ਉਹ ਪੂਰੀ ਕੀਤੇ ਬਗ਼ੈਰ ਮੈਂ ਨਹੀਂ ਮਰ ਸਕਦਾ" ਹਿਰਦੇਪਾਲ ਨੇ ਸੋਚਿਆ।

ਉਸੇ ਵੇਲੇ ਫੇਰ ਗੋਲੀ ਚੱਲੀ, ਤੇ ਹਿਰਦੇਪਾਲ ਨੇ ਆਪਣੀ ਵਿਰੋਧੀ ਦਿਸ਼ਾ ਵਿਚ ਅੱਠਵੇਂ-ਦਸਵੇਂ ਖੇਤ ਦੇ ਬੰਨੇ ਤੇ ਘੁੰਮ ਰਹੇ ਉਸ ਮਨੁੱਖੀ ਆਕਾਰ ਵੱਲ ਦੇਖਿਆ। ਗੋਲੀ ਉਸੇ ਨੇ ਹੀ ਚਲਾਈ ਸੀ। ਉਹਦੇ ਹੱਥ ਵਿਚ ਕੋਈ ਹੱਥਿਆਰ ਵੀ ਹਿਰਦੇਪਾਲ ਨੂੰ ਨਜ਼ਰ ਆਇਆ। ਇਹ ਹਕੀਕਤ ਹੈ ਕਿ ਉਹ ਬੰਦੂਕ ਹੀ ਹੋਵੇਗੀ। ਹਿਰਦੇਪਾਲ ਨੇ ਆਪਣੀਆਂ ਮੋਟੀਆਂ ਮੋਟੀਆਂ ਅੱਖਾਂ ਨੂੰ ਹੋਰ ਵੀ ਫ਼ੈਲਾ ਕੇ ਧੁੰਦ ਵਿਚੀਂ ਉਸ ਆਕਾਰ ਨੂੰ ਫੇਰ ਤੱਕਿਆ ਤਾਂ ਉਹਨੂੰ ਸਾਫ਼ ਦਿਸ ਪਿਆ ਕਿ ਉਹਦੇ ਸਿਰ ਤੇ ਪਗੜੀ ਬੱਧੀ ਹੋਈ ਸੀ, ਉਹ ਮੋਨਾ ਨਹੀਂ ਸੀ।

"ਇਹ ਕਿਹੜਾ ਸਿਰ ਫਿਰਿਆ ਇੱਥੇ ਫਾਰਮ ਵਿਚ ਆ ਕੇ ਗੋਲੀਆਂ ਚਲਾਣ ਲੱਗ ਪਿਐ?" ਹਿਰਦੇਪਾਲ ਨੇ ਬੜੀ ਤਲਖੀ ਨਾਲ ਸੋਚਿਆ। ਉਹਨੂੰ ਜਾਪ ਰਿਹਾ ਸੀ ਕਿ ਉਹ ਫਾਰਮ ਦੀ ਇਸ ਸੈਰਗਾਹ ਵਿਚ ਗੋਲੀਆਂ ਚਲਾ ਕੇ ਇਸ ਦੀ ਸ਼ਾਂਤੀ ਨੂੰ ਭੰਗ ਕਰ ਰਿਹਾ ਹੈ।

"ਪਰ ਮੈਂ ਕਿਸ ਨੂੰ ਇਹ ਗੱਲ ਦੱਸਾਂ!" ਹਿਰਦੇਪਾਲ ਸੋਚਣ ਲੱਗਾ - "ਅਮਰੀਕ ਵੀ ਮੇਰੇ ਨਾਲ ਨਹੀਂ ਹੈ।"

ਜਦੋਂ ਦੇ ਹਾਲਾਤ ਵਿਗੜੇ ਸਨ, ਉਹ ਤੇ ਅਮਰੀਕ ਹੋਰ ਵੀ ਇਕ ਦੂਸਰੇ ਦੇ ਨੇੜੇ ਹੋ ਗਏ ਸਨ। ਉਨ੍ਹਾਂ ਨੂੰ ਮਹਿਸੂਸ ਹੁੰਦਾ ਸੀ ਕਿ ਸੰਕਟ ਭਰੇ ਹਾਲਾਤ ਇਨਸਾਨੀਅਤ ਦੇ ਰਿਸ਼ਤੇ ਨੂੰ ਹੋਰ ਵੀ ਪੀਡਾ ਕਰ ਦਿੰਦੇ ਹਨ। ਅਜਿਹੇ ਵੇਲਿਆਂ ਵਿਚ ਲੋਕ ਇਕ ਦੂਸਰੇ ਦੇ ਸਾਹਵਾਂ ਦਾ ਕੇਵਲ ਨਿੱਘ ਹੀ ਨਹੀਂ ਮਹਿਸੂਸ ਕਰਦੇ, ਸਗੋਂ ਦਿਲਾਂ ਦੀ ਧੜਕਣ ਵੀ ਸੁਣਦੇ ਹਨ। ਪਰ ਅਜਿਹੇ ਹਾਲਾਤ ਉਨ੍ਹਾਂ ਨੂੰ ਘਰਾਂ ਅੰਦਰ ਵੀ ਰਹਿਣ ਲਈ ਮਜਬੂਰ ਕਰ ਦਿੰਦੇ ਹਨ।

ਤੜਕੇ ਜਦੋਂ ਉਹ ਬਿਸਤਰੇ ਵਿਚੋਂ ਉੱਠਣ ਲੱਗਾ, ਤਦ ਉਹਦੀ ਪਤਨੀ ਪ੍ਰੀਤੀ ਨੇ ਕਿਹਾ ਸੀ - "ਪਏ ਰਹੋ, ਸਵੇਰੇ ਈ ਉੱਠ ਕੇ ਸੈਰ ਲਈ ਟੁਰ ਜਾਂਦੇ ਓ।"

"ਹੋਰ ਜ਼ਿੰਦਗੀ ਭਰ ਸੁੱਤਾ ਈ ਰਹਾਂ?" ਹਿਰਦੇਪਾਲ ਕਹਿਣਾ ਚਾਹੁੰਦਾ ਸੀ, ਪਰ ਉਹਨੇ ਵੇਖਿਆ ਕਿ ਪ੍ਰੀਤੀ ਦੀਆਂ

ਅੱਖਾਂ ਮੁੰਦੀਆਂ ਹੋਈਆਂ ਸਨ ਅਤੇ ਉਹ ਕਿਤੇ ਦੂਰ ਦੇਸ਼ ਦੇ ਸੁਪਨਿਆਂ ਵਿਚ ਗੁਆਚੀ ਹੋਈ ਸੀ, ਜਿੱਥੇ ਪਿਆਰ ਹੀ ਪਿਆਰ ਦਿਖਾਈ ਦਿੰਦਾ ਹੈ। ਪਰ ਹਿਰਦੇਪਾਲ ਰੁਕਿਆ ਨਹੀਂ, ਤੇ ਗੋਤਮ ਵਾਂਗ ਅਛੋਪਲੇ ਹੀ ਕਮਰੇ ਵਿਚੋਂ ਬਾਹਰ ਨਿਕਲ ਆਇਆ ਸੀ। ਪਰ ਉਹਨੇ ਫਾਰਮ ਵੱਲ ਟੁਰਨ ਲੱਗਿਆਂ ਅਮਰੀਕ ਸਿੰਘ ਨੂੰ ਆਵਾਜ਼ ਨਹੀਂ ਦਿੱਤੀ। ਉਹ ਸੋਚ ਰਿਹਾ ਸੀ, ਅਮਰੀਕ ਵੀ ਆਪਣੀ ਸਤਵੰਤੀ ਦੇ ਨਿੱਘ ਵਿਚ ਪਿਆ ਹੋਵੇਗਾ। ਪਿਆ ਰਹੇ, ਉਹਨੂੰ ਉਠਾਇਆ ਤਾਂ ਉਹਦੀ ਪਤਨੀ ਕਿਤੇ ਸਰਾਪ ਹੀ ਨਾ ਦਿੰਦੀ ਰਹੇ।

ਦਿਨੇ ਜਦੋਂ ਦੋਵੇਂ ਔਰਤਾਂ ਇਕ ਦੂਸਰੀ ਨਾਲ ਜੁੜ ਕੇ ਹੱਸ ਹੱਸ ਕੇ ਗੱਲਾਂ ਕਰ ਰਹੀਆਂ ਹੁੰਦੀਆਂ ਤਦ ਹਿਰਦੇਪਾਲ ਅਮਰੀਕ ਸਿੰਘ ਨੂੰ ਝੰਜੋੜ ਕੇ ਕਹਿੰਦਾ – "ਦੇਖ ਇਹ ਜ਼ਨਾਨੀਆਂ ਕਿੰਨੀਆਂ ਖੁਸ਼ ਨੇ।"

"ਜ਼ਰੂਰ ਸਾਡੀਆਂ ਚੁਗਲੀਆਂ ਕਰ ਰਹੀਆਂ ਹੋਣਗੀਆਂ।" ਅਮਰੀਕ ਸਿੰਘ ਹੱਸ ਕੇ ਕਹਿੰਦਾ :

"ਮਰਦਾਂ ਬਾਰੇ ਗੱਲਾਂ ਕਰਕੇ ਔਰਤਾਂ ਬੜੇ ਚਟਖਾਰੇ ਲੈਂਦੀਆਂ ਨੇ, ਤੈਨੂੰ ਪਤਾ ਨਹੀਂ!" ਹਿਰਦੇਪਾਲ ਹੈਰਾਨੀ ਨਾਲ ਪੁੱਛਦਾ–"ਪਰ ਇਟ ਹੱਸ ਕਿਉਂ ਰਹੀਆਂ ਨੇ?"

"ਜ਼ਨਾਨੀਆਂ ਹੱਸਦੀਆਂ ਹੀ ਚੰਗੀਆਂ ਲੱਦੀਆਂ ਨੇ।" ਅਮਰੀਕ ਸਿੰਘ ਕਹਿੰਦਾ ਅਤੇ ਉਹ ਦੋਵੇਂ ਹੀ ਹੱਸ ਪੈਂਦੇ, ਇਕ ਦੂਸਰੇ ਦੇ ਹੱਥ ਤੇ ਹੱਥ ਮਾਰ ਕੇ। ਜਿਵੇਂ ਉਨ੍ਹਾਂ ਨੇ ਕੋਈ ਬਹੁਤ ਹੀ ਭੇਦ ਭਰੀ ਗੱਲ ਕਰ ਲਈ ਹੋਵੇ।

ਉਸੇ ਵੇਲੇ ਦੋਵੇਂ ਜ਼ਨਾਨੀਆਂ ਉਨ੍ਹਾਂ ਮਰਦਾਂ ਨੂੰ ਹੈਰਾਨੀ ਨਾਲ ਤੱਕਦੀਆਂ ।

ਨਿਆਣੇ ਵੀ ਇਕੱਠੇ ਹੀ ਖੇਡਦੇ ਸਨ, ਪਰ ਪਿਛਲੇ ਦਿਨੀਂ ਜਦੋਂ ਗੇਂਦ ਗੁਆਚ ਜਾਣ ਕਰਕੇ ਅਮਰੀਕ ਸਿੰਘ ਦਾ ਪੁੱਤਰ ਪਾਲਾ ਹਿਰਦੇਪਾਲ ਦੇ ਪੁੱਤਰ ਮੇਸ਼ੀ ਨਾਲ ਲੜ ਪਿਆ ਤਦ ਪਾਲੇ ਨੇ ਪਤਾ ਨਹੀਂ ਕਿਵੇਂ ਕਹਿ ਦਿੱਤਾ – "ਮੈਂ ਨਹੀਂ ਮੇਸ਼ੀ ਨਾਲ ਖੇਲਣਾ ਇਹ ਹਿੰਦੂ ਐ।"

ਅਮਰੀਕ ਸਿੰਘ ਨੇ ਆਪਣੇ ਪੁੱਤਰ ਦੀ ਗੱਲ ਸੁਣੀ ਤਾਂ ਉਹਨੂੰ ਸੱਤੀ ਕੱਪੜੀ ਅੱਗ ਲੱਗ ਗਈ – "ਉਏ ਜੇ ਮੇਸ਼ੀ ਹੋਰੀਂ ਹਿੰਦੂ ਆ ਤਾਂ ਅਸੀਂ ਕੌਣ ਆਂ, ਉਏ ਛੋਹਰਿਆ!" ਉਹ ਆਪਣੇ ਪੱਤਰ ਦੇ ਡੱਕਰੇ ਕਰ ਦੇਣਾ ਚਾਹੁੰਦਾ ਸੀ.... ਪਰ ਉਸ ਵੇਲੇ ਹਿਰਦੇਪਾਲ ਨੇ ਪਾਲੇ ਨੂੰ ਅਮਰੀਕ ਸਿੰਘ ਕੋਲੋਂ ਛੁਡਾਇਆ। ਓਹ ਕਹੀ ਜਾਵੇ – "ਅਸੀਂ ਵੀ ਤਾਂ ਸਿੱਖ ਈ ਆਂ ਪੁੱਤ ਪਾਲਿਆ ! ਤੇ ਤੂੰ ਇਹ ਕੀ ਗੱਲ ਕਹਿ ਦਿੱਤੀ ਐ!"

"ਚਲੋ ਛੱਡੋ!" ਪਾਲੇ ਤੇ ਮੇਸ਼ੀ ਦੀਆਂ ਮਾਵਾਂ ਕਹੀ ਜਾ ਰਹੀਆਂ ਸਨ – "ਬੱਚੇ ਨੇ ਹਾਲੇ.... ਪਤਾ ਨਹੀਂ ਕਿੱਥੋਂ ਸੁਣ ਆਏ ਨੇ ਲੜਾਈ ਦੀਆਂ ਗੱਲਾਂ।"

ਪਰ ਸਾਰੇ ਹੀ ਉਦਾਸ ਹੋ ਗਏ ਲੱਗਦੇ ਸਨ। ਉਸ ਵੇਲੇ ਹਿਰਦੇਪਾਲ ਦੀ ਛੋਟੀ ਬੇਟੀ ਪੋਪੀ ਪਤਾ ਨਹੀਂ ਕੀ ਕਹਿ ਰਹੀ ਸੀ। ਸਾਰੇ ਹੀ ਆਪਣੀਆਂ ਗੱਲਾਂ ਵੱਲੋਂ ਧਿਆਨ ਮੋੜ ਕੇ ਪੋਪੀ ਵੱਲ ਚੱਲ ਪਏ। ਉਹ ਹੁਣ ਚਹੁੰ ਵਰ੍ਹਿਆਂ ਦੀ ਹੋਣ ਲੱਗੀ ਸੀ। ਹਰਿਮੰਦਰ ਸਾਹਿਬ ਨਾਲ ਵਾਪਰੀ ਦੁਰਘਟਨਾ ਦੇ ਕੁਝ ਦਿਨਾਂ ਮਗਰੋਂ ਹੀ ਜਦੋਂ ਅਮਰੀਕ ਸਿੰਘ ਦੀ ਮਾਤਾ ਇਸ ਵੱਡੇ ਸਦਮੇ ਕਾਰਣ ਪ੍ਰਾਣ ਤਿਆਗ ਗਈ, ਤਦ ਪ੍ਰੀਤੀ ਨੇ ਇਸ ਬੱਚੀ ਨੂੰ ਜਨਮ ਦਿੱਤਾ ਸੀ। ਉਨ੍ਹਾਂ ਦਿਨਾਂ ਵਿਚ ਹਿਰਦੇਪਾਲ ਸਰਕਾਰੀ ਡਿਊਟੀ ਤੇ ਦਿੱਲੀ ਗਿਆ ਹੋਇਆ ਸੀ ਅਤੇ ਉਥੇ ਹੀ ਘਿਰ ਕੇ ਰਹਿ ਗਿਆ ਸੀ। ਜਿਸ ਵੇਲੇ ਪ੍ਰੀਤੀ ਨੂੰ ਜੰਮਣ–ਪੀੜਾਂ ਸ਼ੁਰੂ ਹੋਈਆਂ, ਤਦ ਸਤਵੰਤੀ ਅਤੇ ਅਮਰੀਕ ਸਿੰਘ ਉਸ ਨੂੰ ਬਿਕਰਮ ਮੈਟਰਨਿਟੀ ਹੋਮ ਵਿਚ ਲੈ ਗਏ ਸਨ। ਸਤਵੰਤੀ ਵਾਰ ਵਾਰ ਹੱਥ ਜੋੜ ਕੇ ਕਹਿੰਦੀ – "ਹੇ ਅਕਾਲ ਪੁਰਖ! ਮੇਰੀ ਭੈਣ ਤੇ ਮਿਹਰ ਭਰਿਆ ਹੱਥ ਰੱਖੀਂ, ਤੇ ਮੇਰੀ ਲਾਜ ਰਹੇ।"

ਤਿੰਨ ਦਿਨਾਂ ਤਕ ਪ੍ਰੀਤੀ ਪੀੜਾਂ ਨਾਲ ਪ੍ਰੇਸ਼ਾਨ ਰਹੀ, ਪਰ ਫੇਰ ਪੋਪੀ ਅਕਾਲ ਪੁਰਖ ਦੀ ਮਿਹਰ ਨਾਲ ਚਲੀ ਆਈ ਸੀ। ਉਸ ਦੇ ਮਾਸੂਮ ਚਿਹਰੇ ਨੂੰ ਤੱਕ ਕੇ ਅਮਰੀਕ ਸਿੰਘ ਨੇ ਕਿਹਾ ਸੀ – "ਬਿਲਕੁਲ ਮੇਰੀ ਮਾਤਾ ਵਰਗੇ ਨੈਣ–ਨਕਸ਼ ਨੇ! ਜ਼ਰੂਰ ਉਸੇ ਨੇ ਹੀ ਇਸ ਬੱਚੀ ਦੇ ਰੂਪ ਵਿਚ ਜਨਮ ਲਿਆ ਹੈ।"

ਸਤਵੰਤੀ ਨੇ ਵੀ ਪ੍ਰੀਤੀ ਕੋਲ ਇਸ ਹਕੀਕਤ ਦੀ ਪੁਸ਼ਟੀ ਕੀਤੀ ਸੀ– "ਪ੍ਰੀਤੀਏ! ਮੇਰੀ ਸੱਸ ਕਿਹਾ ਕਰਦੀ ਸੀ, ਮੈਂ ਮਰ ਕੇ ਵੀ ਤੁਹਾਡੇ ਕੋਲ ਈ ਰਵ੍ਹਾਂਗੀ। ਮੈਂ ਤਾਂ ਡਰ ਈ ਜਾਂਦੀ ਹੁੰਦੀ ਸਾਂ, ਉਹਦੀ ਗੱਲ ਸੁਣ ਕੇ ਕਿ ਕਿਤੇ ਉਹ ਪ੍ਰੇਤ ਹੀ ਨਾ ਬਣ ਜਾਵੇ.... ਪਰ ਤੇਰੀ ਐਹ ਧੀ ਤਾਂ ਉਸੇ ਦਾ ਹੀ ਰੂਪ ਐ।"

ਪੋਪੀ ਧੀ ਤਾਂ ਪ੍ਰੀਤੀ ਦੀ ਹੀ ਸੀ, ਪਰ ਸਤਵੰਤੀ ਵੀ ਉਹਨੂੰ ਆਪਣੀ ਹੀ ਧੀ ਸਮਝਦੀ ਸੀ।

ਦੋਵਾਂ ਘਰਾਂ ਵਿਚਕਾਰ ਜਿਹੜੀ ਸਾਂਝੀ ਕੰਧ ਸੀ, ਉਸ ਵਿਚਕਾਰ ਇਕ ਦਰਵਾਜ਼ੇ ਜਿੱਡਾ ਰਾਹ ਰੱਖਿਆ ਹੋਇਆ ਸੀ, ਜਿਸ ਵਿਚੀਂ ਦੋਵਾਂ ਪਰਿਵਾਰਾਂ ਦੇ ਸਭੋ ਜੀਅ ਇਕ ਦੂਸਰੇ ਦੇ ਘਰ ਆ ਜਾ ਸਕਦੇ ਸਨ। ਦੋਵਾਂ ਘਰਾਂ ਦੀਆਂ ਰਸੋਈਆਂ

ਵੀ ਸਾਂਝੀਆਂ ਹੀ ਸਨ ਅਤ ਹੋਰ ਸਭ ਚੀਜ਼ਾਂ ਵੀ। ਇਕ ਤਰ੍ਹਾਂ ਨਾਲ ਉਹ ਘਰ ਤਾਂ ਦੋ ਹੀ ਸਨ ਪਰ ਅਸਲ ਵਿਚ ਉਹ ਇਕੋ ਹੀ ਘਰ ਪ੍ਰਤੀਤ ਹੁੰਦਾ ਸੀ। ਜਿਹੜੀ ਚੀਜ਼ ਇਕ ਘਰ ਵਿਚ ਨਾ ਹੁੰਦੀ, ਉਹ ਦੂਸਰੇ ਵਿਚੋਂ ਲੈ ਲਈ ਜਾਂਦੀ। ਦੋਵਾਂ ਘਰਾਂ ਦੇ ਪ੍ਰਾਹੁਣੇ ਵੀ ਸਾਂਝੇ ਹੀ ਹੁੰਦੇ ਸਨ।

ਲੋਕ ਕਹਿੰਦੇ ਸਨ–"ਜਿਨ੍ਹਾਂ ਘਰਾਂ ਵਿਚ ਜ਼ਨਾਨੀਆਂ ਦੇ ਖ਼ਿਆਲਾਂ ਦੀ ਸਾਂਝ ਹੋਵੇ, ਉੱਥੇ ਕਦੀ ਵੀ ਬੇਇਤਫ਼ਾਕੀ ਨਹੀਂ ਪੈਦਾ ਹੋ ਸਕਦੀ।"

ਸਤਵੰਤੀ ਕਿਸੇ ਵੇਲੇ ਪ੍ਰੀਤੀ ਨੂੰ ਕਹਿੰਦੀ – "ਤੂੰ ਆਪਣੇ ਮੱਥੇ ਤੇ ਕੱਜਲ ਲਾ ਲਿਆ ਕਰ।"

"ਕਿਉਂ?" ਪ੍ਰੀਤੀ ਮਸਤੀ ਨਾਲ ਪੁੱਛਦੀ ਤਾਂ ਸਤਵੰਤੀ ਕਹਿੰਦੀ – "ਜ਼ਨਾਨੀਆਂ ਕਹਿੰਦੀਆਂ, ਤੂੰ ਬਹੁਤੀ ਸੋਹਣੀ ਏਂ।"

"ਤੇਰੇ ਨਾਲੋਂ ਵੀ ਵੱਧ ਕੇ?" ਪ੍ਰੀਤੀ ਖਿੜ ਕੇ ਪੁੱਛਦੀ ਤੇ ਸਤਵੰਤੀ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਉਹਦੇ ਬੁਲ੍ਹਾਂ ਤੇ ਉਂਗਲਾਂ ਰੱਖ ਦਿੰਦੀ – "ਬੱਸ, ਹੋਰ ਕੁਝ ਨਾ ਕਹੀਂ।"

ਧੁੰਦ ਦਾ ਇਕ ਹੋਰ ਜ਼ਬਰਦਸਤ ਬੁੱਲ੍ਹਾ ਕਿਸੇ ਪਾਸਿਉਂ ਆ ਗਿਆ ਸੀ ਅਤੇ ਲੱਗਦਾ ਸੀ ਕਿ ਦਿਨ ਭਰ ਇਸੇ ਤਰ੍ਹਾਂ ਦਾ ਬੇ–ਪਛਾਣ ਮੌਸਮ ਬਣਿਆ ਰਹੇਗਾ। ਸ਼ਾਇਦ ਅੱਜ ਸੂਰਜ ਨਜ਼ਰ ਹੀ ਨਾ ਆਵੇ। ਧੁੰਦ ਸਾਹਮਣੇ ਕਈ ਵਾਰ ਸੂਰਜ ਵੀ ਮਜਬੂਰ ਪ੍ਰਤੀਤ ਹੁੰਦਾ ਹੈ।

ਹਿਰਦੇਪਾਲ ਦੇ ਕਪੜੇ ਸਿੱਲ੍ਹੇ ਹੁੰਦੇ ਜਾ ਰਹੇ ਸਨ। ਪਰ ਇਹ ਕੋਈ ਚਿੰਤਾ ਵਾਲੀ ਗੱਲ ਨਹੀਂ ਸੀ। ਜਦੋਂ ਦਾ ਦਸੰਬਰ ਦਾ ਮਹੀਨਾ ਸ਼ੁਰੂ ਹੋਇਆ ਸੀ, ਇਸੇ ਤਰ੍ਹਾਂ ਦਾ ਮੌਸਮ ਬਣਿਆ ਹੋਇਆ ਸੀ। ਪਰ ਅੱਗੇ ਕਦੀ ਵੀ ਇਥੇ ਫਾਰਮ ਵਿਚ ਕੋਈ ਬੰਦਾ ਬੰਦੂਕ ਲੈ ਕੇ ਨਹੀਂ ਸੀ ਆਇਆ, ਤੇ ਅੱਜ ਇੱਥੇ ਗੋਲੀਆਂ ਵੀ ਚੱਲ ਰਹੀਆਂ ਸਨ। ਇਹ ਫਾਰਮ ਇਕ ਤਰ੍ਹਾਂ ਨਾਲ ਸੈਰ ਕਰਨ ਵਾਲਿਆਂ ਵਾਸਤੇ ਅਮਨ ਭਰਪੂਰ ਬਾਗ਼ ਹੀ ਸੀ। ਸ਼ਹਿਰ ਵਿਚ ਜਿਹੜਾ ਕਦੀ ਬਾਗ਼ ਹੁੰਦਾ ਸੀ, ਉਸ ਦੀ ਕਟਾਈ ਕਰਕੇ ਕਾਰਪੋਰੇਸ਼ਨ ਵਾਲਿਆਂ ਨੇ ਉੱਥੇ ਆਪਣੇ ਦਫ਼ਤਰ ਬਣਾ ਲਏ ਸਨ ਅਤੇ ਬਾਗ਼ ਹੁਣ ਬਾਗ਼ ਹੀ ਨਹੀਂ ਸੀ ਰਿਹਾ। ਇਸ ਲਈ ਲੋਕ ਏਧਰ ਦੌੜਦੇ ਸਨ......

ਅਤੇ ਅਮਰੀਕ ਸਿੰਘ ਕਹਿੰਦਾ ਸੀ – "ਸਾਡੇ ਦੇਸ਼ ਵਿਚ ਭਰਪੂਰ ਤੇ ਮਹਿਕਦੇ ਬਾਗ਼ ਨਹੀਂ ਰਹੇ, ਇਸੇ ਲਈ ਲੋਕ ਅਪਰਾਧੀ ਹੁੰਦੇ ਜਾ ਰਹੇ ਨੇ।"

"ਤੂੰ ਕਹਿਣਾ ਕੀ ਚਾਹੁੰਦਾ ਏਂ?" ਹਿਰਦੇਪਾਲ ਉਹਨੂੰ ਟੁੰਬਦਾ ਤਾਂ ਉਹ ਜਵਾਬ ਦਿੰਦਾ – ਫ਼ਾਰਸੀ ਦੀ ਇਕ ਕਹਾਵਤ ਸੁਣ :

"ਦੋਸਤੀ ਦੇ ਬਿਰਛ ਲਾਵੋ, ਤਾਂ ਕਿ ਤੁਸੀਂ ਮਨ ਇਛਿਤ ਫਲ ਪ੍ਰਾਪਤ ਕਰ ਸਕੋ। ਦੁਸ਼ਮਣੀ ਦੇ ਪੌਦੇ ਜੜ੍ਹੋਂ ਕੱਢ ਸੁੱਟੋ, ਕਿਉਂਕਿ ਉਹ ਬੇਸ਼ੁਮਾਰ ਗ਼ਮ ਦਿੰਦੇ ਨੇ।"

ਅਮਰੀਕ ਸਿੰਘ ਦੀ ਪਤਨੀ ਵੀ ਜਦੋਂ ਸਵੇਰੇ ਉਠ ਕੇ ਉਹਨੂੰ ਬਾਹਰ ਵੱਲ ਟੁਰਨ ਲੱਗੇ ਨੂੰ ਦੇਖਦੀ ਤਾਂ ਪੁੱਛਦੀ – "ਹੁਣ ਕਿੱਥੇ ਚੱਲੇ ਹੋ।"

"ਫਾਰਮ ਵਿਚ।"

"ਉਹ ਕੋਈ ਬਾਗ਼ ਐ, ਜਿੱਥੇ ਸੈਰ ਲਈ ਜਾਂਦੇ ਹੋ?"

"ਬਾਗ਼ ਤਾਂ ਰਹਿ ਗਿਆ ਸਵਰਗ ਵਿਚ।" ਅਮਰੀਕ ਸਿੰਘ ਹੱਸ ਕੇ ਕਹਿੰਦਾ – "ਤੇ ਉਥੇ ਤੂੰ ਵਰਜਿਤ ਫਲ ਖਾ ਕੇ ਮੈਨੂੰ ਵੀ ਨਾਲ ਹੀ ਕੱਢ ਲਿਆਈ ਸੌਂ... ਹੁਣ ਉੱਥੇ ਤਾਂ ਸਾਨੂੰ ਕਿਸੇ ਨੇ ਜਾਣ ਨਹੀਂ ਦੇਣਾ।"

ਸਤਵੰਤੀ ਹੱਸ ਕੇ ਕਹਿੰਦੀ–"ਜੇ ਮੈਂ ਤੁਹਾਨੂੰ ਸਵਰਗ ਵਿਚੋਂ ਕੱਢ ਲਿਆਈ ਹਾਂ, ਤਾਂ ਕਿਤੇ ਮਾੜੀ ਥਾਵੇਂ ਤਾਂ ਨਹੀਂ ਲਿਆ ਸੁਟਿਆ। ਆਪਣਾ ਘਰ ਐ, ਬੱਚੇ ਨੇ.... ਆਂਢ ਗੁਆਂਢ ਐ..... ਤੇ ਹੋਰ ਕੀ ਕੁਝ ਨਹੀਂ......ਤੇ ਉੱਥੇ ਸਵਰਗ ਦੇ ਬਾਗ਼ ਵਿਚ ਕੀ ਸੀ?"

ਅਮਰੀਕ ਸਿੰਘ ਆਪਣੀ ਪਤਨੀ ਦੀ ਇਹ ਤਿੱਖੀ ਗੱਲ ਸੁਣ ਕੇ ਸੋਚਦਾ–"ਸਤਵੰਤੀ ਸਵਰਗ ਦੀ ਉਸ ਹੱਵਾ ਵਾਂਗ ਮਾਸੂਮ ਨਹੀਂ ਰਹੀ, ਸਗੋਂ ਪੂਰੀ ਤਰ੍ਹਾਂ ਦੁਨੀਆਂਦਾਰ ਹੋ ਗਈ ਹੈ.... ਭਲੇ ਬੁਰੇ ਦੀ ਸੋਝੀ ਰੱਖਣ ਵਾਲੀ.... ਅਤੇ ਮਰਦ ਦੀ ਵਫ਼ਾਦਾਰ ਸਾਥੀ....."

ਅਮਰੀਕ ਸਿੰਘ ਨੂੰ ਲੱਗਦਾ ਕਿ ਉਹਦੀ ਪਤਨੀ ਦੀ ਗੱਲ ਪੂਰੀ ਤਰ੍ਹਾਂ ਠੀਕ ਸੀ।

"ਉਦੋਂ ਤੋਂ ਲੈ ਕੇ ਅੱਜ ਤਕ ਪਹਿਲ ਸਦਾ ਹੀ ਜ਼ਨਾਨੀ ਦੇ ਹੱਥ 'ਚ ਰਹੀ ਐ।" ਅਮਰੀਕ ਸਿੰਘ ਆਪਣੀ ਪਤਨੀ ਦੀ ਤਾਰੀਫ਼ ਕਰਦਾ ਹੋਇਆ ਕਹਿੰਦਾ – "ਜ਼ਨਾਨੀ ਚਾਹਵੇ ਤਾਂ ਇਸ ਧਰਤੀ ਨੂੰ ਹੀ ਸਵਰਗ ਬਣਾ ਦੇਵੇ..... ਜਾਂ....."

ਉਹ ਕਹਿਣਾ ਚਾਹੁੰਦਾ ਸੀ–"ਜ਼ਨਾਨੀ ਜਤੀਆਂ–ਤਪੀਆਂ ਦਾ ਬੇੜਾ ਵੀ ਗਰਕ ਕਰ ਸਕਦੀ ਹੈ।" ਪਰ ਉਹਨੇ ਨਹੀਂ ਕਿਹਾ। ਉਹ ਆਪਣੀ ਸਤਵੰਤੀ ਦਾ ਬਹੁਤ ਮਾਣ ਕਰਦਾ ਸੀ ਤੇ ਉਹਦੇ ਸਾਹਮਣੇ ਔਰਤ ਜਾਤ ਦੇ ਵਿਰੁੱਧ ਨਹੀਂ ਸੀ ਬੋਲ ਸਕਦਾ।

"ਜਾਂ...ਕੀ?" ਸਤਵੰਤੀ ਪੁੱਛਦੀ ਤਾਂ ਅਮਰੀਕ ਸਿੰਘ ਹੱਸ ਕੇ ਕਹਿੰਦਾ —"ਹੋਰ ਕੁਝ ਵੀ ਕਰ ਸਕਦੀ ਹੈ ਔਰਤ।"

"ਤੇ ਮਰਦ?"

"ਮਰਦ ਮਾਰਧਾੜ ਕਰ ਸਕਦੇ ਨੇ, ਇਕ ਦੂਸਰੇ ਨੂੰ ਨਫ਼ਰਤ ਕਰ ਸਕਦੇ ਨੇ, ਅਤੇ ਹੱਸਦੇ ਵੱਸਦੇ ਸ਼ਹਿਰਾਂ ਤੇ ਲੋਕਾਂ ਨੂੰ ਉਜਾੜ ਸਕਦੇ ਨੇ।"

"ਤੇ ਗੋਲੀਆਂ?" ਸਤਵੰਤੀ ਪਤੀ ਨੂੰ ਚੇਤਾ ਕਰਾ ਕੇ ਕਹਿੰਦੀ — "ਗੋਲੀਆਂ ਵੀ ਮਰਦ ਹੀ ਚਲਾਉਂਦੇ ਨੇ......"

"ਗੋਲੀਆਂ ਬਣਾਈਆਂ ਜੁ ਮਰਦਾਂ ਨੇ ਆ!" ਅਮਰੀਕ ਸਿੰਘ ਕੁਝ ਦੁਖੀ ਹੋ ਕੇ ਜਵਾਬ ਦਿੰਦਾ, ਤੇ ਬਹਿਸ ਖ਼ਤਮ ਹੋ ਜਾਂਦੀ। ਅਮਰੀਕ ਸਿੰਘ ਆਪਣੀ ਪਤਨੀ ਨੂੰ ਬਿਸਤਰੇ ਵਿਚ ਹੀ ਛੱਡ ਕੇ ਬਾਹਰ ਵੱਲ ਟੁਰ ਪੈਂਦਾ, ਜਿੱਥੇ ਹਿਰਦੇ ਪਾਲ ਉਹਦੀ ਉਡੀਕ ਕਰ ਰਿਹਾ ਹੁੰਦਾ ਸੀ। ਜੇਕਰ ਅਮਰੀਕ ਸਿੰਘ ਕੁਝ ਪਲਾਂ ਲਈ ਲੇਟ ਹੋ ਜਾਂਦਾ, ਤਦ ਹਿਰਦੇਪਾਲ ਹੱਸ ਕੇ ਕਹਿੰਦਾ—"ਜ਼ਨਾਨੀ ਦਾ ਏਨਾ ਮੋਹ ਨਹੀਂ ਕਰੀਦਾ ਸਿੰਘਾ।"

"ਮੋਹ ਤਾਂ ਹੁੰਦਾ ਈ ਐ!" ਅਮਰੀਕ ਸਿੰਘ ਵੀ ਹੱਸ ਕੇ ਕਹਿੰਦਾ — "ਜ਼ਨਾਨੀ ਨਾਲ ਮੋਹ ਨਾ ਹੋਵੇ, ਤਾਂ ਦੁਨੀਆ ਕਿਵੇਂ ਚੱਲੇ। ਜ਼ਨਾਨੀ ਦਾ ਮੋਹ ਹੀ ਮਰਦ ਨੂੰ ਵਹਿਸ਼ੀ ਯੁਗ ਵਿਚੋਂ ਕੱਢ ਕੇ ਕਲਾਤਮਕ ਜੁਗ ਵਿਚ ਲਿਆਇਆ ਹੈ। ਮੋਹ ਨਾਲ ਈ ਅੱਜ ਵੀ ਸੰਸਾਰ ਦੀ ਖੇਡ ਚੱਲ ਰਹੀ ਐ।"

"ਤੇ ਹੁਣ ਲਗਦੈ ਲੋਕਾਂ ਵਿਚੋਂ ਮੋਹ ਖ਼ਤਮ ਹੋ ਜਾਵੇਗਾ।" ਹਿਰਦੇਪਾਲ ਕੁਝ ਕੁ ਪਰੇਸ਼ਾਨ ਹੋ ਕੇ ਕਹਿੰਦਾ — "ਹੁਣ ਮੋਹ ਗੋਲੀ ਨਾਲ ਹੋਵੇਗਾ।"

"ਨਹੀਂ, ਇਹ ਵਕਤੀ ਗੱਲਾਂ ਨੇ!" ਅਮਰੀਕ ਸਿੰਘ ਉਸ ਦਾ ਮੋਢਾ ਘੁਟ ਕੇ ਕਹਿੰਦਾ — "ਤੂੰ ਪਰੇਸ਼ਾਨ ਨਾ ਹੋਇਆ ਕਰ। ਜੇ ਗਰਮੀ ਦਾ ਮੌਸਮ ਨਹੀਂ ਰਿਹਾ ਤਾਂ ਇਹ ਸਰਦੀ ਦਾ ਮੌਸਮ ਵੀ ਨਹੀਂ ਰਹਿਣਾ।"

'ਠੱਸ' ਦੀ ਆਵਾਜ਼ ਨਾਲ ਇਕ ਵਾਰ ਫੇਰ ਗੋਲੀ ਚੱਲੀ ਤਾਂ ਹਿਰਦੇਪਾਲ ਉਸ ਪਾਸੇ ਵੱਲ ਟੁਰ ਪਿਆ, ਜਿਧਰੋਂ ਗੋਲੀ ਦੀ ਆਵਾਜ਼ ਆ ਰਹੀ ਸੀ। ਇਹ ਆਵਾਜ਼ ਉਸ ਨੂੰ ਬਹੁਤ ਬੁਰੀ ਲੱਗੀ ਸੀ।

"ਮੈਂ ਇਹਨੂੰ ਪੁੱਛ ਈ ਲਵਾਂ.....ਇਹ ਕੀ ਚਾਹੁੰਦੈ, ਕੋਈ?" ਅਤੇ ਹਿਰਦੇਪਾਲ ਬੜੀ ਦਲੇਰੀ ਨਾਲ ਗੋਲੀ ਚਲਾਣ ਵਾਲੇ ਉਸ ਮਨੁੱਖੀ ਆਕਾਰ ਵੱਲ ਟੁਰ ਪਿਆ। ਪਰ ਉਹਨੇ ਦੇਖਿਆ, ਗੋਲੀ ਚਲਾਣ ਵਾਲਾ ਉਹ ਸਰਦਾਰ ਉਸ ਦੀ ਵਿਰੋਧੀ ਦਿਸ਼ਾ ਵੱਲ ਟੁਰ ਪਿਆ ਸੀ। ਹਿਰਦੇਪਾਲ ਫੇਰ ਰੁੱਖ ਬਦਲ ਕੇ ਉਹਦੇ ਵੱਲ ਵਧਿਆ, ਤਦ ਉਹਨੇ ਫੇਰ ਹਿਰਦੇਪਾਲ ਦੀ ਵਿਰੋਧੀ ਦਿਸ਼ਾ ਫੜ ਲਈ। ਇਸ ਤਰ੍ਹਾਂ ਉਹ ਕਿੰਨਾ ਹੀ ਚਿਰ ਇਕ ਦੂਸਰੇ ਦੀ ਵਿਰੋਧੀ ਦਿਸ਼ਾ ਵਿਚ ਟੁਰਦੇ ਰਹੇ।

"ਇਹ ਕੋਈ ਮਨੁੱਖ ਐ ਕਿ ਭੂਤ-ਪ੍ਰੇਤ!" ਹਿਰਦੇਪਾਲ ਨੇ ਹੈਰਾਨੀ ਨਾਲ ਸੋਚਿਆ—"ਪਤਾ ਨਹੀਂ ਇਹ ਚੀਜ਼ ਕੀ ਐ। ਨੱਸਿਆ ਈ ਜਾ ਰਿਹੈ!" ਫੇਰ ਉਹਨੇ ਜ਼ੋਰ ਨਾਲ ਉਹਨੂੰ ਆਵਾਜ਼ ਵੀ ਦਿੱਤੀ — "ਰੁਕ ਜਾ ਉਏ! ਤੂੰ ਜੋ ਕੋਈ ਵੀ ਏਂ, ਰੁਕ ਜਾ! ਤੇ ਗੋਲੀ ਨਾ ਚਲਾ! ਫਾਰਮ ਦਾ ਅਮਨ-ਅਮਾਨ ਖ਼ਤਰੇ 'ਚ ਪੈਂਦੇ, ਤੈਨੂੰ ਪਤਾ ਨਹੀਂ!" ਹਿਰਦੇਪਾਲ ਦੀ ਆਵਾਜ਼ ਬਹੁਤ ਉੱਚੀ ਅਤੇ ਤਿੱਖੀ ਸੀ।

ਹਿਰਦੇਪਾਲ ਨੂੰ ਜਾਪਿਆ ਕਿ ਉਸ ਬੰਦੇ ਨੇ ਮੁੜ ਕੇ ਉਹਦੇ ਵੱਲ ਦੇਖਿਆ ਅਤੇ ਹੱਥ ਦੇ ਇਸ਼ਾਰੇ ਨਾਲ ਆਪਣੇ ਕੋਲ ਆਉਣ ਵਾਸਤੇ ਉਹਨੂੰ ਸੰਕੇਤ ਵੀ ਕੀਤਾ। ਪਰ ਉਹਦੇ ਇਸ ਸੰਕੇਤ ਨਾਲ ਹਿਰਦੇਪਾਲ ਦਾ ਦਿਲ ਧੜਕ ਗਿਆ। ਉਹਨੇ ਆਲੇ ਦੁਆਲੇ ਵੱਲ ਤੱਕਿਆ, ਧੁੰਦ ਤਾਂ ਕੁਝ ਕੁਝ ਛੰਡ ਗਈ ਸੀ, ਪਰ ਫਾਰਮ ਵਿਚ ਹਾਲੇ ਤਕ ਹੋਰ ਕੋਈ ਵੀ ਸੈਰ ਕਰਨ ਵਾਲਾ ਨਹੀਂ ਨਜ਼ਰ ਆ ਰਿਹਾ। ਉਹ ਸੀ, ਜਾਂ ਉਹ ਦੂਸਰਾ ਗੋਲੀ ਚਲਾ ਰਿਹਾ ਸਰਦਾਰ।

"ਪਤਾ ਨਹੀਂ, ਲੋਕਾਂ ਨੂੰ ਬਿਸਤਰਿਆਂ ਦਾ ਮੋਹ ਕਿਉਂ ਨਹੀਂ ਛੱਡਦਾ।" ਹਿਰਦੇਪਾਲ ਨੂੰ ਖ਼ਿਆਲ ਆਇਆ, ਅਤੇ ਪਤਾ ਨਹੀਂ ਕੀ ਸੋਚ ਕੇ ਉਹ ਉਸ ਸਰਦਾਰ ਵੱਲ ਨੂੰ ਟੁਰ ਪਿਆ। ਟੁਰਿਆ ਜਾਂਦਾ ਉਹ ਸੋਚ ਰਿਹਾ ਸੀ — "ਕੀ ਕਰ ਲਵੇਗਾ ਉਹ ਮੇਰਾ । ਵੱਧ ਤੋਂ ਵੱਧ ਗੋਲੀ ਹੀ ਮਾਰ ਦੇਵੇਗਾ.... ਤੇ ਗੋਲੀ ਤੋਂ ਡਰਨ ਵਾਲੀ ਹੁਣ ਕਿਹੜੀ ਗੱਲ ਰਹਿ ਗਈ ਐ।"

ਪਿਛਲੀ ਦਿਨੀਂ ਜਦੋਂ ਉਹ ਅਮਰੀਕ ਸਿੰਘ ਨਾਲ ਇਨ੍ਹਾਂ ਹੀ ਪਗਡੰਡੀਆਂ ਤੇ ਸੈਰ ਕਰ ਰਿਹਾ ਸੀ, ਤਦ ਇਕ ਭੂਰਾ ਸੱਪ ਇਕ ਝਾੜੀ ਵਿਚੋਂ ਨਿਕਲ ਕੇ ਉਹਦੇ ਵੱਲ ਵਧਿਆ ਸੀ, ਪਰ ਸਰਦੀ ਦੇ ਪ੍ਰਭਾਵ ਨਾਲ ਉਹ ਕਾਫ਼ੀ ਸੁਸਤ ਹੋ ਚੁੱਕਾ ਸੀ, ਜਿਸ ਕਰਕੇ ਜ਼ੋਰ ਨਾਲ ਫੁੰਕਾਰਾ ਨਹੀਂ ਸੀ ਮਾਰ ਸਕਿਆ। ਉਹ ਫੁੰਕਾਰਾ ਮਾਰ ਦਿੰਦਾ ਤਾਂ ਉਨ੍ਹਾਂ ਦੋਵਾਂ ਨੇ ਕਾਫ਼ੀ ਪਰੇਸ਼ਾਨ ਹੋਣਾ ਸੀ। ਹਿਰਦੇਪਾਲ ਨੇ ਉਹਦੇ ਭੂਰੇ ਰੰਗ ਨੂੰ ਦੇਖ ਕੇ ਕਿਹਾ ਸੀ — "ਭਰਾਵਾ, ਤੂੰ ਕਿਉਂ ਤਕਲੀਫ਼ ਕਰ ਰਿਹਾ ਏਂ, ਜ਼ਹਿਰ ਫੈਲਾਣ ਵਾਸਤੇ ਕੀ ਲੋਕ ਥੋਹੜੇ ਨੇ?"

ਸੱਪ ਝਾੜੀ ਵਿਚ ਜਾ ਵੜਿਆ ਤਾਂ ਅਮਰੀਕ ਸਿੰਘ ਨੇ ਉਹਨੂੰ ਲਲਕਾਰ ਕੇ ਕਿਹਾ–"ਕੋਈ ਨਾ, ਤੈਨੂੰ ਵੀ ਕਿਸੇ ਵੇਲੇ ਸਿੰਝਾਂਗੇ.... ਸਮਝ ਗਿਆ ਕਿ ਨਹੀਂ।"

"ਛੱਡ ਯਾਰ!" ਹਿਰਦੇਪਾਲ ਨੇ ਕਿਹਾ, ਤੇ ਘਰ ਵਲ ਟੁਰ ਪਏ ਸਨ। ਉਸ ਵੇਲੇ ਉਨ੍ਹਾਂ ਨੇ ਫਾਰਮ ਵਿਚ ਸੈਰ ਕਰਨ ਵਾਲੇ ਬੁੱਢਿਆਂ ਦੀ ਗੱਲ ਬਾਰੇ ਸੋਚਿਆ ਸੀ, ਜਿਹੜੇ ਉਨ੍ਹਾਂ ਨੂੰ ਸੈਰ ਕਰਦਿਆਂ ਦੇਖ ਕੇ ਹਰ ਵਾਰ ਹੀ ਕਿਹਾ ਕਰਦੇ ਸਨ – "ਗਭਰੂਓ! ਸੈਰ ਤਾਂ ਜੰਮ–ਜੰਮ ਕਰੋ, ਪਰ ਝਾੜੀਆਂ ਵਿਚ ਲੁਕੇ ਹੋਏ ਸੱਪਾਂ ਦਾ ਖ਼ਿਆਲ ਰਖਿਓ।"

"ਉਹ ਸਾਨੂੰ ਕੁਝ ਨਹੀਂ ਕਹਿਣਗੇ!" ਹਿਰਦੇਪਾਲ ਕਹਿੰਦਾ ਤਾਂ ਅਮਰੀਕ ਸਿੰਘ ਪੁੱਛਦਾ –"ਕੀ ਤੂੰ ਸੱਪਾਂ ਨੂੰ ਦੁੱਧ ਪਿਆਂਦਾ ਰਿਹਾ ਹੈਂ?"

ਹਿਰਦੇਪਾਲ ਰੋਹ ਨਾਲ ਬੋਲਦਾ –"ਕੀ ਮੈਂ ਸੱਪਾਂ ਕੋਲੋਂ ਮੋਹਰਾਂ ਲੈਣੀਆਂ ਨੇ?"

ਅਮਰੀਕ ਉਹਨੂੰ ਛੇੜਦਾ–"ਪੰਚ ਤੰਤਰ ਵਿਚਲਾ ਬ੍ਰਾਹਮਣ ਲੈਂਦਾ ਈ ਐ ਸੱਪਾਂ ਕੋਲੋਂ ਸੋਨੇ ਦੀਆਂ ਮੋਹਰਾਂ!"

"ਤਦੇ ਈ ਸੱਪ ਨੇ ਉਹਦਾ ਪੁੱਤ ਮਾਰ ਸੁੱਟਿਆ ਸੀ।"

"ਉਹਨੇ ਸੱਪ ਦੇ ਡਾਂਗ ਜੁ ਮਾਰੀ ਸੀ"

"ਕਾਸ਼, ਉਸ ਵੇਲੇ ਉਹਦੇ ਕੋਲ ਬੰਦੂਕ ਹੁੰਦੀ!"

"ਬੰਦੂਕ ਨਾਲ ਵੀ ਉਹ ਕੀ ਕਰ ਲੈਂਦਾ?"

"ਹੁਣ ਕੀ ਕਿਹਾ ਜਾ ਸਕਦੈ!"

"ਕੁਝ ਨਹੀਂ......"

ਹਿਰਦੇਪਾਲ ਸੋਚ ਰਿਹਾ ਸੀ–"ਜੇ ਇੱਥੇ ਗੋਲੀ ਚੱਲਦੀ ਰਹੀ ਤਾਂ ਨਿੱਘੇ ਸਾਹਵਾਂ ਅਤੇ ਠੰਢੇ ਮਿੱਠੇ ਪਾਣੀ ਵਾਲੀ ਇਹ ਧਰਤੀ ਵੀਰਾਨ ਹੋ ਜਾਵੇਗੀ।" ਫੇਰ ਹਿਰਦੇਪਾਲ ਨੇ ਦੇਖਿਆ ਕਿ ਉਸ ਨੂੰ ਆਪਣੇ ਵੱਲ ਵੱਧਦਾ ਆਉਂਦਾ ਤਕ ਕੇ ਉਹ ਸਰਦਾਰ ਉੱਥੇ ਹੀ ਰੁਕ ਗਿਆ ਸੀ। ਹਿਰਦੇਪਾਲ ਹੋਰ ਉਸ ਦੇ ਨੇੜੇ ਗਿਆ ਤਾਂ ਉਹਨੇ ਦੇਖਿਆ, ਉਹ ਸਰਦਾਰ, ਅਮਰੀਕ ਸਿੰਘ ਵਰਗਾ ਲੱਗਾ ਸੀ। ਹਾਂ, ਉਹ ਅਮਰੀਕ ਸਿੰਘ ਹੀ ਸੀ। ਉਹੋ ਹੀ...ਸੀ....ਲੰਮਾ ਲੰਮਾ ਪਰ ਪਤਲਾ ਅਤੇ ਸੁੰਨ ਵੀਰਾਨ ਵਾਤਾਵਰਣ ਦੇ ਪਰਿਪੇਖ ਵਿਚ ਹੋਰ ਵੀ ਲੰਮਾ ਲਗ ਰਿਹਾ!

"ਉਏ ਤੂੰ ?" ਹਿਰਦੇਪਾਲ ਨੇ ਕਿਲਕਾਰੀ ਮਾਰੀ –

"ਤੂੰ ਬੰਦੂਕ ਲਈ ਇਥੇ ਕੀ ਕਰਦਾਂ ਉਏ?"

"ਮੈਂ ਸੱਪ ਮਾਰ ਰਿਹਾਂ!" ਅਮਰੀਕ ਸਿੰਘ ਨੇ ਕਿਹਾ–

"ਨਾਲੇ ਮੇਰੇ ਕੋਲ ਬੰਦੂਕ ਨਹੀਂ, ਇਹ ਤਾਂ ਏਅਰ ਗੰਨ ਐ, ਜਾਨਵਰ ਮਾਰਨ ਵਾਲੀ.... ਮੈਂ ਤੈਨੂੰ ਪਛਾਣ ਲਿਆ ਸੀ, ਪਰ ਮੈਂ ਕਿਹਾ, ਪਹਿਲਾਂ ਸੱਪ ਮਾਰ ਲਵਾਂ, ਫੇਰ ਤੈਨੂੰ ਬੁਲਾਵਾਂਗਾ। ਕਿਤੇ ਬਾਹਮਣ ਡਰ ਈ ਨਾ ਜਾਵੇ।"

ਹਿਰਦੇਪਾਲ ਨੇ ਦੇਖਿਆ, ਇਕ ਭੂਰਾ ਸੱਪ ਅਮਰੀਕ ਸਿੰਘ ਦੇ ਪੈਰਾਂ ਕੋਲ ਮਰਿਆ ਪਿਆ ਸੀ।

"ਇਹਤਾਂ ਉਹੋ ਈ ਐ, ਉਸ ਦਿਨ ਵਾਲਾ!" ਹਿਰਦੇ ਪਾਲ ਨੇ ਗਹੁ ਨਾਲ ਉਸ ਛੇ ਫੁੱਟੇ ਸੱਪ ਨੂੰ ਦੇਖ ਕੇ ਕਿਹਾ – "ਪਰ ਤੂੰ ਇਹਨੂੰ ਕਿਉਂ ਮਾਰਿਆ?"

ਅਮਰੀਕ ਸਿੰਘ ਨੇ ਰੋਹ ਨਾਲ ਕਿਹਾ–"ਇਹ ਉਸ ਦਿਨ ਤੈਨੂੰ ਫੁੰਕਾਰੇ ਮਾਰ ਰਿਹਾ ਸੀ!"

"ਹਾਂ....ਆਂ....।"ਹਿਰਦੇਪਾਲ ਬੋਲਿਆ–"ਇਹਨੇ ਤਾਂ ਮੈਨੂੰ ਡੱਸ ਈ ਲੈਣਾ ਸੀ।"

"ਤੇ ਮੈਂ ਕਿਹਾ, ਮੈਂ ਇਹਨੂੰ ਨਹੀਂ ਛੱਡਣਾ!" ਅਮਰੀਕ ਸਿੰਘ ਦ੍ਰਿੜਤਾ ਅਤੇ ਵਿਸ਼ਵਾਸ ਭਰੇ ਲਹਿਜੇ ਵਿਚ ਬੋਲਿਆ।

"ਉਏ ਜੀਉਂਦਾ ਰਹੁ ਸਿੰਘਾਂ!" ਹਿਰਦੇਪਾਲ ਨੇ ਗਦਗਦ ਹੋ ਕੇ ਕਿਹਾ, ਤੇ ਅਮਰੀਕ ਸਿੰਘ ਦੀ ਹਿਕ ਨਾਲ ਲੱਗ ਗਿਆ।

ਉਸ ਵੇਲੇ ਹਰ ਪਾਸੇ ਧੁੰਦ ਛੰਡਦੀ ਜਾ ਰਹੀ ਸੀ।□

ਸਫਾ 10 ਦਾ ਬਾਕੀ..........

ਬੁੱਧੀ ਦੱਸਣ ਦੇ ਯੋਗ ਨਹੀਂ ਸੀ ਰਹਿ ਗਈ ਕਿ ਇਹ ਸਭ ਕਿਸ ਲਈ ਤੇ ਕਿਉਂ ਹੈ? ਨਿਸਚੇ ਹੀ ਇਸ ਤ੍ਰਾਸਦੀ ਦਾ ਸੰਬੰਧ ਕਿਸੇ ਓਪਰੇ ਧਰਮ, ਓਪਰੇ ਪੰਥ, ਓਪਰੀ ਸੂਰਤ, ਓਪਰੀ ਭਾਸ਼ਾ ਨਾਲ ਨਹੀਂ ਸੀ। ਇਹ ਜੰਗ ਆਪਣੇ ਅਧਿਆਤਮਕ ਆਪੇ ਦੇ ਹੀ ਖ਼ਿਲਾਫ਼ ਸੀ।

ਮਾਰਕਸ ਪੰਥੀ ਕਲਮਾਂ ਨੇ ਧਰਮ ਪੰਥੀ ਕਲਮਾਂ ਨਾਲ ਰਲ ਕੇ ਪੰਜਾਬੀ ਦੀ ਜੋ ਵਿਆਖਿਆ ਕੀਤੀ, ਉਸਨੇ ਉਹਦੇ ਉਪਰ ਹੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਤੇ ਉਹੋ ਕਲਮਾਂ ਉਸ ਦੇ ਆਪਣੇ ਲਈ ਛੁਰੀਆਂ ਬਣ ਗਈਆਂ।

ਬੇਸ਼ੱਕ ਸਮਾਂ ਬਦਲਿਆ ਹੈ। ਪੰਜਾਬੀ ਕਲਮਾਂ ਨੇ ਵੀ ਆਪਣੇ ਆਪ ਨੂੰ ਪੜਚੋਲਨਾ ਸ਼ੁਰੂ ਕੀਤਾ ਹੈ। ਵਕਤ ਲੱਗੇਗਾ, ਜਦੋਂ 'ਸਿੱਖ' ਦੀ ਪਛਾਣ ਉਸ ਤੋਂ ਵਖਰੀ ਹੋਵੇਗੀ, ਜੋ ਪ੍ਰਮਥ ਨਾਥ ਬਿਸ਼ੀ ਦੀ ਕਹਾਣੀ ਵਿਚੋਂ ਮਿਲਦੀ ਹੈ।

ਮੇਰੇ ਬਹੁਤ ਪੁਰਾਣੇ ਮਿਤਰ ਡਾ. ਕਰਤਾਰ ਸਿੰਘ ਸੂਰੀ ਵੱਲੋਂ 'ਕਲਮ' ਦਾ ਅਰੰਭ ਇਸ ਆਸ ਨਾਲ ਸਵਾਗਤ ਯੋਗ ਹੈ ਕਿ ਪੰਜਾਬ ਦੀ ਕਲਮ ਆਪਣਾ ਮੂਲ ਪਛਾਣੇਗੀ। □

ਹਵਾ 'ਚ ਲਿਖੇ ਹਰਫ਼ : ਸਿਰਜਣਾਤਮਕ ਵਿਵੇਕ

—ਡਾ. ਜਤਿੰਦਰਪਾਲ ਸਿੰਘ ਜੌਲੀ

"ਹਵਾ 'ਚ ਲਿਖੇ ਹਰਫ਼" ਸੁਰਜੀਤ ਪਾਤਰ ਰਚਿਤ ਪਲੇਠਾ ਗ਼ਜ਼ਲ–ਸੰਗ੍ਰਹਿ ਹੈ। ਪੰਜਾਬੀ ਗ਼ਜ਼ਲ ਪ੍ਰਵਾਹ ਵਿਚ ਏਨੀ ਪ੍ਰੌੜ ਸ਼ਾਇਰੀ ਪਾਤਰ ਦੀ ਨਿਵੇਕਲੀ ਪ੍ਰਤਿਭਾ ਦੀ ਲਖਾਇਕ ਹੈ।

ਇਕਵੰਜਾ ਗ਼ਜ਼ਲਾਂ ਦੇ ਪਰਾਗੇ ਦੀ ਚੋਣ ਵੇਲੇ ਪਾਤਰ ਬਹੁਤ ਸੁਚੇਤ ਰਿਹਾ ਹੈ। ਫਿਰ ਵੀ ਅੰਤਿਕਾ ਵਿਚ ਉਸ ਇਹ ਕਹਿਣੋ ਸੰਕੋਚ ਨਹੀਂ ਕੀਤਾ ਕਿ :

ਸ਼ੁਹਰਤਾਂ ਦੇ ਮੋਹ ਅਤੇ ਬਦਨਾਮੀਆਂ ਦੇ ਖੌਫ਼ ਤੋਂ
ਮੁਕਤ ਹੋ ਕੇ ਮੈਂ ਅਜੇ ਸਫ਼ਿਆਂ ਤੇ ਵਿਛ ਸਕਿਆ ਨਹੀਂ।
ਮੈਨੂੰ ਇਸਦੀ ਪਿਆਸ ਦਾ ਅਹਿਸਾਸ ਹੈ ਪਰ ਫੇਰ ਵੀ
ਮਾਰੂਥਲ ਤੇ ਕਿਣਮਿਣੀ ਦਾ ਕਾਵਿ ਲਿਖ ਸਕਿਆ ਨਹੀਂ।

ਜਿਥੇ ਸ਼ਾਇਰ ਇਹ ਮਹਿਸੂਸਦਾ ਹੈ ਕਿ ਦੁਨਿਆਵੀ ਸ਼ੁਹਰਤਾਂ ਅਤੇ ਬਦਨਾਮੀਆਂ ਉਹਦੀ ਸ਼ਾਇਰੀ ਦੀ ਸੁੰਤਤਰਤਾ ਵਿਚ ਰੁਕਾਵਟ ਬਣਦੀਆਂ ਹਨ ਉਥੇ ਉਹਨੂੰ ਇਸ ਤੱਥ ਦਾ ਗਿਆਨ ਵੀ ਹੈ ਕਿ ਵਕਤ ਦੀ ਮਾਰੂਥਲੀ ਪਿਆਸ ਬਹੁਤ ਵਿਸ਼ਾਲ ਹੈ ਅਤੇ ਉਸ ਉਪਰ ਕਿਣ–ਮਿਣ ਵਾਂਗ ਬਰਸਣ ਵਾਲੀ ਸ਼ਾਇਰੀ ਉਹਨੂੰ ਆਤਮਾ ਦੀ ਗਹਿਰਾਈ ਤਕ ਸਿੰਜਣ ਦੇ ਸਮਰੱਥ ਨਹੀਂ ਹੁੰਦੀ ਇਸੇ ਲਈ ਉਹ ਮਾਰੂਥਲ ਉਪਰ ਕਿਣਮਿਣੀ ਦਾ ਕਾਵਿ ਰਚਣ ਤੋਂ ਵੀ ਗੁਰੇਜ਼ ਹੀ ਕਰਦਾ ਹੈ।

ਸ਼ਿਵ ਕੁਮਾਰ ਬਟਾਲਵੀ ਤੋਂ ਬਾਅਦ ਉਭਰੇ ਅਨੇਕਾਂ ਕਵੀਆਂ ਵਿਚੋਂ ਸੁਰਜੀਤ ਪਾਤਰ ਹੀ ਉਚਿਤ ਰੂਪ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਦਾ ਵਾਹਨ ਬਣ ਸਕਿਆ ਹੈ। ਲੋਕ–ਦਿਲਾਂ ਵਿਚ ਜੋ ਥਾਂ ਕਦੇ ਸ਼ਿਵ ਨੇ ਬਣਾਈ ਸੀ ਉਹੀ ਮਕਬੂਲੀਅਤ ਅੱਜ ਪਾਤਰ ਨੂੰ ਮਿਲ ਰਹੀ ਹੈ। ਉਸਦੀ ਰਚਨਾ ਦੇ ਆਰ ਪਾਰ ਫੈਲੀ ਕਾਵਿਕ–ਸੰਵੇਦਨਾ ਦਾ ਇਕ ਆਪਣਾ ਨਿਵੇਕਲਾ ਪੈਰਾਡਾਈਮ ਹੈ ਤੇ ਉਸ ਕਾਵਿ–ਪੈਰਾਡਾਈਮ ਵਿਚੋਂ ਉਜਾਗਰ ਹੁੰਦੇ ਸਿਰਜਣਾਤਮਕ ਵਿਵੇਕ ਨੂੰ ਪਛਾਨਣਾ ਇਸ ਨਿਬੰਧ ਦਾ ਮੂਲ ਲਕਸ਼ ਹੈ।

ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰੰ ਤਕ ਨ ਖਲ੍ਹਿਆਰ
ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ।

ਇਹ ਇਸ ਗ਼ਜ਼ਲ–ਸੰਗ੍ਰਹਿ ਦੀ ਪਹਿਲੀ ਗ਼ਜ਼ਲ ਦਾ ਪਹਿਲਾ ਹੀ ਸ਼ਿਅਰ ਹੈ, ਜਿਸ ਵਿਚ ਸਹਿਜ ਅਭਿਵਿਅਕਤ ਹੋਈ ਕਵੀ ਦੀ ਸੰਵੇਦਨਾ ਵਿਚ ਇਹ ਗੱਲ ਪੁਙੀ ਪਈ ਹੈ ਕਿ ਉਸਦਾ ਮਨ ਅਜੇ ਸ਼ੀਸ਼ੇ ਵਾਂਗ ਉਜਵਲ ਨਹੀਂ। ਸਿਰਜਣਾਤਮਕ ਵਿਵੇਕ ਵਿਚੋਂ ਗੁਜ਼ਰਦੇ ਸ਼ਾਇਰ ਲਈ ਸਿਰਜਣਾ ਦੇ ਪਲ ਆਪਣੀ ਆਤਮਾ ਦੇ ਦੀਦਾਰ ਕਰਨ ਵਾਂਗ ਹਨ ਤੇ ਦੁਨਿਆਵੀ ਝੰਜਟਾਂ 'ਚ ਘਿਰੀ ਆਤਮਾ ਦੀ ਮੈਲ ਉਸਨੂੰ ਆਪਣੀ ਨਜ਼ਰ ਵਿਚ ਮੁਜਰਮ ਕਰਾਰ ਦੇਣ ਲਈ ਕਾਫ਼ੀ ਹੈ।

ਜ਼ਿੰਦਗੀ ਵਿਚ ਹੋਈ ਵਾਪਰੀ ਘਟਨਾ ਤਾਂ ਉਹੀ ਹੁੰਦੀ ਹੈ ਪਰ ਉਸਦਾ ਪ੍ਰਤਿਕਰਮ ਵੱਖ ਵੱਖ ਵਸਤਾਂ ਤੇ ਵਿਅਕਤੀਆਂ ਉਪਰ ਵੱਖਰਾ ਵੱਖਰਾ ਹੁੰਦਾ ਹੈ, ਜਿਵੇਂ ਬਕੌਲ ਸ਼ਾਇਰ :

ਮਿੱਟੀ ਉਤੇ ਫੁੱਲ ਦੇ ਉੱਤੇ ਤੇ ਸ਼ਾਇਰ ਦੇ ਦਿਲ 'ਤੇ
ਇੱਕ ਮੋਈ ਤਿਤਲੀ ਦਾ ਹੁੰਦਾ ਵੱਖੋ ਵੱਖਰਾ ਭਾਰ।

ਧਰਤੀ ਦੇ ਵਿਸ਼ਾਲ ਮੰਚ ਉਪਰ ਨਿੱਤ ਨਵੇਂ ਪਾਤਰਾਂ ਰਾਹੀਂ ਰਚੇ ਜਾ ਰਹੇ ਨਾਟਕ ਦੀਆਂ ਘਟਨਾਵਾਂ ਦਾ ਜੋ ਅਸਰ ਸ਼ਾਇਰ ਪਾਤਰ ਤੇ ਦਿਲ ਦੇ ਵਾਪਰਦਾ ਹੈ, ਉਹੀ ਉਸਦੇ ਸਿਰਜਣਾਤਮਕ ਵਿਵੇਕ ਨੂੰ ਤੀਬਰਤਾ ਪ੍ਰਦਾਨ ਕਰਦਾ ਹੈ। ਉਸਦੀ ਅਨੁਭੂਤੀ ਦੀ ਸਿਖਰ ਹੈ ਇਹ ਸ਼ਿਅਰ :

ਲੱਖਾਂ ਗੀਤਾਂ ਦੇ ਲਈ ਖੁੱਲ੍ਹੇ ਮੁਕਤੀ ਦਾ ਦਰਵਾਜ਼ਾ,
ਦਿਲ ਵਿਚ ਕੋਈ ਐਸੀ ਖੁੱਭੇ ਚਾਨਣ ਦੀ ਤਲਵਾਰ।

ਸ਼ਾਇਰ ਦੇ ਦਿਲ ਵਿਚ ਚਾਨਣ ਦੀ ਤਲਵਾਰ ਖੁੱਭਣ ਦਾ ਕਰਮ, ਉਸਦੀ ਨਜ਼ਰ 'ਚ ਏਸ ਲਈ ਲਾਜ਼ਮੀ ਹੈ ਕਿਉਂਕਿ ਸ਼ਾਇਰ ਨੂੰ ਆਪਣੇ ਦਿਲ ਵਿਚਲੇ ਚਾਨਣ ਦਾ ਅਹਿਸਾਸ ਹੈ ਪਰ ਸਮੱਸਿਆ ਉਸ ਚਾਨਣ ਦੇ ਵਿਧੀਵਤ ਰੂਪ ਵਿਚ ਪ੍ਰਸਤੁਤ ਨਾ ਹੋਣ ਦੀ ਹੈ ਤੇ ਉਹਦੀ ਲੋਚਾ ਹੈ ਕਿ ਇਕ ਚਾਨਣ ਆਪਣੇ ਸੰਗ ਲੱਖਾਂ ਰੌਸ਼ਨ ਗੀਤਾਂ ਦਾ ਕਾਫ਼ਲਾ ਲੈ ਕੇ ਪ੍ਰਵਾਹਿਤ ਹੋਵੇ, ਇਸ ਲਈ ਉਹ ਆਪਣੇ ਦਿਲ ਦਾ ਸਗਵਾਂ ਖੂਨ ਯਾਨੀ ਆਪਣਾ ਆਪ ਕੁਰਬਾਨ ਕਰਨ ਲਈ ਤਿਆਰ ਹੈ।

ਇਸ ਗੁੱਝੀ ਰਮਜ਼ ਵਿਚ ਹੀ ਉਸ ਸਾਰਥਕਤਾ ਦੇ ਬੀਜ

ਛਿਪੇ ਹਨ ਜੋ ਸ਼ਾਇਰ ਮਨੁੱਖ ਨੂੰ, ਸਾਧਾਰਣ ਮਨੁੱਖ ਤੋਂ ਵਖਿਰਆਉਂਦੀ ਹੈ। ਵਰਨਾ ਅੱਜ ਦੇ ਪਦਾਰਥਕ ਯੁੱਗ ਵਿਚ, ਆਪਾ ਧਾਪੀ ਦੇ ਦੌਰ ਵਿਚ, ਕੌਣ ਆਪਣੇ ਆਪ ਨੂੰ ਕਿਸੇ ਸਾਂਝੇ ਮੁਹਾਜ਼ ਤੋਂ ਵਾਰਨ ਲਈ ਤਿਆਰ ਹੁੰਦਾ ਹੈ। ਫਿਰ ਕੀ ਸ਼ਾਇਰ ਦੀ ਚਾਨਣ ਗੀਤਾਂ ਨੂੰ ਆਪਣੇ ਦਿਲ ਦੇ ਖ਼ੂਨ ਵਿਚੋਂ ਰਚਨ ਦੀ ਲੋਚਾ ਮਹਿਜ਼ ਆਪਣੇ ਨਾਮ ਦੀ ਕਮਾਈ ਵਾਸਤੇ ਉਜਾਗਰ ਹੋਈ ਹੈ? –ਨਹੀਂ – ਨਾਮ ਬਾਰੇ ਤਾਂ ਪਾਤਰ ਦਾ ਇਹ ਸ਼ਿਅਰ ਸਾਰੀ ਸਥਿਤੀ ਸਪਸ਼ਟ ਕਰ ਰਿਹਾ ਹੈ ਕਿ–

ਏਨਾ ਹੀ ਬਹੁਤ ਹੈ ਕਿ ਮੇਰੇ ਖ਼ੂਨ ਨੇ ਰੁਖ ਸਿੰਜਿਆ
ਕੀ ਹੋਇਆ ਜੇ ਪੱਤਿਆਂ ਤੇ ਮੇਰਾ ਨਾਮ ਨਹੀਂ ਹੈ।

ਜ਼ਾਹਿਰ ਹੈ ਕਿ ਸਾਡੇ ਸਮਾਜ–ਸਭਿਆਚਾਰ ਦੀਆਂ ਸਾਰਥਕ ਕਦਰਾਂ ਕੀਮਤਾਂ ਦਾ ਰੁਖ ਹਰਾ ਭਰਾ ਰਹਿਣ ਦੀ ਤਸੱਲੀ ਦਾ ਅਹਿਸਾਸ ਹੀ ਸ਼ਾਇਰ ਨੂੰ ਸਰਸ਼ਾਰ ਕਰ ਰਿਹਾ ਹੈ, ਬੇਸ਼ਕ ਉਹ ਉਹਦੇ ਖ਼ੂਨ ਨਾਲ ਹੀ ਕਿਉਂ ਨ ਸਿੰਜਿਆ ਹੋਵੇ। ਪਾਤਰ ਸਰੀਰ ਦੀ ਨਾਸ਼ਮਾਨਤਾ ਤੋਂ ਪਾਰ ਫੈਲੀ ਕਿਉਂਕਿ ਰੂਹ ਦੀ ਸਦੀਵਤਾ ਨੂੰ ਪਹਿਚਾਣਦਾ ਹੈ, ਉਹ ਰੂਹ ਜਿਹੜੀ ਦੂਜਿਆਂ ਦੀ ਭਲਾਈ ਲਈ ਨਾਸ਼ਮਾਨ ਸਰੀਰ 'ਚ ਵੱਸਦੀ ਹੋਈ ਵੀ ਅਥਕ ਤੇ ਅਮਰ ਹੈ ਤੇ ਉਹ ਆਪ ਮੁਹਾਰੇ ਕਹਿ ਉਠਦਾ ਹੈ:

ਮੇਰਾ ਨ ਫਿਕਰ ਕਰੀਂ ਜੀ ਕੀਤਾ ਤਾਂ ਮੁੜ ਜਾਵੀਂ
ਸਾਨੂੰ ਤਾਂ ਰੂਹਾਂ ਨੂੰ ਆਰਾਮ ਨਹੀਂ ਹੈ।

ਹਾਲਾਂਕਿ ਉਹ ਦੁਨੀਆਂ ਦੇ ਦੰਭੀ ਵਤੀਰੇ ਪ੍ਰਤੀ ਸੁਚੇਤ ਹੈ। ਉਸਦੇ ਇਨ੍ਹਾਂ ਬੋਲਾਂ 'ਚ ਵਿਅੰਗ ਦੀ ਸੁਰ ਵੀ ਤੀਖਣ ਹੈ ਤੇ ਇਕ ਗੁੱਝੀ ਸਦਾ ਫੈਲਦੀ ਪੀੜ ਦਾ ਅਹਿਸਾਸ ਵੀ:

ਹਿੱਕ ਵਿਚ ਖ਼ੰਜਰ ਡੋਬ ਕੇ ਸੌ ਗਏ, ਅੱਜ ਕਲ੍ਹ ਇਉਂ ਨਹੀਂ ਕਰਦੇ ਲੋਕ,
ਹੁਣ ਤਾਂ ਦਿਲ ਨੂੰ ਦੁੱਖ ਜਿਹਾ ਲਾ ਕੇ, ਹੌਲੀ ਹੌਲੀ ਮਰਦੇ ਲੋਕ।

ਹੱਕ ਸੱਚ ਦੀ ਰਾਖੀ ਖ਼ਾਤਰ ਹਿੱਕ ਵਿੱਚ ਖੰਜਰ ਨੂੰ ਜਗ੍ਹਾ ਦੇ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਲੋਕ ਜੇ ਇਸ ਧਰਤੀ ਤੇ ਨਹੀਂ ਬਚੇ ਤਾਂ ਸ਼ਾਇਰ ਦੀ ਨਜ਼ਰ 'ਚੋਂ ਉਹ ਲੋਕ ਵੀ ਬਚ ਨਹੀਂ ਸਕੇ ਜੋ ਦਿਲ ਨੂੰ 'ਦੁੱਖ ਜਿਹਾ ਲਾ ਕੇ' ਹੌਲੀ ਹੌਲੀ ਮਰ ਰਹੇ ਹਨ। ਦੁੱਖ ਦਾ ਸਹਿਵਨ ਹੀ ਆ ਲੱਗਣਾ ਤੇ ਦੁੱਖ ਜਿਹਾ ਲਾ ਕੇ ਉਹਦੇ ਸੰਤਾਪ 'ਚ ਘੁਲ ਘੁਲ ਮਰਨਾ, ਲੇਖਕ ਦੀ ਨਜ਼ਰ ਵਿਚ, ਇਕ 'ਫੈਸ਼ਨ' ਜਿਹਾ ਬਣ ਗਿਆ ਹੈ। ਵਿਖਾਵੇ ਤੇ ਦੰਭ ਦੀ ਜ਼ਿੰਦਗੀ ਜਿਉਂਦੇ ਲੋਕਾਂ ਪ੍ਰਤਿ ਪਾਤਰ ਆਪਣਾ ਵਿਰੋਧ, ਵਿਅੰਗ ਦੀ ਤੀਖਣ ਸੁਰ ਵਿਚ ਹੀ ਪ੍ਰਗਟਾਉਂਦਾ ਹੈ।

ਪਾਤਰ ਦੀ ਕਾਵਿ ਸਿਰਜਣਾ ਦਾ ਸਿਰਜਣਾਤਮਕ ਵਿਵੇਕ ਪ੍ਰਤੱਖਣ ਲਈ ਇਹ ਸ਼ਿਅਰ ਉਚੇਚੇ ਧਿਆਨ ਦੀ ਮੰਗ ਕਰਦਾ ਹੈ ਕਿ :

ਅਸਾਂ ਤਾਂ ਖ਼ੂਨ ਵਿਚ ਡੁੱਬ ਕੇ ਸਦਾ ਲਿਖੀ ਏ ਗ਼ਜ਼ਲ,
ਉਹ ਹੋਰ ਹੋਣਗੇ ਲਿਖਦੇ ਨੇ ਜਿਹੜੇ ਬਹਿਰ ਅੰਦਰ।

ਜ਼ਾਹਿਰ ਹੈ ਕਿ ਖ਼ੂਨ ਵਿਚ ਡੁੱਬ ਕੇ ਲਿਖਣ ਦੀ ਨੌਈਅਤ ਉਨੀ ਦੇਰ ਤਕ ਨਹੀਂ ਆਉਂਦੀ, ਜਿੰਨੀ ਦੇਰ ਤਕ ਲੇਖਕ ਦਿੱਸਦੀ ਦੁਨੀਆਂ ਦੀ ਹਕੀਕਤ ਨੂੰ ਸਿਰਫ਼ ਪਰਾਏ ਥਾਂ ਵਾਪਰੀ ਘਟਨਾ ਵਾਂਗ ਗ੍ਰਹਿਣ ਕਰਨ ਦੀ ਬਜਾਇ, ਦੇਸ਼ ਕਾਲ ਦੀਆਂ ਸੀਮਾਵਾਂ ਤੋਂ ਪਾਰ, ਆਪਣੇ ਅੰਦਰ, ਆਪਣੇ ਲਹੂ ਵਿਚ ਹੋਈ ਵਾਪਰੀ ਮਹਿਸੂਸ ਨ ਕਰੇ। ਇਸ ਮੁਕਾਮ ਤੇ ਪਹੁੰਚਿਆ ਸ਼ਾਇਰ ਜਦੋਂ 'ਉਹ ਹੋਰ ਹੋਣਗੇ' ਬਾਬਤ ਗੱਲ ਕਰਦਾ ਹੈ ਤਾਂ ਉਹ ਉਨ੍ਹਾਂ ਪਰੰਪਰਾ ਮੁਖ ਕਵੀਆਂ ਬਾਰੇ ਸੁਚੇਤ ਦਿਖਾਈ ਦੇਂਦਾ ਹੈ, ਜਿਹੜੇ ਰਚਨਾ ਦੀ ਵਸਤੂ ਨੂੰ ਰੂਪ ਦੇ ਚੌਖਟੇ ਤੋਂ ਕੁਰਬਾਨ ਕਰਨ ਤੋਂ ਗੁਰੇਜ਼ ਨਹੀਂ ਕਰਦੇ। ਜਦ ਕਿ ਇਸਦੇ ਉਲਟ "ਅਸਾਂ" ਦੇ ਉਚਾਰਨ ਵਾਲਾ ਕਵੀ ਸਿਰਫ਼ ਜ਼ਾਤੀ ਹਉਂ ਦਾ ਪ੍ਰਗਟਾਵਾ ਨ ਕਰਕੇ ਆਪਣੀ ਮੈਂ ਦੀ ਵਿਸ਼ਾਲਤਾ ਵਿਚ ਉਨ੍ਹਾਂ ਸਭ ਸਿਰਜਣਹਾਰਿਆਂ ਨੂੰ ਸੁਤੇ ਸਿੱਧ ਹੀ ਸ਼ਾਮਿਲ ਕਰ ਰਿਹਾ ਹੈ, ਜਿਹੜੇ ਸਮੇਂ ਦੀ ਅਰੁਕ ਗਤੀ ਨੂੰ ਆਪਣੇ ਅੰਦਰ ਧੜਕਦਾ ਮਹਿਸੂਸ ਕਰਕੇ ਸਦਾ ਉਸਦੇ ਹਾਣ ਪ੍ਰਵਾਨ ਹੋ ਜਾਂਦੇ ਹਨ ਸਗੋਂ ਉਸ ਤੋਂ ਵੀ ਅਗਾਂਹ ਵਕਤ ਦੀ ਰਫ਼ਤਾਰ ਨੂੰ ਨਵੇਂ ਮੋੜ ਦੇਣ ਦੇ ਸਮਰੱਥ ਹੁੰਦੇ ਹਨ। ਫਿਰ ਵਕਤ ਨੂੰ ਬਹਿਰ ਪ੍ਰਦਾਨ ਕਰਨ ਵਾਲਿਆਂ ਦੀ ਗ਼ਜ਼ਲ/ਰਚਨਾ ਕਿਵੇਂ ਬਹਿਰ ਵਿਹੂਣੀ ਹੋ ਸਕਦੀ ਹੈ? ਖ਼ਾਸ ਕਰ ਉਹ ਸ਼ਾਇਰ, ਜਿਸ ਲਈ ਦਰਦ ਹੀ ਸਭ ਤੋਂ ਵੱਡਾ ਇਨਾਮ ਹੋਵੇ:

ਅਹਿ ਲੈ ਕੁਝ ਹੋਰ ਦਰਦ ਗੀਤਾਂ ਲਈ
ਇਸ ਤੋਂ ਵੱਡਾ ਕੋਈ ਇਨਾਮ ਨਹੀਂ।

ਆਪਣੇ ਆਲੋਚਕਾਂ ਦੇ ਫ਼ਤਵਿਆਂ ਨੂੰ ਖਾਮੋਸ਼ੀ ਪ੍ਰਦਾਨ ਕਰਨ ਲਈ ਉਸਦਾ ਇਹ ਸ਼ਿਅਰ ਹੀ ਕਾਫ਼ੀ ਹੈ :

ਅੱਗ ਦਾ ਸਫ਼ਾ ਹੈ ਉਸ 'ਤੇ ਮੈਂ ਫੁੱਲਾਂ ਦੀ ਸਤਰ ਹਾਂ।
ਉਹ ਬਹਿਸ ਕਰ ਰਹੇ ਨੇ ਗ਼ਲਤ ਹਾਂ ਕਿ ਠੀਕ ਹਾਂ।

ਜ਼ਿੰਦਗੀ ਦੀ ਤਪਸ਼ ਵਿਚ ਕਾਵਿ–ਫੁੱਲ ਬਿਖੇਰਨ ਦਾ ਅਮਲ, ਪਾਤਰ ਦੀ ਸਿਰਜਣਾਤਮਕ ਪ੍ਰਕ੍ਰਿਆ ਦਾ ਆਪ–ਮੁਹਾਰਾ ਸਫ਼ਰ ਹੈ। ਉਹ ਸਨਦ ਕਰਦਾ ਹੈ ਕਿ ਉਹ ਆਪਣੀ ਕਲਮ ਰਾਹੀਂ ਮੋਏ ਯਾਰਾਂ ਦੇ ਕਰਜ਼ੇ ਉਤਾਰ ਰਿਹਾ ਹੈ :

ਯਾਰ ਮੇਰੇ ਜੋ ਇਸ ਆਸ ਤੇ ਮਰ ਗਏ
ਕਿ ਮੈਂ ਉਨ੍ਹਾਂ ਦੇ ਦੁੱਖ ਦਾ ਬਣਾਵਾਂਗਾਂ ਗੀਤ,
ਜੇ ਮੈਂ ਚੁੱਪ ਹੀ ਰਿਹਾ, ਜੇ ਮੈਂ ਕੁਛ ਨਾ ਕਿਹਾ,
ਬਣ ਕੇ ਰੂਹਾਂ ਸਦਾ ਭਟਕਦੇ ਰਹਿਣਗੇ।

ਸੁਰਜੀਤ ਪਾਤਰ ਲਿਖਤ ਦੇ ਸਦੀਵੀ ਮੁੱਲਾਂ ਬਾਰੇ ਏਨਾ ਸੁਚੇਤ ਹੈ ਕਿ ਉਹ ਸ਼ਬਦਾਂ ਰਾਹੀਂ ਹੋਏ ਇਜ਼ਹਾਰ ਦੀ ਚਿਰਕਾਲਤਾ ਪ੍ਰਤੀ ਦਾਅਵੇ ਨਾਲ ਆਖਦਾ ਹੈ :

ਉਹ ਜੋ ਰੰਗਾ 'ਚ ਚਿਤਰੇ ਨੇ ਖੁਰ ਜਾਣਗੇ
ਉਹ ਜੋ ਮਰਮਰ 'ਚ ਉਕਰੇ ਨੇ ਮਿਟ ਜਾਣਗੇ।
ਬਲਦੇ ਹੱਥਾਂ ਨੇ ਜਿਹੜੇ ਹਵਾ ਵਿਚ ਲਿਖੇ,
ਹਰਫ਼ ਉਹੀ ਹਮੇਸ਼ਾ ਲਿਖੇ ਰਹਿਣਗੇ।

ਪਰ ਚਿਰਕਾਲਤਾ ਲਈ ਇਕ ਸ਼ਰਤ ਵੀ ਉਹ ਨਾਲ ਹੀ ਮਿੱਥਦਾ ਹੈ ਕਿ ਲਿਖਣ ਵਾਲੇ ਹੱਥਾਂ ਪਿਛੇ ਲਟ ਲਟ ਬਲਦੀ ਜੋਤ ਦਾ ਹੋਣਾ ਲਾਜ਼ਮੀ ਹੈ। ਬੁਝੇ ਦਿਲ ਨਾਲ ਲਿਖੇ ਬੁਝੇ ਹਰਫ਼ ਹਮੇਸ਼ਾਂ ਨਹੀਂ ਲਿਖੇ ਰਹਿ ਸਕਦੇ। ਇਸੇ ਲਈ ਉਹਦੀ ਤੜਪ 'ਚੋਂ ਅਜਿਹੇ ਸ਼ਿਅਰ ਜਨਮੇ ਹਨ:

ਕਰੇ ਹਜ਼ਾਰ ਰੰਗ ਇਕ ਲਹੂ ਦੇ ਕਤਰੇ ਦੇ,
ਮਿਲੀ ਨ ਤੇਗ਼, ਕਲਮ, ਨਾਰ ਨ ਨਦੀ ਮੈਨੂੰ।
ਜੋ ਤਪਦੇ ਥਲ 'ਚ ਬਰਸ ਜਾਂਦੀ ਬਣ ਕੇ ਦਰਦ ਦਾ ਮੀਂਹ
ਬਹੁਤ ਮੈਂ ਰੋਇਆ ਨਾ ਆਈ ਉਹ ਸ਼ਾਇਰੀ ਮੈਨੂੰ।

ਉਹਦੇ ਵਿਵੇਕ ਦੀ ਬੁਲੰਦੀ ਉਹਦੀ ਆਪਣੀ ਵਰਤਮਾਨ ਰਚਨਾ ਤੋਂ ਬਹੁਤ ਅਗਾਂਹ ਜਾਣਾ ਲੋਚਦੀ ਹੈ ਹਾਲਾਂਕਿ ਸਵੈ-ਭਰੋਸੇ ਦਾ ਚਾਨਣ ਉਸ ਕੋਲ ਹੁਣ ਵੀ ਘੱਟ ਨਹੀਂ:

ਇਸਦਾ ਹਰ ਵਰਕਾ ਜਿਵੇਂ ਬਾਰੀ ਦੇ ਵਿਚ ਅਸਮਾਨ ਹੈ
ਅਹਿ ਜ਼ਰਾ ਤਕਣਾ ਛਪੀ ਹੈ ਮੇਰੀ ਗ਼ਜ਼ਲਾਂ ਦੀ ਕਿਤਾਬ।

ਨਿਰਸੰਦੇਹ ਪਾਤਰ ਨੇ ਇਹ ਸਫ਼ਰ ਬੜੀ ਸੁਹਿਰਦਤਾ ਨਾਲ ਤੈਅ ਕੀਤਾ ਹੈ। ਉਸਨੇ ਫਕਤ ਤੋਲਦੇ ਸ਼ਬਦਾਂ ਨੂੰ ਸਨਮਾਨ ਦਿਵਾਇਆ ਹੈ :

ਲਫ਼ਜ਼ ਹਾਂ ਗਾਲੀਆਂ 'ਚ ਰੁਲਦੇ ਹਾਂ
ਸਾਨੂੰ ਲੈ ਜਾਓ ਸ਼ਾਇਰੀ ਤੀਕਰ।

ਬਾਲਾ ! ਮਾਤ-ਭਾਸ਼ਾ ਪੰਜਾਬੀ ਦੇ ਇਹ ਲਫ਼ਜ਼ ਸ਼ਾਇਰੀ ਤੋਂ ਗਾਲ੍ਹਾਂ ਤੱਕ ਦਾ ਘਿਣੌਨਾ ਸਫ਼ਰ ਮੁੜ ਕਦੇ ਨਾ ਹੰਢਾਉਣ ਅਤੇ ਪਾਤਰ ਵਰਗੀਆਂ ਸਿਰਜਣਾਤਮਕ ਕਲਮਾਂ ਦਾ ਵਿਵੇਕ ਇਨ੍ਹਾਂ ਲਫ਼ਜ਼ਾਂ ਦਾ ਸਦੀਵੀ ਮੁੱਕਦਰ ਬਣਿਆ ਰਹੇ। □

ਦੋ ਗੀਤ......

ਗਿਆਨ ਸਿੰਘ ਸੰਧੂ

ਸਾਨੂੰ ਯਾਦ ਸੱਜਣ ਦੀ ਆਈ
ਲੋਕੀ ਆਖਣ ਬਾਤ ਨਾ ਕਾਈ
ਸਾਡੇ ਦਿਲ ਨੂੰ ਲਾਂਬੂ ਲਾਕੇ
ਲੁਕ ਬੈਠਾ ਕਿਧਰੇ ਜਾਕੇ
ਅਸੀਂ ਲਭ ਲਭ ਹੋਏ ਸ਼ੁਦਾਈ
ਲੋਕੀ ਆਖਣ ਬਾਤ ਨਾਂ ਕਾਈ
ਅਸੀਂ ਚਾਅ ਮਿੱਟੀ ਵਿਚ ਰੋਲੇ
ਉਹ ਫਿਰ ਵੀ ਠੀਕ ਨਾਂ ਬੋਲੇ
ਅਸੀਂ ਜਿੰਦ ਭੱਠੀ ਵਿਚ ਪਾਈ
ਲੋਕੀ ਆਖਣ ਬਾਤ ਨਾਂ ਕਾਈ
ਜਦ ਦਰਦ ਪੁਰਾਣੇ ਰੜਕੇ
ਅਸੀਂ ਬਹਿ ਗਏ ਦਿਲ ਨੂੰ ਫੜਕੇ
ਸਾਨੂੰ ਮੁੜਦੇ ਹੋਸ਼ ਨਾ ਆਈ
ਲੋਕੀ ਆਖਣ ਬਾਤ ਨਾ ਕਾਈ।

◊◊◊

ਮਾਏ ਨੀ ਮਾਏ ਸਾਡੀ ਅਜਬ ਚੋਰ ਸੰਗ ਯਾਰੀ
ਕੱਚੀ ਨਹੀਂ ਹੋਣੀ ਸਾਥੋਂ ਚਾਹੇ ਚਮੜੀ ਲਾਹ ਦੇ ਸਾਰੀ
ਉਹ ਚੋਰ ਅਜੇਹਾ ਮਾਏ, ਜੇਹੜਾ ਦਿਲ ਦੀ ਚੋਰੀ ਕਰਦਾ
ਜਦ ਚੋਰੀ ਖ਼ਾਤਰ ਆਉਂਦਾ, ਦਿਲ ਦਿਲ ਦੇ ਵੱਟੇ ਧਰਦਾ
ਡਾਚੀ ਤੇ ਚਾਹੜ ਲਜਾਵੇ ਜੇਹਦੀ ਮੋਰਾਂ ਵਾਂਗ ਉਡਾਰੀ
ਕਚੀ ਨਹੀਂ ਹੋਣੀ ਸਾਥੋਂ ਚਾਹੇ ਚਮੜੀ ਲਾਹ ਦੇ ਸਾਰੀ
ਉਹ ਚੋਰ ਅਜੇਹਾ ਮਾਏ ਜਿਹਦਾ ਰੂਪ ਕਰੇ ਦੀਵਾਨਾ
ਅੱਖੀਆਂ ਨੂੰ ਨੀਵਾਂ ਕਰਕੇ ਲਾਉਂਦਾ ਹੈ ਖ਼ੂਬ ਨਿਸ਼ਾਨਾ
ਉਹਦੇ ਪੈਰਾਂ ਦੇ ਵਿਚ ਰੁਲਦੀ, ਸੌ ਅਰਸ਼ਾਂ ਦੀ ਸਰਦਾਰੀ
ਕੱਚੀ ਨਹੀ ਹੋਣੀ ਸਾਥੋਂ ਚਾਹੇ ਚਮੜੀ ਲਾਹ ਦੇ ਸਾਰੀ
ਉਹ ਚੋਰ ਅਜੇਹਾ ਮਾਏ ਜੇਹਦੀ ਅਮ੍ਰਿਤ ਵਰਗੀ ਬੋਲੀ
ਉਹ 'ਸ਼ਾਮ' ਦੇ ਵਾਂਗਰ ਖੇਹਲੇ, ਸਖੀਆਂ ਦੇ ਸੰਗ ਹੋਲੀ
ਸਾਡਾ ਤਨ ਮਨ ਰੰਗਦੀ ਜਾਏ, ਉਹਦੇ ਨੈਨਾਂ ਦੀ ਪਚਕਾਰੀ
ਕਚੀ ਨਹੀਂ ਹੋਣੀ ਸਾਥੋਂ ਚਾਹੇ ਚਮੜੀ ਲਾਹ ਦੇ ਸਾਰੀ।

ਸ਼ਾਮ

—ਮਨਮੋਹਨ ਸਿੰਘ ਦਾਊਂ

ਸ਼ਾਮ ਵੇਲੇ
ਉਡੀਕ ਹੁੰਦੀ ਹੈ
ਘੁਸਮੁਸੇ ਨੂੰ
ਰਾਤ ਨਾਲ ਸਰਗੋਸ਼ੀਆਂ ਕਰਨ ਦੀ।
ਸ਼ਾਮ ਵੇਲੇ
ਉਡੀਕ ਹੁੰਦੀ ਹੈ
ਬੂਹੇ 'ਤੇ ਖੜੋਤੀ ਤ੍ਰੀਮਤ ਨੂੰ
ਆਪਣੇ ਪਤੀ ਦੇ ਚਿਹਰੇ ਦੀ ਖੁਸ਼ੀ ਪੜ੍ਹਨ ਲਈ।
ਸ਼ਾਮ ਵੇਲੇ
ਉਡੀਕ ਹੁੰਦੀ ਹੈ
ਮਾਂ ਦੀ ਮਮਤਾ ਲਈ
ਗੋਦੀ ਦਾ ਨਿੱਘ ਮਾਣਨ ਲਈ।
ਸ਼ਾਮ ਵੇਲੇ
ਉਡੀਕ ਹੁੰਦੀ ਹੈ
ਮੰਜੀ ਤੇ ਬੈਠੀ ਬੁੱਢੀ ਮਾਂ ਨੂੰ
ਉਸ ਪੁੱਤਰ ਦੀ
ਜੋ ਕਾਲੇ ਦਿਨਾਂ 'ਚ
ਘਰ ਹੀ ਨਾ ਮੁੜਿਆ।
ਸ਼ਾਮ ਵੇਲੇ
ਉਡੀਕ ਹੁੰਦੀ ਹੈ
ਆਲ੍ਹਣਿਆਂ 'ਚ ਵਿਲਕਦੇ ਬੋਟਾਂ ਨੂੰ
ਚੁੰਝਾਂ 'ਚੋਂ ਚੋਗਾ ਬੁਰਕਣ ਲਈ।
ਸ਼ਾਮ ਵੇਲੇ
ਉਡੀਕ ਹੁੰਦੀ ਹੈ
ਬੱਛਰੂਆਂ ਕਟਰੂਆਂ ਨੂੰ
ਦੁੱਧ ਭਰੇ ਥਣਾਂ ਦੀ
ਜਿਨ੍ਹਾਂ, ਚਰਾਂਦੋਂ ਚਰ ਕੇ ਆਉਣਾ।
ਸ਼ਾਮ ਵੇਲੇ
ਉਡੀਕ ਹੁੰਦੀ ਹੈ
ਕਿਰਤੀ ਦੀ ਸੁਆਣੀ ਨੂੰ
ਮਜੂਰ ਦੀ ਖੱਟੀ ਨਾਲ
... ਚੁੱਲਾ, ਤਪਾਉਣ ਲਈ।
ਸ਼ਾਮ ਵੇਲੇ
ਉਡੀਕ ਹੁੰਦੀ ਹੈ
ਤਾਰਿਆਂ ਨੂੰ
ਨੀਲੇ ਅੰਬਰੀਂ ਰਾਤ ਭਰ —
ਖਿੜ-ਖਿੜਾਉਣ ਲਈ।।

◆◆◆

ਫੋਕਸ

—ਡਾ. ਪਾਲ ਕੌਰ

ਉੱਗ ਤਾਂ ਪਏ ਹਾਂ
ਇਕੋ ਕਿਆਰੀ ਵਿਚ
ਪਰ ਪਨੀਰੀ ਤਾਂ ਨਹੀਂ ਰਹਿਣਾ ਅਸਾਂ !
ਫਲਣਾ ਫੁੱਲਣਾ ਹੈ
ਤਾਂ ਦੋ ਚਾਰ ਹੱਥ ਦੀ ਦੂਰੀ ਤੇ ਰਹੀਂ
ਇਕ ਦਾ ਕੱਦ ਵਧ ਜਾਵੇ।
ਤਾਂ ਦੂਜਾ ਉਹਦੇ ਪਰਛਾਵੇਂ ਵਿਚ ਹੀ
ਸੜ ਸੁੱਕ ਜਾਵੇਗਾ।
ਵਾਜਿਬ ਦੂਰੀ ਤੋਂ ਹੀ
ਠੀਕ ਬਣਦਾ ਹੈ ਫੋਕਸ
ਧੁੰਦਲਾ ਜਾਂਦੇ ਨੇ ਨਕਸ਼
ਬਹੁਤ ਕਰੀਬ ਆ ਕੇ !
ਹੋਈ ਹਾਂ ਜਿਉਂ ਜਿਉਂ ਵਡੇਰੀ
ਨੇੜੇ ਦੀ ਨਿਗਾਹ ਹੋ ਰਹੀ ਏ ਕਮਜ਼ੋਰ !
ਖਲੋਅ ਜ਼ਰਾ ਕੁ ਦੂਰ
ਕਿ ਸਾਫ਼ ਵੇਖ ਸਕਾਂ ਤੈਨੂੰ।

ਇਹ ਲੋਕ

—ਡਾ. ਅਮਰਜੀਤ ਕੌਰ ਸੂਰੀ

ਕਿੰਨਾਂ ਸਕੀਲ ਮੇਅਦਾ ਹੈ ਇਨ੍ਹਾਂ ਲੋਕਾਂ ਦਾ
ਜੋ ਸਭ ਕੁਝ ਹੜੱਪ ਕਰ ਜਾਂਦੇ ਨੇ
ਤੇ ਸਭ ਕੁਝ ਪਚ ਜਾਂਦਾ ਹੈ ਇਨ੍ਹਾਂ ਨੂੰ
ਪਸ਼ੂ ਦੇ ਚਾਰੇ ਤੋਂ ਲੈਕੇ
ਤੋਪਾਂ ਤਕ ਨਿਗਲ ਜਾਂਦੇ ਨੇ ਇਹ
ਤੇ ਕਦੀ ਨਹੀਂ ਹੁੰਦੀ ਬਦਹਜ਼ਮੀ ਦੀ ਸ਼ਕਾਇਤ
ਅਜੇ ਕਲ ਦੀ ਖ਼ਬਰ ਹੈ ਕਿ
ਹਸਪਤਾਲ ਦੀ ਨਵ-ਉਸਰੀ ਛੱਤ
ਡਿਗ ਕੇ ਹੋ ਗਈ ਢੇ ਢੇਰੀ
ਤੇ ਉਸ ਥੱਲੇ ਦੱਬ ਕੇ ਮਰ ਗਏ ਕਈ ਮਜ਼ਦੂਰ
ਕਿਉਂਕਿ ਸੀਮਿੰਟ ਤੇ ਸਰੀਆ ਤਾਂ
ਖਾ ਚੁਕੇ ਸਨ ਇਹ ਲੋਕ।

◆◆◆

ਗੁਸਤਾਖ਼ੀ ਮਾਫ਼

ਇਕ ਵਾਰ ਸ੍ਰ. ਨਾਨਕ ਸਿੰਘ ਅੰਮ੍ਰਿਤਸਰ ਲੋਕਲ ਬੱਸ ਸਟੈਂਡ ਤੇ ਖੜੇ ਸਨ, ਬੱਸ ਦੀ ਇੰਤਜ਼ਾਰ ਵਿਚ। ਉਨ੍ਹਾਂ ਦੇਖਿਆ ਕਿ ਨਾਲ ਹੀ ਪ੍ਰੋਫੈਸਰ ਮੋਹਨ ਸਿੰਘ ਖੜੇ ਇਕ ਅਖਬਾਰ ਪੜ੍ਹ ਰਹੇ ਸਨ। ਦੋਹਾਂ ਵਿਚ ਪਿਛਲੇ ਕੁਝ ਸਮੇਂ ਤੋਂ ਮਨ-ਮੁਟਾਓ ਚਲਿਆ ਆ ਰਿਹਾ ਸੀ। ਪ੍ਰੋ. ਮੋਹਨ ਸਿੰਘ ਨੇ ਵੀ ਨਾਨਕ ਸਿੰਘ ਹੁਰਾਂ ਨੂੰ ਦੇਖ ਲਿਆ ਸੀ ਪਰ ਜਾਣਕੇ ਅਣਦੇਖਿਆ ਕਰ ਦਿੱਤਾ। ਨਾਨਕ ਸਿੰਘ ਹੁਰਾਂ ਨੇ ਪ੍ਰੋ. ਮੋਹਨ ਸਿੰਘ ਨੂੰ ਸਤਿਸ੍ਰੀ ਅਕਾਲ ਬੁਲਾਈ ਤੇ ਪੁਛਿਆ – 'ਇੱਥੇ ਕਿਸ ਤਰ੍ਹਾਂ ਖੜੇ ਹੋ? ਮੋਹਨ ਸਿੰਘ ਨੇ ਬੇਰੁਖ਼ੀ ਨਾਲ ਉਤਰ ਦਿੱਤਾ – 'ਕਿਸੇ ਬੰਦੇ ਦੀ ਉਡੀਕ ਕਰ ਰਿਹਾ ਹਾਂ।' ਤੇ ਇਹ ਕਹਿਕੇ ਅਖ਼ਬਾਰ ਪੜ੍ਹਨ ਲਗ ਪਏ। ਸ੍ਰ. ਨਾਨਕ ਸਿੰਘ ਨੇ ਝਟਪਟ ਵਿਅੰਗ ਕੀਤਾ – "ਜਦ ਤਕ ਉਹ ਨਹੀਂ ਆਉਂਦਾ, ਮੈਨੂੰ ਹੀ ਬੰਦਾ ਸਮਝ ਲਵੋ।" ਮੋਹਨ ਸਿੰਘ ਲਾਜਵਾਬ ਹੋ ਗਏ।

◆◆◆

ਪੁਰਾਣੀ ਗੱਲ ਹੈ ਪੰਜਾਬੀ ਯੂਨੀਵਰਸਟੀ, ਪਟਿਆਲਾ ਵਿਚ ਪੰਜਾਬੀ ਦੇ ਹਾਸ-ਰਸ ਦੇ ਪ੍ਰਸਿੱਧ ਲੇਖਕ ਸ੍ਰ. ਸੂਬਾ ਸਿੰਘ ਇਕ ਵਿਭਾਗ ਵਿਚ ਰੀਡਰ ਹੈੱਡ ਸਨ ਤੇ ਕਿਰਪਾਲ ਸਿੰਘ ਨਾਰੰਗ ਵਾਈਸ-ਚਾਂਸਲਰ। ਇਕ ਵਾਰੀ ਵਖ ਵਖ ਅਸਾਮੀਆਂ ਤੇ ਲੱਗੇ ਵਿਦਵਾਨਾਂ ਦੀਆਂ ਵਿਭਾਗੀ ਪ੍ਰੋਮੋਸ਼ਨਾਂ ਹੋਣੀਆਂ ਸਨ – ਇਕ ਕਮੇਟੀ ਜਿਸਦੀ ਪ੍ਰਧਾਨਗੀ ਵੀ.ਸੀ. ਕਰ ਰਹੇ ਸਨ, ਇਨ੍ਹਾਂ ਦਾ ਨਿਰਣਾ ਕਰਨ ਲਈ ਬਣੀ ਹੋਈ ਸੀ, ਜਿਸਦੇ ਸਾਹਮਣੇ ਪੇਸ਼ ਹੋਣਾ ਜ਼ਰੂਰੀ ਸੀ। ਸੂਬਾ ਸਿੰਘ ਜੋ ਕਿ ਤਜਰਬੇ, ਲਿਆਕਤ ਤੇ ਉਮਰ ਦੇ ਲਿਹਾਜ਼ ਨਾਲ ਪ੍ਰੋਫ਼ੈਸਰ ਬਣਨ ਦੇ ਹਰ ਤਰ੍ਹਾਂ ਯੋਗ ਸਨ, ਨੂੰ ਵੀ ਇਸ ਕਮੇਟੀ ਸਾਹਮਣੇ ਪੇਸ਼ ਹੋਣਾ ਪਿਆ। ਸਭ ਨੂੰ ਪੂਰੀ ਉਮੀਦ ਸੀ ਕਿ ਉਹਨ੍ਹਾਂ ਤਾਂ ਪ੍ਰੋਫ਼ੈਸਰ ਬਣ ਹੀ ਜਾਣਾ ਹੈ।

ਇੰਟਰਵੀਉ ਤੋਂ ਬਾਦ, ਇਹ ਸਮਝ ਕੇ ਕਿ ਸੂਬਾ ਸਿੰਘ ਤਾਂ ਪ੍ਰੋਫ਼ੈਸਰ ਬਣ ਹੀ ਗਏ ਹੋਣਗੇ, ਉਨ੍ਹਾਂ ਦੇ ਮਿੱਤਰ ਡਾ. ਹਰਚਰਨ ਸਿੰਘ ਉਨ੍ਹਾਂ ਨੂੰ ਮੁਬਾਰਕ ਦੇਣ ਉਨ੍ਹਾਂ ਦੇ ਦਫਤਰ ਪੁੱਜੇ ਤੇ ਜਾਂਦਿਆਂ ਹੀ ਬੋਲੇ – "ਬੱਲੇ ਬੱਲੇ ਮੁਬਾਰਕਾਂ, ਆਖ਼ਰ ਬਣਾ ਹੀ ਦਿੱਤਾ ਨਾ ਵੀ.ਸੀ. ਨੇ" – "ਹਾਂ ਬਣਾ ਦਿੱਤਾ ਪਰ ਪ੍ਰੋਫ਼ੈਸਰ ਨਹੀਂ, ਸਗੋਂ ਬੇਵਕੂਫ਼" ਸੂਬਾ ਸਿੰਘ ਨੇ ਇਕ ਕੌੜਾ ਹਾਸਾ ਹਸਦਿਆਂ ਉਤਰ ਦਿੱਤਾ।

◆◆◆

ਭਾਈ ਜੋਧ ਸਿੰਘ ਤੇ ਡਾ. ਅਤਰ ਸਿੰਘ ਇਕੱਠਿਆਂ ਇਕ ਕਾਰ ਵਿਚ ਪਟਿਆਲੇ ਤੋਂ ਚੰਡੀਗੜ੍ਹ ਜਾ ਰਹੇ ਸਨ। ਰਸਤੇ ਵਿਚ ਭਾਈ ਸਾਹਿਬ ਨੇ ਗੱਡੀ ਖੜੀ ਕਰਵਾਕੇ ਇਕ ਅਖ਼ਬਾਰ ਖ਼ਰੀਦ ਲਿਆ। ਅਤਰ ਸਿੰਘ ਨੇ ਝਟਪਟ ਆਪਣੀ ਜੇਬ ਵਿਚੋਂ ਪੈਸੇ ਕੱਢ ਕੇ ਅਖ਼ਬਾਰ ਵਾਲੇ ਨੂੰ ਫੜਾ ਦਿੱਤੇ। ਭਾਈ ਸਾਹਿਬ ਨੇ ਟੇਢੀਆਂ ਨਜ਼ਰਾਂ ਨਾਲ ਅਤਰ ਸਿੰਘ ਵਲ ਦੇਖਿਆ, ਜੇਬ ਵਿਚ ਹੱਥ ਪਾਇਆ ਤੇ ਅਖਬਾਰ ਦੀ ਅੱਧੀ ਕੀਮਤ ਦੇ ਪੈਸੇ ਉਸਦੇ ਹੱਥ ਥਮਾ ਦਿੱਤੇ। ਅਤਰ ਸਿੰਘ ਹੱਕਾ ਬੱਕਾ ਰਹਿ ਗਿਆ। ਰਸਤੇ ਵਿਚ ਦੋਵੇਂ ਅਖਬਾਰ ਪੜ੍ਹਦੇ ਰਹੇ। ਜਦ ਚੰਡੀਗੜ੍ਹ ਉਤਰ ਕੇ ਉਹ ਵਖ ਵਖ ਹੋਣ ਲੱਗੇ ਤਾਂ ਅਤਰ ਸਿੰਘ ਨੇ ਹਥ ਵਿਚ ਫੜੇ ਅਖਬਾਰ ਨੂੰ ਅੱਧ ਵਿਚੋਂ ਪਾੜਿਆ, ਤੇ ਉਸਦਾ ਇਕ ਹਿੱਸਾ ਭਾਈ ਸਾਹਿਬ ਨੂੰ ਫੜਾਂਦਿਆਂ ਕਹਿਣ ਲੱਗਾ "ਭਾਈ ਸਾਹਿਬ ਇਹ ਤੁਹਾਡੇ ਹਿੱਸੇ ਦੀ ਰੱਦੀ ਹੈ।"

◆◆◆

ਡਾ. ਮੋਹਣ ਸਿੰਘ ਦੀਵਾਨਾ ਕੋਲ ਯੂਨੀਵਰਸਿਟੀ ਦੇ ਐਮ.ਏ. ਦੇ ਪਰਚੇ ਆਏ ਹੋਏ ਸਨ। ਉਹਨਾਂ ਕੋਲ ਸਾਧਾਰਣ ਬੰਦੇ ਨੂੰ ਐਪਰੋਚ ਕਰਨ ਦੀ ਜੁਰਅਤ ਨਹੀਂ ਸੀ। ਆਪਣੇ ਸਮੇਂ ਵਿਚ ਪੰਜਾਬੀ ਦੀ ਉਚੇਰੀ ਵਿਦਿਆ ਦੇ ਉਹ 'ਮੁਗਲ-ਇ-ਆਜ਼ਮ' ਸਨ। ਸ਼ਰਾਬ... ਉਨ੍ਹਾਂ ਦੀ ਕਮਜ਼ੋਰੀ ਸੀ। ਇਕ ਜਾਣਕਾਰ ਤੇ ਕਾਫ਼ੀ ਸੀਨੀਅਰ ਪੰਜਾਬੀ ਦਾ ਪ੍ਰੋਫੈਸਰ ਉਨ੍ਹਾਂ ਕੋਲ ਨੰਬਰ ਲਵਾਣ ਲਈ ਪਹੁੰਚਿਆ, ਜੋ ਉਨ੍ਹਾਂ ਦੀ ਇਸ ਕਮਜ਼ੋਰੀ ਤੋਂ ਵਾਕਫ਼ ਸੀ। ਵਲੈਤੀ ਵਿਸਕੀ ਦੀ ਇਕ ਬੋਤਲ ਉਹਨੇ ਅਖ਼ਬਾਰ ਵਿਚ ਲਪੇਟੀ ਹੋਈ ਸੀ, ਜੋ ਉਸਨੇ ਆਉਂਦਿਆਂ ਹੀ ਮੇਜ਼ ਤੇ ਟਿਕਾ ਦਿੱਤੀ। ਡਾਕਟਰ ਸਾਹਿਬ ਨੇ ਪਹਿਲਾਂ ਅਖਬਾਰ ਵਿਚ ਲਪੇਟੀ ਬੋਤਲ ਵਲ ਤੇ ਫਿਰ ਪ੍ਰੋਫ਼ੈਸਰ ਵਲ ਤੱਕਿਆ। ਪ੍ਰੋਫ਼ੈਸਰ ਨੇ ਡਰਦੇ ਡਰਦੇ ਆਪਣੇ ਆਉਣ ਦਾ ਪ੍ਰਯੋਜਨ ਦਸਿਆ ਤੇ ਜੇਬ ਵਿਚੋਂ ਪਰਚੇ ਦੀ ਪਛਾਣ ਲਈ ਨਿਸ਼ਾਨੀਆਂ ਵਾਲਾ ਕਾਗਜ਼ ਉਨ੍ਹਾਂ ਅੱਗੇ ਕਰ ਦਿੱਤਾ। ਡਾਕਟਰ ਸਾਹਿਬ ਗੁੱਸੇ ਵਿਚ ਤਿਲਮਲਾ ਉਠੇ ਤੇ ਮਾਂ ਭੈਣ ਦੀਆਂ ਕਹਿ ਸੁਣਾਈਆਂ – 'ਦਫ਼ਾ ਹੋ ਜਾ ਇੱਥੋਂ, ਕਹਿ ਕੇ ਇਕ ਤਰ੍ਹਾਂ ਨਾਲ ਉਨ੍ਹਾਂ ਨੇ ਉਸਨੂੰ ਧੱਕੇ ਮਾਰਕੇ ਬਾਹਰ ਕਢਣਾ ਚਾਹਿਆ। ਉਹ ਵਿਚਾਰਾ ਜ਼ਲੀਲ ਹੋਕੇ ਤੁਰਨ ਲੱਗਾ ਤੇ ਮੇਜ਼ ਤੇ ਰੱਖੀ ਬੋਤਲ ਚੁਕਣ ਲਈ ਹੱਥ ਅੱਗੇ ਵਧਾਇਆ।

"ਏਸ ਮਾਂ ਨੂੰ ਕਿੱਥੇ ਲੈ ਚਲਿਐਂ" ਕਹਿਕੇ ਦੀਵਾਨਾ ਸਾਹਿਬ ਨੇ ਬੋਤਲ ਮੇਜ਼ ਤੋਂ ਚੁੱਕ ਕੇ ਹੱਥ ਵਿਚ ਫੜ ਲਈ। ◆

–ਕਰਤਾਰ ਸਿੰਘ ਸੂਰੀ

O Father ! We are your children. We are likely to waste this precious human life only in eating, drinking and merry making. Give us your blessings so that we aquire best of knowledge and follow the tenets of Vedic Dharma in letter and spirit. Please grant us such a mercy.

D.A.V. INSTITUTIONS of YAMUNA NAGAR

(Haryana)

J. N. Kapur

President

With best compliments from :

Management, Principal, Staff and Students

of

GURU NANAK KHALSA COLLEGE

(Co-educational)

YAMUNA NAGAR-135 001 (Haryana)

SALIENT FEATURES :

A multi-faculty postgraduate co-educational institution with students strength of 3500 imparting education at undergraduate and postgraduate levels in number of job oriented vocational courses like :

* B.Sc. Microbiology, Bio-Chemistry, Industrial Chemistry, Environmental Science, Computer Science, Computer Applications, Eleectronics, and Tourism & Travel Management at B.A. level and B.Sc. Sports Sciences at undergraduate level and M.A. Punjabi, M.Com., M.A. Social Work, M.A.Public Administration and M.Sc. Industrial Chemistry with specialisation in Pharmaceutical Sciences. Diploma in Physical Education, Postgraduate Diploma in Personnal Management & Labour Welfare, Diploma in Computer Science & Applications, Diploma in Secretarial Practice.
* **Overall Championship Winners of the Kurukshetra University (Both men & women) for the year 1993-94, 1995-96, 1996-97 & 1997-98** and retained permanent trophy of Kurukshetra University. A record number of 80 sportspersons of this college represented Kurushetra University in North Zone/All India Inter University/ Haryana State at National Championship in different discipline.
* Special facilities and extra coaching for all the SC/ST/BC students and other economical weaker sections.
* Girls' Hostel available for 120 girls with all the modern facilities.
* Gymnasium Hall of National standards equipped with all the modern sports gadgets.

Governing Body :

S. Bhupinder Singh Jauhar	***President***
S. Harminder Singh Bhatia	***Vice-President***
S. Jeetinder Singh Anand	***General Secretaty***
S. Balwant Singh Banga	***Financial Secretary***

DR. AMRIK SINGH
Principal
Ph. 01732-21675
27845